ਅੰਗ ੫੯੫ = ਸੋਰਠਿ ਇਕ ਰਾਗਣੀ ਹੈ, ਪਰ ਸਤਿਗੁਰੂ ਜੀ ਨੇ ਇਸ ਨੂੰ ਰਾਗ ਕਰਕੇ ਹੀ ਲਿਖਿਆ ਹੈ। ਰਾਗ ਮਾਲਾ ਵਿਚ ਇਸ ਨੂੰ ਮੇਘ ਰਾਗ ਦੀ ਰਾਗਣੀ ਦਸਿਆ ਹੈ {ਸੋਰਠਿ ਗੋਂਡ ਮਲਾਰੀ ਧੁਨੀ। ਪੁਨਿ ਗਾਵਹਿ ਆਸਾ ਗੁਨ ਗੁਨੀ। ਊਚੈ ਸੁਰਿ ਸੂਹਉ ਪੁਨਿ ਕੀਨੀ। ਮੇਘ ਰਾਗ ਸਿਉ ਪਾਂਚਉ ਚੀਨੀ। (ਅੰਗ ੧੪੩੦)}। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਦਾ ੯ ਵਾਂ ਨੰਬਰ ਹੈ ਅਤੇ ਗਾਉਣ ਦਾ ਸਮਾਂ ਰਾਤ ਦਾ ਦੂਜਾ ਪਹਿਰ (ਅੱਧੀ ਰਾਤ)। ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ ॥....ਸੋਰਠਿ ਤਾਮਿ ਸੁਹਾਵਣੀ ਜਾ ਹਰਿ ਨਾਮੁ ਢੰਢੋਲੇ ॥(ਅੰਗ ੬੪੨)। ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ ॥(ਅੰਗ ੧੪੨੫)

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਸੋਰਠਿ ਮਹਲਾ ੧ ਘਰੁ ੧ ਚਉਪਦੇ ॥ ਸਭਨਾ ਮਰਣਾ ਆਇਆ, ਵੇਛੋੜਾ ਸਭਨਾਹ ॥ ਪੁਛਹੁ ਜਾਇ ਸਿਆਣਿਆ, ਆਗੈ ਮਿਲਣੁ ਕਿਨਾਹ ॥ ਜਿਨ ਮੇਰਾ ਸਾਹਿਬੁ ਵੀਸਰੈ, ਵਡੜੀ ਵੇਦਨ ਤਿਨਾਹ ॥੧॥ ਭੀ ਸਾਲਾਹਿਹੁ ਸਾਚਾ ਸੋਇ ॥ ਜਾ ਕੀ ਨਦਰਿ ਸਦਾ ਸੁਖੁ ਹੋਇ ॥ਰਹਾਉ॥ ਵਡਾ ਕਰਿ ਸਾਲਾਹਣਾ, ਹੈ ਭੀ ਹੋਸੀ ਸੋਇ ॥ ਸਭਨਾ ਦਾਤਾ ਏਕੁ ਤੂ ,ਮਾਣਸ ਦਾਤਿ ਨ ਹੋਇ ॥ ਜੋ ਤਿਸੁ ਭਾਵੈ ਸੋ ਥੀਐ, ਰੰਨ ਕਿ ਰੁੰਨੈ ਹੋਇ ॥੨॥ ਧਰਤੀ ਉਪਰਿ ਕੋਟ ਗੜ, ਕੇਤੀ ਗਈ ਵਜਾਇ ॥ ਜੋ ਅਸਮਾਨਿ ਨ ਮਾਵਨੀ, ਤਿਨ ਨਕਿ ਨਥਾ ਪਾਇ ॥ ਜੇ ਮਨ ਜਾਣਹਿ ਸੂਲੀਆ, ਕਾਹੇ ਮਿਠਾ ਖਾਹਿ ॥੩॥ ਨਾਨਕ ਅਉਗੁਣ ਜੇਤੜੇ, ਤੇਤੇ ਗਲੀ ਜੰਜੀਰ ॥ ਜੇ ਗੁਣ ਹੋਨਿ ਤ ਕਟੀਅਨਿ, ਸੇ ਭਾਈ ਸੇ ਵੀਰ ॥ ਅਗੈ ਗਏ ਨ ਮੰਨੀਅਨਿ, ਮਾਰਿ ਕਢਹੁ ਵੇਪੀਰ ॥੪॥੧॥ (ਹੇ ਭਾਈ!) ਸਭਨਾਂ ਜੀਵਾਂ ਨੂੰ ਮਰਨਾ ਪੇਸ਼ ਆਉਂਦਾ ਹੈ; (ਜੋ ਵੀ ਜੀਵ ਜਗਤ ਵਿਚ ਜਨਮ ਲੈ ਕੇ) ਆਇਆ ਹੈ, ਸਭ ਨੇ ਮਰਨਾ (ਜਰੂਰ) ਹੈ ਅਤੇ ਸਭਨਾਂ ਦਾ (ਅਪਣੇ ਸਬੰਧੀਆਂ ਤੋਂ) ਵੇਛੋੜਾ ਹੁੰਦਾ ਹੈ। ਸਿਆਣੇ ਪੁਰਖਾਂ ਨੂੰ ਜਾ ਕੇ ਪੁੱਛੋ ਕਿ ਅੱਗੇ ਪ੍ਰਲੋਕ ਵਿਚ ਜਾ ਕੇ ਕਿਨ੍ਹਾਂ ਮਨੁੱਖਾਂ ਦਾ (ਹਰੀ ਨਾਲ) ਮੇਲ ਹੋਵੇਗਾ? (ਸਿਆਣੇ ਪੁਰਖਾਂ ਤੋਂ ਉਤਰ ਮਿਲਦਾ ਹੈ ਕਿ) ਜਿਨ੍ਹਾਂ ਮਨੁੱਖਾਂ ਨੂੰ (ਜਿਉਂਦਿਆਂ) ਮੇਰਾ ਮਾਲਕ ਪ੍ਰਭੂ ਭੁੱਲ ਜਾਂਦਾ ਹੈ, ਉਨ੍ਹਾਂ ਨੂੰ (ਰੱਬ ਦੇ ਵਿਛੋੜੇ ਕਰਕੇ) ਵੱਡੀ ਪੀੜਾ ਹੋਵੇਗੀ।੧।(ਹੇ ਭਾਈ!) ਸੱਚੇ ਪ੍ਰਭੂ ਦੀ ਮੁੜ ਮੁੜ ਸਿਫਤ ਸਲਾਹ ਕਰਦੇ ਰਿਹਾ ਕਰੋ। ਜਿਸ ਦੀ ਮੇਹਰ ਦੀ ਨਜਰ ਨਾਲ ਸਦੀਵੀ ਸੁਖ ਪ੍ਰਾਪਤ ਹੁੰਦਾ ਹੈ। ਰਹਾਉ।(ਪ੍ਰਭੂ ਨੂੰ) ਵੱਡਾ ਜਾਣ ਕਰਕੇ ਸਲਾਹੁਣਾ ਚਾਹੀਦਾ ਹੈ, ਉਹ ਪ੍ਰਭੂ ਹੁਣ ਵੀ ਮੌਜੂਦ ਹੈ ਤੇ ਅੱਗੇ ਭਵਿਖ ਵਿਚ ਵੀ ਸਦਾ ਕਾਇਮ ਹੋਵੇਗਾ। ਹੇ ਪ੍ਰਭੂ! ਇਕ ਤੂੰ ਹੀ ਸਾਰੇ ਜੀਵਾਂ ਦਾ ਦਾਤਾ ਹੈਂ, ਕਿਸੇ ਮਨੁੱਖ ਪਾਸ ਦਾਤ ਨਹੀਂ ਹੁੰਦੀ (ਮਨੁੱਖ ਜੇ ਕਿਸੇ ਨੂੰ ਕੁਛ ਦਿੰਦਾ ਹੈ, ਉਹ ਤੇਰਾ ਦਿਤਾ ਹੀ ਦਿੰਦਾ ਹੈ। ਹੇ ਭਾਈ!) ਜੋ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ, ਉਹੋ ਹੁੰਦਾ ਹੈ, (ਕੋਈ ਦੁਖ ਆਉਣ ਤੇ) ਰੰਨਾਂ ਵਾਂਗ ਰੋਣ ਨਾਲ ਕੀ ਹੁੰਦਾ ਹੈ? (ਕੋਈ ਲਾਭ ਨਹੀਂ ਹੁੰਦਾ, ਰੋਣ ਨਾਲ ਰੱਬ ਦਾ ਭਾਣਾ ਨਹੀਂ ਟਲਦਾ)।੨। ਧਰਤੀ ਉਤੇ ਕੱਚੇ ਪੱਕੇ ਕਿਲੇ ਬਣਾ ਕੇ ਕਿੰਨੀ ਹੀ (ਦੁਨੀਆਂ ਅਪਣੀ ਹਕੂਮਤ ਦੀ ਤਾਕਤ ਦਾ ਢੋਲ) ਵਜਾ ਕੇ ਚਲੇ ਗਈ ਹੈ। ਜੋ ਲੋਕ ਹੰਕਾਰ ਨਾਲ ਉਚੇ ਹੋ ਕੇ ਅਸਮਾਨ ਤਕ ਨਹੀਂ ਸਨ ਸਮਾਉਂਦੇ (ਸਵੱਰਗ ਨੂੰ ਤੁੱਛ ਸਮਝਦੇ ਸਨ ਭਾਵ ਅਪਣੇ ਆਪ ਨੂੰ ਬਹੁਤ ਵੱਡਾ ਸਮਝਦੇ ਸਨ, ਮੌਤ ਨੇ) ਉਨ੍ਹਾਂ ਦੇ ਨੱਕ ਵਿਚ ਵੀ ਨੱਥਾਂ ਪਾ ਕੇ ਕਾਬੂ ਕਰ ਲਿਆ। ਹੇ ਮਨ! ਜੇ ਤੂੰ ਜਾਣਦਾ ਹੋਵੇਂ ਕਿ (ਪਾਪਾਂ ਦੇ ਫਲ ਦਾ ਦੁਖ) ਸੂਲੀਆਂ ਤੇ ਚੜ੍ਹਨ ਵਰਗਾ ਹੈ ਤਾਂ ਮਿੱਠਾ ਕਿਉਂ ਖਾਵੇਂ? (ਵਿਸ਼ਿਆਂ ਨੂੰ ਮਿੱਠਾ ਸਮਝ ਕੇ ਕਿਉਂ ਭੋਗੇਂ?)।੩। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਜਿਤਨੇ ਵੀ (ਮਨੁੱਖ ਦੇ ਅੰਦਰ) ਅਉਗਣ ਹਨ, ਉਤਨੇ ਹੀ (ਇਸਦੇ ਗਲ ਵਿਚ) ਸੰਗਲ ਪਏ ਹੋਏ ਸਮਝੋ। ਜੇ (ਮਨੁੱਖ ਦੇ ਅੰਦਰ) ਗੁਣ ਪੈਦਾ ਹੋ ਜਾਣ, ਤਾਂ (ਇਹ ਸੰਗਲ) ਕੱਟੇ ਜਾਂਦੇ ਹਨ, ਉਹ (ਗੁਣ ਹੀ ਅਸਲ ਵਿਚ ਮਨੁੱਖ ਦੇ) ਭਰਾ ਤੇ ਉਹ ਮਿਤ੍ਰ ਹਨ (ਜੋ ਅਉਗਣ ਕੱਟਣ ਵਿਚ ਸਹਾਈ ਹੁੰਦੇ ਹਨ। ਪਰ) ਅੱਗੇ ਰੱਬ ਦੀ ਹਜੂਰੀ ਵਿਚ ਨਿਗੁਰੇ ਮਨੁੱਖ ਗਏ ਮੰਨੇ ਨਹੀਂ ਜਾਂਦੇ (ਆਦਰ ਨਹੀਂ ਪਾਉਂਦੇ ਤੇ ਹੁਕਮ ਹੁੰਦਾ ਹੈ ਕਿ ਇਨ੍ਹਾਂ ਨੂੰ ਇਥੋਂ) ਮਾਰ ਕੇ ਬਾਹਰ ਕੱਢ ਦਿਓ।੪।੧।

ਪਦਾਰਥ = ਚਉਪਦੇ–ਚਾਰ ਪਦਿਆਂ ਵਾਲੇ ਸ਼ਬਦ। ਸਭਨਾਹ–ਸਾਰਿਆਂ ਨੂੰ। ਆਗੈ–ਪ੍ਰਭੂ ਦੀ ਹਜੂਰੀ ਵਿਚ। ਕਿਨਾਹ–ਕਿਨ੍ਹਾਂ ਨੂੰ; ਕਿ ਨਹੀਂ ਹੋਵੇਗਾ। ਜਿਨ–ਜਿਨ੍ਹਾਂ ਨੂੰ। ਵੀਸਰੈ–ਭੁੱਲ ਜਾਂਦਾ ਹੈ। ਵੇਦਨ–ਪੀੜਾ (ਮਾਨਸਕ ਦੁਖ)। ਤਿਨਾਹ–ਉਨ੍ਹਾਂ ਨੂੰ।੧। ਭੀ–ਮੁੜ ਮੁੜ। ਸਾਚਾ ਸੋਇ–ਉਸ ਸੱਚੇ ਪ੍ਰਭੂ ਦੀ। ਜਾ ਕੀ–ਜਿਸ ਦੀ। ਨਦਰਿ–ਮੇਹਰ ਦੀ ਨਜਰ ਨਾਲ। ਰਹਾਉ। ਵਡਾ ਕਰਿ–ਵੱਡਾ ਜਾਣ ਕਰਕੇ। ਹੈ ਭੀ ਹੁਣ ਵੀ ਮੌਜੂਦ ਹੈ। ਹੋਸੀ ਸੋਇ–ਉਹ ਅੱਗੇ ਭਵਿੱਖ ਵਿਚ ਵੀ ਸਦਾ ਕਾਇਮ ਹੋਵੇਗਾ। ਮਾਣਸ–ਮਨੁੱਖਾਂ ਪਾਸ। ਭਾਵੈ–ਚੰਗਾ ਲਗਦਾ ਹੈ। ਸੋ ਥੀਐ–ਉਹ ਹੁੰਦਾ ਹੈ। ਰੰਨ–ਰੰਨਾਂ (ਇਸਤ੍ਰੀਆਂ)। ਰੁੰਨੈ–ਰੋਣ ਨਾਲ। ਕਿ ਹੋਇ–ਕੀ (ਲਾਭ) ਹੁੰਦਾ ਹੈ?।੨। ਕੋਟ ਗੜ–ਕੱਚੇ ਕਿਲ੍ਹੇ ਤੇ ਪੱਕੇ ਕਿਲ੍ਹੇ। ਕੇਤੀ–ਕਿਤਨੀ ਦੁਨੀਆਂ। ਵਜਾਇ–(ਹਕੂਮਤ ਦੀ ਤਾਕਤ ਦਾ) ਢੋਲ ਵਜਾ ਕੇ। ਅਸਮਾਨਿ–ਅਸਮਾਨ ਤਕ। ਨ ਮਾਵਨੀ–ਨਹੀਂ ਸਨ ਸਮਾਉਂਦੇ। ਤਿਨ–ਉਨ੍ਹਾਂ ਦੇ। ਨਕਿ–ਨੱਕ ਵਿਚ। ਨਥਾ ਪਾਇ–ਨੱਥਾਂ ਪਾ ਕੇ ਕਾਬੂ ਕਰ ਲਿਆ। ਸੂਲੀਆ–ਦੁੱਖ।

ਕਾਹੇ–ਕਿਉਂ। ਮਿਠਾ ਖਾਹਿ–ਵਿਸ਼ਿਆਂ ਨੂੰ ਮਿੱਠਾ ਜਾਣ ਕੇ ਭੋਗੇਂ।੩।ਅਉਗਣ–ਪਾਪ; ਵਿਕਾਰ।ਜੇਤੜੇ–ਜਿਤਨੇ ਵੀ।ਤੇਤੇ–ਉਤਨੇ (ਸਾਰੇ) ਹੀ।ਗਲੀ–ਗਲ ਵਿਚ।ਜੰਜੀਰ–ਫਾਹੀ; ਸੰਗਲ।ਤ–ਤਾਂ; ਤਦ।ਕਟੀਅਨਿ–ਕੱਟੇ ਜਾਂਦੇ ਹਨ।ਸੇ–ਉਹ।ਭਾਈ–ਭਰਾ।ਵੀਰ–ਮਿਤ੍ਰ।ਅੱਗੈ–ਰੱਬ ਦੀ ਹਜੂਰੀ ਵਿਚ।ਨ ਮੰਨੀਅਨਿ–ਮੰਨੇ ਨਹੀਂ ਜਾਂਦੇ (ਆਦਰ ਨਹੀਂ ਮਿਲਦਾ)।ਵੇਪੀਰ–ਮੁਰਸ਼ਦ ਹੀਣ (ਨਿਗੁਰੇ)।੪।੧।

ਉਥਾਨਕਾ = ਮਾਇਆ ਕਮਾਉਣ ਵਾਸਤੇ ਦੁਨੀਆਂ ਵਿਚ ਆਮ ਤੌਰ ਤੇ ਚਾਰ ਕਿਸਮ ਦੇ ਕਿੱਤੇ ਹਨ।ਗੁਰੂ ਜੀ ਨੇ ਇਨ੍ਹਾਂ ਕਿੱਤਿਆਂ ਰਾਹੀਂ ਗ੍ਰਿਸਤ ਵਿਚ ਰਹਿ ਕੇ ਕੰਮ ਕਾਜ ਕਰਦੇ ਅੰਤ੍ਰੀਵ ਜੀਵਨ ਸੁਆਰਨ ਦੀ ਜਾਚ ਦੱਸੀ ਹੈ, ਜਿਸ ਨਾਲ ਮਨੁੱਖ ਦੀ ਕਲਿਆਣ ਹੋਵੇ ।ਇਸ ਸ਼ਬਦ ਵਿਚ ਸੰਸਾਰੀ ਕੰਮ ਕਾਜ ਛਡ ਕੇ ਬਨਵਾਸੀ ਹੋ ਜਾਣ ਜਾਂ ਪਹਾੜਾਂ ਦੀਆਂ ਕੰਦਰਾਂ ਵਿਚ ਬੈਠ ਕੇ ਤਪ ਕਰਨ ਦਾ ਉਪਦੇਸ਼ ਨਹੀਂ ਹੈ।ਰਹਾਉ ਵਾਲੀ ਤੁਕ ਤੋਂ ਜਾਣਿਆ ਜਾ ਸਕਦਾ ਹੈ ਕਿ ਸਤਿਗੁਰੂ ਜੀ ਮਾਇਆ ਦੇ ਮੋਹ ਵਿਚ ਪੈ ਕੇ ਵਿਸ਼ਿਆਂ ਵਿਚ ਗਲਤਾਨ ਹੋਣ ਤੋਂ ਵਰਜ ਰਹੇ ਹਨ।ਜੀਵਨ ਨਿਰਬਾਹ ਲਈ ਕੋਈ ਨਾ ਕੋਈ ਕਿੱਤਾ ਤਾਂ ਹਰੇਕ ਮਨੁੱਖ ਨੇ ਕਰਨਾ ਹੀ ਹੈ।ਪਰ ਕੋਈ ਵੀ ਕਿੱਤਾ ਰੱਬ ਦੇ ਭੈ ਵਿਚ ਰਹਿ ਕੇ ਇਮਾਨਦਾਰੀ ਨਾਲ ਨਾਮ ਸਿਮਰਨ ਕਰਦਿਆਂ ਕਰਨਾ ਚਾਹੀਦਾ ਹੈ।ਮਾਇਆ ਜੀਵਾਤਮਾ ਦੇ ਨਾਲ ਨਹੀਂ ਜਾਂਦੀ, ਨਾਲ ਜਾਂਦਾ ਹੈ ਸੱਚਾ ਨਾਮ ਤੇ ਦੈਵੀ ਗੁਣਾਂ ਵਾਲਾ ਸਦਾਚਾਰੀ ਜੀਵਨ।ਸਾਖੀਕਾਰਾਂ ਅਨੁਸਾਰ ਗੁਰੂ ਜੀ ਕਿਸੇ ਉਦਾਸੀ ਤੋਂ ਜਦ ਵਾਪਸ ਆਏ ਤਾਂ ਪਿਤਾ ਕਾਲੂ ਜੀ ਨੇ ਗੁਰੂ ਜੀ ਨੂੰ ਕੋਈ ਸੰਸਾਰੀ ਕੰਮ ਕਾਜ ਕਰਨ ਲਈ ਪ੍ਰੇਰਿਆ।ਉਸ ਵੇਲੇ ਗੁਰੂ ਜੀ ਇਹ ਸ਼ਬਦ ਉਚਾਰਿਆ, ਅਪਣੇ ਮਨ ਨੂੰ ਸੰਬੋਧਨ ਕਰਕੇ ਸਰਬ ਲੋਕਾਈ ਨੂੰ ਰੁਹਾਨੀ ਜੀਵਨ ਬਤੀਤ ਕਰਨ ਦਾ ਉਪਦੇਸ਼ ਦਿਤਾ।

ਸੋਰਠਿ ਮਹਲਾ ੧ ਘਰੁ ੧ ॥ ਮਨੁ ਹਾਲੀ ਕਿਰਸਾਣੀ ਕਰਣੀ, ਸਰਮੁ ਪਾਣੀ ਤਨੁ ਖੇਤੁ ॥ ਨਾਮੁ ਬੀਜੁ ਸੰਤੋਖੁ ਸੁਹਾਗਾ, ਰਖੁ ਗਰੀਬੀ ਵੇਸੁ ॥ ਭਾਉ ਕਰਮ ਕਰਿ ਜੰਮਸੀ, ਸੇ ਘਰ ਭਾਗਠ ਦੇਖੁ ॥੧॥ ਬਾਬਾ ਮਾਇਆ ਸਾਥਿ ਨ ਹੋਇ ॥ ਇਨਿ ਮਾਇਆ ਜਗੁ ਮੋਹਿਆ, ਵਿਰਲਾ ਬੂਝੈ ਕੋਇ ॥ਰਹਾਉ॥ ਹਾਣੁ ਹਟੁ ਕਰਿ ਆਰਜਾ, ਸਚੁ ਨਾਮੁ ਕਰਿ ਵਥੁ ॥ ਸੁਰਤਿ ਸੋਚ ਕਰਿ ਭਾਂਡਸਾਲ, ਤਿਸੁ ਵਿਚਿ ਤਿਸਨੋ ਰਖੁ ॥ ਵਣਜਾਰਿਆ ਸਿਉ ਵਣਜੁ ਕਰਿ, ਲੈ ਲਾਹਾ ਮਨ ਹਸੁ ॥੨॥ ਸੁਣਿ ਸਾਸਤ ਸਉਦਾਗਰੀ, ਸਤੁ ਘੋੜੇ ਲੈ ਚਲੁ ॥ ਖਰਚੁ ਬੰਨੁ ਚੰਗਿਆਈਆ, ਮਤੁ ਮਨ ਜਾਣਹਿ ਕਲੁ ॥ ਨਿਰੰਕਾਰ ਕੈ ਦੇਸਿ ਜਾਹਿ, ਤਾ ਸੁਖਿ ਲਹਹਿ ਮਹਲੁ ॥੩॥ (ਹੇ ਭਾਈ!) ਖੇਤੀ ਬਾੜੀ ਦਾ ਕੰਮ ਕਰਨ ਲਈ ਮਨ ਨੂੰ ਹਾਲੀ, ਉਦਮ ਨੂੰ ਪਾਣੀ ਅਤੇ ਸਰੀਰ ਨੂੰ ਖੇਤ ਬਣਾ।(ਸਰੀਰ ਰੂਪ ਖੇਤ ਵਿਚ) ਨਾਮ ਰੂਪ ਬੀਜ ਪਾ, ਸੰਤੋਖ (ਲਾਭ ਹਾਣ ਵਿਚ ਸੰਤੁਸ਼ਟ ਰਹਿਣ) ਰੂਪ ਸੁਹਾਗਾ ਲਗਾ ਅਤੇ ਗਰੀਬੀ ਵੇਸ (ਕਿਸਾਨਾਂ ਵਾਂਗ ਸਾਦਾ ਲਿਬਾਸ) ਰੱਖ।ਪ੍ਰੇਮ ਰੂਪ ਕੰਮ ਕਰਨ ਨਾਲ (ਇਹ ਬੀਜ) ਉਗੇਗਾ, (ਤੂੰ ਇਸ ਤਰ੍ਹਾਂ ਦੀ ਖੇਤੀ ਕਰਨ ਵਾਲੇ ਕਿਸਾਨਾਂ ਦੇ) ਘਰ ਭਾਗਾਂ ਵਾਲੇ ਦੇਖ ਲੈ।੧।ਹੇ ਭਾਈ! (ਅੰਤ ਸਮੇਂ) ਮਾਇਆ ਜੀਵ ਦੇ ਨਾਲ ਨਹੀਂ ਜਾਂਦੀ ਹੁੰਦੀ।ਇਸ ਮਾਇਆ ਨੇ ਜਗਤ ਨੂੰ ਮੋਹਿਆ ਹੋਇਆ ਹੈ, (ਪਰ ਇਸ ਗੱਲ ਨੂੰ) ਕੋਈ ਵਿਰਲਾ ਮਨੁੱਖ ਸਮਝਦਾ ਹੈ।ਰਹਾਉ।ਨਿਤ ਘਟ ਰਹੀ ਉਮਰ ਨੂੰ ਹੱਟੀ ਬਣਾ, ਸੱਚੇ ਨਾਮ ਨੂੰ ਸੌਦਾ ਜਾਣ ਕਰਕੇ (ਇਸ ਹੱਟੀ ਵਿਚ) ਪਾ ਲੈ।ਅਪਣੀ ਸੁਰਤ ਤੇ ਵਿਚਾਰ ਨੂੰ ਸੌਦਾ ਰੱਖਣ ਵਾਲਾ ਮਾਲਗੁਦਾਮ ਬਣਾ, ਉਸ (ਭਾਂਡੇ ਵਿਚ) ਉਸ (ਨਾਮ ਦੀ ਵਸਤੂ) ਨੂੰ ਰੱਖ।ਵਪਾਰੀਆਂ (ਗੁਰਮੁਖਾਂ) ਨਾਲ ਵਪਾਰ ਕਰ, (ਇਉਂ ਵਪਾਰ ਵਿਚ) ਨਫਾ ਲੈ ਕੇ ਮਨ ਦੀ ਖੁਸ਼ੀ ਪ੍ਰਾਪਤ ਕਰ ਲੈ।੨।(ਰੱਬੀ ਗਿਆਨ ਹਾਸਲ ਕਰਨ ਲਈ) ਧਰਮ ਗ੍ਰੰਥਾਂ ਦਾ ਉਪਦੇਸ਼ ਸੁਣਿਆ ਕਰ, (ਇਸ ਤਰ੍ਹਾਂ ਦੀ) ਸੌਦਾਗਰੀ ਕਰ ਅਤੇ ਸਤ ਸੰਤੋਖ ਆਦਿ ਗੁਣ ਰੂਪ ਘੋੜੇ ਲੈ ਕੇ ਚੱਲ।(ਜੀਵਨ ਸਫਰ ਦੇ ਰਸਤੇ ਵਿਚ) ਚੰਗਿਆਈਆਂ ਦਾ ਖਰਚ ਪੱਲੇ ਬੰਨ੍ਹ ਕੇ ਤੁਰ, ਮਨ ਵਿਚ (ਇਹ) ਨਾ ਸਮਝ ਕਿ ਇਹ ਕੰਮ ਕਲ੍ਹ ਨੂੰ ਕਰ ਲਵਾਂਗਾ (ਉਦਮ ਕਰ, ਕਲ੍ਹ ਤੇ ਕੰਮ ਨਾ ਛਡ, ਕੀ ਪਤਾ ਕਲ੍ਹ ਆਵੇ ਕਿ ਨਾ ਆਵੇ? ਇਸ ਤਰ੍ਹਾਂ ਦੇ ਕਰਮ ਕਰਨ ਨਾਲ ਤੂੰ) ਨਿਰੰਕਾਰ ਦੇ ਦੇਸ਼ ਵਿਚ ਚਲੇ ਜਾਂਵੇਂਗਾ, ਤਦ (ਤੈਨੂੰ) ਸੁਖ ਵਿਚ ਨਿਵਾਸ ਪ੍ਰਾਪਤ ਹੋ ਜਾਏਗਾ।੩।

ਅੰਗ ੫੯੬ = ਲਾਇ ਚਿਤੁ ਕਰਿ ਚਾਕਰੀ, ਮੰਨਿ ਨਾਮੁ ਕਰਿ ਕੰਮੁ ॥ ਬੰਨੁ ਬਦੀਆ ਕਰਿ ਧਾਵਣੀ, ਤਾ ਕੋ ਆਖੈ ਧੰਨੁ ॥ ਨਾਨਕ ਵੇਖੈ ਨਦਰਿ ਕਰਿ, ਚੜੈ ਚਵਗਣ ਵੰਨੁ ॥੪॥੨॥ (ਹੇ ਭਾਈ! ਜੇ ਤੂੰ ਨੌਕਰੀ ਕਰਨੀ ਹੈ ਤਾਂ) ਚਿਤ ਲਾ ਕੇ (ਪ੍ਰਭੂ ਦੀ) ਨੌਕਰੀ ਕਰ ਤੇ (ਪ੍ਰਭੂ ਦੇ) ਨਾਮ ਨੂੰ ਮੰਨ ਕੇ (ਇਹ) ਕੰਮ ਕਰ।(ਨੌਕਰੀ ਵਿਚ ਦੌੜ ਭੱਜ ਕਰਨੀ ਪੈਂਦੀ ਹੈ) ਬਦੀਆਂ ਦੀ ਰੋਕਥਾਮ ਰੂਪ ਦੌੜ ਭੱਜ ਕਰ (ਉਦਮ ਕਰ), ਤਦ ਸਭ ਕੋਈ (ਤੈਨੂੰ) ਧੰਨ ਆਖੇਗਾ।ਨਾਨਕ ਗੁਰੂ ਜੀ ਆਖਦੇ ਹਨ (ਕਿ ਇਸ ਤਰ੍ਹਾਂ ਦੀ ਨੌਕਰੀ ਕਰਨ ਨਾਲ ਹਰੀ ਤੇਰੇ ਵੱਲ) ਮੇਹਰ ਦੀ ਨਜਰ ਕਰਕੇ ਦੇਖੇਗਾ ਅਤੇ (ਤੇਰੇ ਚੇਹਰੇ ਉਤੇ) ਚਉਗੁਣਾਂ ਰੰਗ ਚੜ੍ਹ ਜਾਵੇਗਾ।੪।੨।

ਪਦਾਰਥ = ਹਾਲੀ–ਹਲ ਵਾਹੁਣ ਵਾਲਾ। ਕਿਰਸਾਣੀ–ਖੇਤੀ ਬਾੜੀ ਕਰਨ ਵਾਲਾ ਮਨੁੱਖ। ਕਰਣੀ–ਕੰਮ; ਸ਼ੁੱਭ ਕਰਮ। ਸਰਮ–ਲੱਜਿਆ; ਉਦਮ; ਮੇਹਨਤ। ਤਨੁ–ਸਰੀਰ ਨੂੰ। ਰਖੁ–ਰਾਖਾ (ਖੇਤ ਦੀ ਰੱਖਿਆ ਲਈ ਕੀਤੀ ਵਾੜ ਜਾਂ ਰਾਖੀ ਕਰਨ ਵਾਲਾ ਰਾਖਾ)। ਗਰੀਬੀ ਵੇਸੁ–ਨਿਮ੍ਰਤਾ ਵਾਲਾ ਪਹਿਰਾਵਾ। ਭਾਉ–ਪ੍ਰੇਮ। ਕਰਮ–ਰੱਬੀ ਮੇਹਰ; ਕੰਮ। ਜੰਮਸੀ–ਉਗ ਪਵੇਗਾ। ਸੇ ਘਰ–ਉਹ ਘਰ। ਭਾਗਠ–ਭਾਗਾਂ ਵਾਲੇ; ਧਨਵਾਨ।੧। ਬਾਬਾ–ਹੇ ਭਾਈ!; ਹੇ ਸਤਿਕਾਰ ਯੋਗ ਮਨੁੱਖ!। ਇਨਿ–ਇਸ ਨੇ। ਮੋਹਿਆ–ਵਸ ਵਿਚ ਕਰ ਲਿਆ ਹੈ। ਬੂਝੈ–ਸਮਝਦਾ ਹੈ। ਰਹਾਉ। ਹਾਣੁ–ਘਟ (ਨਾਸ਼) ਹੋ ਰਹੀ। ਆਰਜਾ–ਉਮਰ। ਵਥੁ–ਸੌਦਾ। ਸੁਰਤਿ–ਧਿਆਨ। ਸੋਚ–ਵਿਚਾਰ। ਭਾਂਡਸਾਲ–ਸੌਦੇ ਰਖਣ ਵਾਲੀ ਜਗ੍ਹਾ (ਸਟੋਰ)। ਤਿਸ ਨੋ–ਉਸ ਨੂੰ। ਸਿਉ–ਨਾਲ। ਵਣਜੁ–ਵਪਾਰ। ਲਾਹਾ–ਲਾਭ। ਹਸੁ–ਖੁਸ਼ੀ।੨। ਸਾਸਤ–ਧਰਮ ਗ੍ਰੰਥਾਂ (ਦਾ ਉਪਦੇਸ਼)। ਸਉਦਾਗਰੀ–ਘੋੜਿਆਂ ਦਾ ਵਪਾਰ। ਸਤੁ ਘੋੜੇ–ਸਤ ਸੰਤੋਖ ਆਦਿ ਦੈਵੀ ਗੁਣ ਰੂਪ ਘੋੜੇ। ਚਲੁ–ਤੁਰ। ਮਤੁ ਜਾਣਹਿ–ਮੱਤਾਂ ਜਾਣ; ਨਾ ਸਮਝ। ਕਲੁ–ਕਲ੍ਹ ਨੂੰ। ਲਹਹਿ ਮਹਲੁ–ਨਿਵਾਸ ਪ੍ਰਾਪਤ ਹੋ ਜਾਏਗਾ।੩। ਲਾਇ ਚਿਤੁ–ਚਿਤ ਲਾ ਕੇ (ਪੂਰੀ ਲਗਨ ਨਾਲ)। ਚਾਕਰੀ–ਨੌਕਰੀ। ਮੰਨਿ–ਮੰਨ (ਧਾਰਣ ਕਰ) ਕੇ। ਬੰਨੁ–ਰੋਕ ਥਾਮ। ਬਦੀਆ–ਬੁਰੇ ਕੰਮ। ਧਾਵਣੀ–ਦੌੜ ਭੱਜ। ਤਾ ਕੋ–ਤਾਂ ਸਭ ਕੋਈ। ਨਦਰਿ ਕਰਿ–ਮੇਹਰ ਦੀ ਨਜਰ ਕਰਕੇ। ਚਵਗਣਿ–ਚਉਗਣਾ। ਵੰਨੁ–ਰੰਗ (ਪਰਮ ਅਨੰਦ; ਚੇਹਰੇ ਦੀ ਖਿੜਾਵਟ)।੪।੨।

ਕੁਝ ਹੋਰ ਅਰਥ = (ਬੁਰੇ ਕੰਮਾਂ ਤੋਂ ਸ਼ਰਮ ਕਰਨੀ, ਸ਼ਰਮ ਵਿਚ ਪਾਣੀ ਪਾਣੀ ਹੋ ਜਾਣਾ, ਇਹ) ਪਾਣੀ ਦੇਹ, ਗਰੀਬੀ ਵਾਲਾ ਵੇਸ (ਖੇਤ ਦਾ) ਰਾਖਾ ਬਣਾ (ਮਿੱਟੀ ਵਿਚ ਕੰਮ ਕਰਦੇ ਕਰਕੇ ਕਿਸਾਨ ਸਿੱਧ ਪੱਧਰੇ ਤੇ ਠਾਠ ਬਾਠ ਦੇ ਪਹਿਰਾਵੇ ਵਾਲੇ ਨਹੀਂ ਹੁੰਦੇ ਭਾਵ ਨਿੰਮ੍ਰੀ ਸੁਭਾਵ ਤੋਂ ਹੈ। ਤੇਰੇ) ਪ੍ਰੇਮ (ਕਿਸਾਨ ਲੋਕ ਪ੍ਰੇਮ ਨਾਲ ਅਪਣੀ ਫਸਲ ਪਾਲਦੇ ਹਨ) ਤੇ ਰੱਬੀ ਮੇਹਰ ਨਾਲ ਬੀਜ ਉਗ ਪਵੇਗਾ, ਉਹ ਘਰ ਧਨਵਾਨ ਹਨ।੧। ਮਾਇਆ ਦੇ ਛਲ ਨੂੰ ਵਿਰਲਾ ਸਮਝਦਾ ਹੈ। ਰਹਾਉ। ਹੱਟੀ ਵਿਚੋਂ ਰੋਜ ਸੌਦਾ ਵੇਚੀਦਾ ਹੈ, ਜੋ ਘਟ ਜਾਂਦਾ ਹੈ, ਇਵੇਂ ਉਮਰ ਰੋਜ ਘਟਦੀ ਰਹਿੰਦੀ ਹੈ। ਸੁਰਤ ਤੇ ਸੋਚ ਨੇ ਸ਼ੁੱਭ ਗੁਣ ਕੱਠੇ ਕਰਨੇ ਹਨ, ਇਸ ਕਰਕੇ ਸੁਰਤ ਤੇ ਸੋਚ ਨੂੰ ਭਾਂਡਸਾਲ ਕਿਹਾ ਹੈ।੨। ਬਾਕੀ ਅਰਥ ਉਪਰ ਵਾਲੇ ਹੀ ਹਨ।

ਸੋਰਠਿ ਮਃ ੧ ਚਉਤੁਕੇ ॥ ਮਾਇ ਬਾਪ ਕੋ ਬੇਟਾ ਨੀਕਾ, ਸਸੁਰੈ ਚਤੁਰੁ ਜਵਾਈ ॥ ਬਾਲ ਕੰਨਿਆ ਕੌ ਬਾਪੁ ਪਿਆਰਾ, ਭਾਈ ਕੌ ਅਤਿ ਭਾਈ ॥ ਹੁਕਮੁ ਭਇਆ ਬਾਹਰੁ ਘਰੁ ਛੋਡਿਆ, ਖਿਨ ਮਹਿ ਭਈ ਪਰਾਈ ॥ ਨਾਮੁ ਦਾਨੁ ਇਸਨਾਨੁ ਨ ਮਨਮੁਖਿ, ਤਿਤੁ ਤਨਿ ਧੂੜਿ ਧੁਮਾਈ ॥੧॥ ਮਨੁ ਮਾਨਿਆ ਨਾਮੁ ਸਖਾਈ ॥ ਪਾਇ ਪਰਉ ਗੁਰ ਕੈ ਬਲਿਹਾਰੈ, ਜਿਨਿ ਸਾਚੀ ਬੂਝ ਬੁਝਾਈ ॥ਰਹਾਉ॥ ਜਗ ਸਿਉ ਝੂਠ ਪ੍ਰੀਤਿ ਮਨੁ ਬੇਧਿਆ, ਜਨ ਸਿਉ ਵਾਦੁ ਰਚਾਈ ॥ ਮਾਇਆ ਮਗਨੁ ਅਹਿਨਿਸਿ ਮਗੁ ਜੋਹੈ, ਨਾਮੁ ਨ ਲੇਵੈ ਮਰੈ ਬਿਖੁ ਖਾਈ ॥ ਗੰਧਣ ਵੈਣਿ ਰਤਾ ਹਿਤਕਾਰੀ, ਸਬਦੈ ਸੁਰਤਿ ਨ ਆਈ ॥ ਰੰਗਿ ਨ ਰਾਤਾ ਰਸਿ ਨਹੀ ਬੇਧਿਆ, ਮਨਮੁਖਿ ਪਤਿ ਗਵਾਈ ॥੨॥ ਸਾਧ ਸਭਾ ਮਹਿ ਸਹਜੁ ਨ ਚਾਖਿਆ, ਜਿਹਬਾ ਰਸੁ ਨਹੀ ਰਾਈ ॥ ਮਨੁ ਤਨੁ ਧਨੁ ਅਪੁਨਾ ਕਰਿ ਜਾਨਿਆ, ਦਰ ਕੀ ਖਬਰਿ ਨ ਪਾਈ ॥ ਅਖੀ ਮੀਟਿ ਚਲਿਆ ਅੰਧਿਆਰਾ, ਘਰੁ ਦਰੁ ਦਿਸੈ ਨ ਭਾਈ ॥ ਜਮ ਦਰਿ ਬਾਧਾ ਠਉਰੁ ਨ ਪਾਵੈ, ਅਪੁਨਾ ਕੀਆ ਕਮਾਈ ॥੩॥ ਨਦਰਿ ਕਰੇ ਤ ਅਖੀ ਵੇਖਾ, ਕਹਣਾ ਕਥਨੁ ਨ ਜਾਈ ॥ ਕੰਨੀ ਸੁਣਿ ਸੁਣਿ ਸਬਦਿ ਸਲਾਹੀ, ਅੰਮ੍ਰਿਤੁ ਰਿਦੈ ਵਸਾਈ ॥ ਨਿਰਭਉ ਨਿਰੰਕਾਰੁ ਨਿਰਵੈਰੁ ,ਪੂਰਨ ਜੋਤਿ ਸਮਾਈ ॥ ਨਾਨਕ ਗੁਰ ਵਿਣੁ ਭਰਮੁ ਨ ਭਾਗੈ, ਸਚਿ ਨਾਮਿ ਵਡਿਆਈ ॥੪॥੩॥

(ਹੇ ਭਾਈ!) ਮਾਂ ਬਾਪ ਨੂੰ ਅਪਣਾ ਪੁਤ੍ਰ ਚੰਗਾ (ਪਿਅਰਾ) ਲਗਦਾ ਹੈ ਤੇ ਸਹੁਰੇ ਨੂੰ ਸਿਆਣਾ ਜੁਆਈ ਪਿਆਰਾ ਲਗਦਾ ਹੈ। ਛੋਟੇ ਲੜਕੇ ਤੇ ਲੜਕੀਆਂ ਨੂੰ ਬਾਪ ਪਿਆਰਾ ਲਗਦਾ ਹੈ ਤੇ ਭਰਾ ਨੂੰ ਭਰਾ ਬਹੁਤ ਪਿਆਰਾ ਹੁੰਦਾ ਹੈ। (ਪਰ ਜਦ ਰੱਬ ਦਾ) ਹੁਕਮ ਹੋਇਆ (ਮੌਤ ਆਈ) ਤਾਂ ਜੀਵ ਨੇ ਘਰ ਨੂੰ ਤੇ ਬਾਹਰ ਸਭ (ਮਿਤ੍ਰਾਂ ਦੋਸਤਾਂ ਤੇ ਸਬੰਧੀਆਂ) ਨੂੰ ਛਡ ਦਿਤਾ ਹੈ, (ਜੋ ਘਰ ਤੇ ਸੰਪਦਾ ਇਹ ਅਪਣੀ ਸਮਝੀ ਬੈਠਾ ਸੀ, ਉਹ ਸਭ) ਖਿਨ ਵਿਚ ਪਰਾਈ ਹੋ ਗਈ ਹੈ। (ਅਜੇਹੇ) ਮਨਮੁਖ ਨੇ ਨਾ ਨਾਮ ਜਪਿਆ, ਨਾ ਇਸ਼ਨਾਨ ਤੇ ਦਾਨ ਕੀਤਾ ਹੈ, ਉਸ (ਮਨਮੁਖ) ਦੇ ਤਨ ਤੇ ਧੂੜ ਉਡ ਉਡ ਪੈਂਦੀ ਹੈ (ਮਿੱਟੀ ਵਿਚ ਮਿਲ ਜਾਂਦਾ ਹੈ ਤੇ ਲੋਕ ਪ੍ਰਲੋਕ ਵਿਚ ਖੱਜਲ ਖੁਆਰ ਹੁੰਦਾ ਹੈ।੧। ਮਨਮੁੱਖਾਂ ਦੀ ਇਹ ਦਸ਼ਾ ਦੇਖ ਕੇ ਮੈਂ) ਨਾਮ ਨੂੰ ਅਪਣਾ ਸਹਾਈ ਬਣਾ ਲਿਆ ਹੈ, (ਇਉਂ) ਮਨ ਮੰਨ ਗਿਆ (ਮਨ ਨੂੰ ਤਸੱਲੀ ਹੋ ਗਈ; ਮਨ ਸ਼ਾਂਤ ਹੋ ਗਿਆ। ਨਾਮ ਦੇ ਦਾਤੇ ਅਪਣੇ) ਗੁਰੂ ਦੇ ਮੈਂ ਪੈਰੀਂ ਪੈਂਦਾ ਹਾਂ, (ਉਸ ਤੋਂ) ਬਲਹਾਰ ਜਾਂਦਾ ਹਾਂ, ਜਿਸ (ਗੁਰੂ) ਨੇ ਮੈਨੂੰ ਸੱਚੀ ਸਮਝ ਸਮਝਾਈ (ਸੱਚਾ ਗਿਆਨ ਬਖਸ਼ਿਆ) ਹੈ। ਰਹਾਉ। (ਮਨਮੁਖ ਦਾ) ਮਨ ਜਗਤ ਨਾਲ ਝੂਠੀ ਪ੍ਰੀਤ ਵਿਚ ਵਿੰਨ੍ਹਿਆ (ਜੁੜਿਆ) ਹੋਇਆ ਹੈ, (ਪਰ) ਹਰੀ ਦੇ ਸੰਤ ਜਨਾਂ ਨਾਲ ਝਗੜਾ ਰਚਾਈ ਰਖਦਾ ਹੈ। ਮਾਇਆ ਵਿਚ ਮਗਨ (ਮਨਮੁਖ) ਦਿਨ ਰਾਤ ਮਾਇਆ ਪ੍ਰਾਪਤੀ ਦਾ ਰਸਤਾ ਦੇਖਦਾ ਰਹਿੰਦਾ ਹੈ, (ਪਰ ਹਰੀ ਦਾ) ਨਾਮ ਨਹੀਂ ਲੈਂਦਾ, (ਵਿਸ਼ੇ ਰੂਪ) ਜਹਿਰ ਖਾ ਕੇ ਮਰ ਜਾਂਦਾ ਹੈ। ਗੰਦੇ ਗੀਤਾਂ ਦੇ (ਗਾਉਣ ਤੇ ਸੁਣਨ) ਵਿਚ ਮਸਤ ਹੋਇਆ (ਉਨ੍ਹਾਂ ਗੀਤਾਂ ਦਾ) ਪ੍ਰੇਮੀ ਹੋ ਗਿਆ ਹੈ, ਗੁਰੂ ਦੇ

ਸ਼ਬਦ ਨਾਲ ਜੁੜਨ ਦੀ ਸੋਝੀ ਨਹੀਂ ਆਈ।(ਹਰੀ ਦੇ) ਪ੍ਰੇਮ ਵਿਚ ਨਹੀ ਰੰਗਿਆ ਗਿਆ ਤੇ ਨਾ ਹੀ ਨਾਮ ਰਸ ਵਿਚ ਮਗਨ ਹੋਇਆ ਹੈ, (ਹਰੀ ਤੋਂ ਬੇਮੁਖ ਹੋ ਕੇ) ਮਨਮੁਖ ਨੇ ਅਪਣੀ ਇੱਜਤ ਗੁਆ ਲਈ ਹੈ।੨।(ਮਨਮੁਖ ਨੇ) ਸਾਧੂਆਂ ਦੀ ਸਭਾ ਵਿਚ ਜਾ ਕੇ ਸਹਿਜ ਅਵਸਥਾ ਦਾ ਅਨੰਦ ਨਹੀਂ ਮਾਣਿਆ ਅਤੇ (ਕਦੇ ਉਸ ਦੀ) ਜਬਾਨ ਵਿਚ ਰਾਈ ਜਿੰਨਾ ਵੀ ਰਸ ਨਹੀਂ ਆਇਆ (ਫਿੱਕਾ ਬੋਲਦਾ ਹੈ)।ਮਨ ਤਨ ਤੇ ਧਨ ਨੂੰ (ਉਸ ਨੇ) ਅਪਣਾ ਕਰਕੇ ਜਾਣਿਆ ਹੈ ਅਤੇ ਨਾ ਹੀ ਰੱਬ ਦੇ ਦਰ ਦੀ ਸੋਝੀ ਪਾਈ ਹੈ।ਹੇ ਭਾਈ! (ਅਖੀਰ ਜਦ) ਅੱਖਾਂ ਮੀਟ ਕੇ (ਮਰ ਕੇ ਜਮਾਂ ਦੇ) ਹਨ੍ਹੇਰੇ ਰਸਤੇ ਵਿਚ ਚੱਲ ਪਿਆ ਤਾਂ (ਉਸ ਨੂੰ ਇਥੇ ਦੇ) ਘਰ ਦਰ ਆਦਿ ਨਹੀਂ ਦਿਸਦੇ।ਜਮ ਦੇ ਦਰ ਤੇ ਬੰਨ੍ਹਿਆ ਜਾਂਦਾ ਹੈ, (ਉਥੇ ਬਚਾਓ ਦਾ ਕੋਈ) ਥਾਂ ਪ੍ਰਾਪਤ ਨਹੀਂ ਹੁੰਦਾ, (ਮਨਮੁਖ ਉਥੇ) ਅਪਣੀ ਕੀਤੀ ਕਮਾਈ ਦਾ ਫਲ ਪਾਉਂਦਾ ਹੈ।੩।ਜੇ ਹਰੀ ਮੇਹਰ ਦੀ ਨਜਰ ਕਰੇ ਤਾਂ (ਗੁਰੂ ਨੂੰ) ਅੱਖਾਂ ਨਾਲ ਦੇਖ ਲਵਾਂ, (ਇਸ ਬਾਰੇ ਹੋਰ ਕੁਝ) ਕਥਨ ਕਹਿਣਾ ਨਹੀਂ ਬਣਦਾ (ਵਰਨਣ ਨਹੀਂ ਕੀਤਾ ਜਾ ਸਕਦਾ)।ਮੈਂ ਕੰਨਾਂ ਨਾਲ ਸੁਣ ਸੁਣ ਕੇ ਸ਼ਬਦ ਰਾਹੀਂ (ਉਸ ਪ੍ਰਭੂ ਦੀ) ਸਿਫਤ ਸਲਾਹ ਕਰਾਂ ਅਤੇ ਨਾਮ ਅੰਮ੍ਰਿਤ ਨੂੰ ਹਿਰਦੇ ਵਿਚ ਵਸਾ ਲਵਾਂ।ਨਿਰਭੈ, ਅਕਾਰ ਰਹਿਤ (ਨਿਰਗੁਣ) ਤੇ ਵੈਰ ਰਹਿਤ ਪੂਰਨ ਪ੍ਰਭੂ ਦੀ ਜੋਤ (ਸਾਰੇ ਬ੍ਰਹਮੰਡ ਵਿਚ) ਸਮਾਈ ਹੋਈ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਤੋਂ ਬਿਨਾ ਭਰਮ ਨਹੀਂ ਭੱਜਦਾ ਅਤੇ ਸੱਚੇ ਨਾਮ ਵਿਚ ਜੁੜਿਆਂ ਵਡਿਆਈ ਮਿਲਦੀ ਹੈ।੪।੩।

ਪਦਾਰਥ = ਚਉਤੁਕੇ–ਚਾਰ ਤੁਕਾਂ ਦੇ ਪਦ ਵਾਲਾ ਸ਼ਬਦ (ਇਸ ਸ਼ਬਦ ਦੇ ਚਾਰ ਬੰਦ ਹਨ, ਹਰੇਕ ਬੰਦ ਵਿਚ ਚਾਰ ਚਾਰ ਤੁਕਾਂ ਹਨ। ਪਹਿਲੇ ਦੋ ਸ਼ਬਦਾਂ ਦੇ ਹਰੇਕ ਬੰਦ ਵਿਚ ਤਿੰਨ ਤਿੰਨ ਤੁਕਾਂ ਹਨ)।ਮਾਇ–ਮਾਂ।ਕੋ–ਨੂੰ।ਨੀਕਾ–ਚੰਗਾ; ਪਿਆਰਾ।ਸਸੁਰੈ–ਸਹੁਰੇ ਨੂੰ। ਚਤੁਰੁ–ਸਿਆਣਾ।ਬਾਲ ਕੰਨਿਆ–ਛੋਟੇ ਲੜਕੇ ਤੇ ਲੜਕੀਆਂ।ਕੌ–ਨੂੰ।ਭਾਈ–ਭਰਾ।ਅਤਿ–ਬਹੁਤ।ਭਇਆ–ਹੋਇਆ।ਬਾਹਰੁ ਘਰੁ –ਘਰ ਬਾਰ; ਬਾਹਰ ਤੇ ਘਰ।ਖਿਨ ਮਹਿ–ਇਕ ਖਿਨ ਵਿਚ।ਭਈ ਪਰਾਈ–ਬਿਗਾਨੀ ਹੋ ਗਈ।ਤਿਤੁ–ਉਸ ਦੇ।ਤਨਿ–ਤਨ ਉਤੇ। ਧੁਮਾਈ–ਉਡ ਉਡ ਪੈਂਦੀ ਹੈ।੧।ਮਨੁ ਮਾਨਿਆ–ਮਨ ਮੰਨ ਗਿਆ (ਤਸੱਲੀ ਹੋ ਗਈ; ਮਨ ਸ਼ਾਂਤ ਹੋ ਗਿਆ)।ਸਖਾਈ–ਸਹਾਈ; ਮਿਤ੍ਰ।ਪਾਇ–ਪੈਰੀਂ।ਪਰਉ–ਪੈਂਦਾ ਹਾਂ।ਜਿਨਿ–ਜਿਸ ਨੇ।ਬੂਝ ਬੁਝਾਈ–ਸਮਝ ਸਮਝਾ ਦਿਤੀ (ਗਿਆਨ ਬਖਸ਼ਿਆ)।ਰਹਾਉ।ਜਗ ਸਿਉ–ਜਗਤ ਨਾਲ।ਬੇਧਿਆ–ਵਿੰਨ੍ਹਿਆ (ਸਿਉਂਤਾ; ਜੁੜਿਆ) ਹੋਇਆ।ਜਨ ਸਿਉ–ਸੰਤ ਜਨਾਂ ਨਾਲ।ਵਾਦੁ–ਝਗੜਾ।ਰਚਾਈ– ਖੜਾ ਕਰੀ ਰਖਦਾ ਹੈ।ਮਗਨੁ–ਮਸਤ।ਅਹਿ–ਦਿਨ।ਨਿਸਿ–ਰਾਤ।ਮਗੁ–ਰਸਤਾ।ਜੋਹੈ–ਦੇਖਦਾ ਹੈ।ਨ ਲੇਵੈ–ਨਹੀਂ ਲੈਂਦਾ (ਜਪਦਾ)। ਬਿਖੁ–ਜਹਿਰ।ਖਾਈ–ਖਾ ਕੇ।ਗੰਧਣ ਵੈਣਿ–ਗੰਦੇ ਗੀਤਾਂ ਵਿਚ।ਰਤਾ–ਮਸਤ।ਹਿਤਕਾਰੀ–ਪ੍ਰੇਮੀ।ਸੁਰਤਿ–ਸੋਝੀ।ਰੰਗਿ–ਪ੍ਰੇਮ।ਨ ਰਾਤਾ–ਰੰਗਿਆ ਨਹੀਂ ਗਿਆ।ਰਸਿ–ਅਨੰਦ ਵਿਚ।ਨਹੀ ਬੇਧਿਆ–ਮਗਨ ਨਹੀਂ ਹੋਇਆ।ਪਤਿ–ਇੱਜਤ।੨।ਸਾਧ ਸਭਾ–ਸਾਧ ਸੰਗਤ।ਸਹਜੁ–ਸਹਿਜ ਅਵਸਥਾ।ਨ ਚਾਖਿਆ–ਨਹੀਂ ਚੱਖਿਆ (ਮਾਣਿਆ)।ਜਿਹਬਾ–ਜੀਭ।ਰਸੁ–ਮਿਠਾਸ।ਰਾਈ–ਥੋੜਾ ਜਿਹਾ ਵੀ ।ਦਰ ਕੀ–ਰੱਬ ਦੇ ਦਰ ਦੀ।ਖਬਰਿ–ਸੋਝੀ।ਅਖੀ ਮੀਟਿ–ਅੱਖਾਂ ਮੀਟ (ਮਰ) ਕੇ।ਅੰਧਿਆਰਾ–ਹਨ੍ਹੇਰੇ ਵਿਚ।ਦਿਸੈ ਨ–ਨਹੀਂ ਦਿਸਦੇ।ਜਮ ਦਰਿ–ਜਮ ਦੇ ਦਰ ਤੇ।ਬਾਧਾ–ਬੰਨ੍ਹਿਆ ਗਿਆ।ਠਉਰੁ–ਥਾਂ।ਕੀਆ ਕਮਾਈ–ਕੀਤੀ ਕਮਾਈ ਦਾ (ਫਲ)।੩।ਨਦਰਿ– ਮੇਹਰ ਦੀ ਨਜਰ।ਅਖੀ–ਅੱਖਾਂ ਨਾਲ।ਕੰਨੀ–ਕੰਨਾਂ ਨਾਲ।ਸਲਾਹੀ–ਸਿਫਤ ਸਲਾਹ ਕਰਾਂ।ਰਿਦੈ–ਹਿਰਦੇ ਵਿਚ।ਨਿਰੰਕਾਰੁ–ਅਕਾਰ ਰਹਿਤ (ਨਿਰਗੁਣ) ਪ੍ਰਭੂ।ਸਮਾਈ–ਵਿਆਪਕ ਹੈ।ਨ ਭਾਗੈ–ਨਹੀਂ ਭੱਜਦਾ (ਦੂਰ ਨਹੀਂ ਹੁੰਦਾ)।ਸਚਿ ਨਾਮਿ–ਸੱਚੇ ਨਾਮ ਵਿਚ (ਜੁੜਨ ਨਾਲ)।੪।੩।

ਵਿਸ਼ੇਸ਼ = ਮਾਂ ਬਾਪ ਨੂੰ ਲਾਇਕ ਪੁਤ੍ਰ ਚੰਗਾ ਲਗਦਾ ਹੈ ਅਤੇ ਸਹੁਰੇ ਨੂੰ ਸਿਆਣਾ ਜੁਆਈ।ਜੇ ਮਾਂ ਮਰ ਜਾਵੇ ਤਾਂ ਬੱਚੇ ਤੇ ਬੱਚੀ ਨੂੰ ਪਿਓ ਪਿਆਰਾ ਲਗਦਾ ਹੈ, ਜੇ ਮਾਂ ਬਾਪ ਦੋਨੋ ਮਰ ਗਏ ਹੋਣ ਤਾਂ ਛੋਟੇ ਭਾਈ ਨੂੰ ਵੱਡਾ ਭਾਈ ਪਿਆਰਾ ਹੁੰਦਾ ਹੈ।ਜਦ ਰੱਬ ਦਾ ਹੁਕਮ ਹੁੰਦਾ ਹੈ (ਮਨੁੱਖ ਮਰ ਜਾਂਦਾ ਹੈ, ਉਦੋਂ ਮੋਹ ਭਾਵੇ ਕਿੰਨਾ ਹੀ ਹੋਵੇ, ਤਾਂ ਘਰ ਦੇ ਸਬੰਧੀ, ਉਸ ਨੂੰ) ਘਰ ਤੋਂ ਬਾਹਰ ਮੜ੍ਹੀਆਂ ਜਾਂ ਕਬਰਾਂ ਵਿਚ ਛਡ ਆਉਂਦੇ ਹਨ, ਖਿਨ ਵਿਚ ਦੇਹ ਬਿਗਾਨੀ ਹੋ ਜਾਂਦੀ ਹੈ, ਕਿਸੇ ਦਾ ਪਿਆਰ ਨਹੀਂ ਰਹਿੰਦਾ, ਮੁਰਦੇ ਨਾਲ ਕੌਣ ਮੋਹ ਕਰਦਾ ਹੈ? ਜਿਉਂਦੇ ਜੀਵ ਨਾਲ ਹੀ ਮੋਹ ਹੁੰਦਾ ਹੈ।੧। (ਟਕਸਾਲ ਦੀ ਟੇਪ ਵਿਚੋਂ)

ਸੋਰਠਿ ਮਹਲਾ ੧ ਦੁਤੁਕੇ ॥ ਪੁੜੁ ਧਰਤੀ ਪੁੜੁ ਪਾਣੀ ਆਸਣੁ ,ਚਾਰਿ ਕੁੰਟ ਚਉਬਾਰਾ ॥ ਸਗਲ ਭਵਣ ਕੀ ਮੂਰਤਿ ਏਕਾ, ਮੁਖਿ ਤੇਰੈ ਟਕਸਾਲਾ ॥੧॥ ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ ॥ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ, ਆਪੇ ਸਰਬ ਸਮਾਣਾ ॥ਰਹਾਉ॥ ਜਹ ਜਹ ਦੇਖਾ ਤਹ ਜੋਤਿ ਤੁਮਾਰੀ, ਤੇਰਾ ਰੂਪੁ ਕਿਨੇਹਾ ॥ ਇਕਤੁ ਰੂਪਿ ਫਿਰਹਿ ਪਰਛੰਨਾ, ਕੋਇ ਨ ਕਿਸਹੀ ਜੇਹਾ ॥੨॥ ਅੰਡਜ ਜੇਰਜ ਉਤਭੁਜ ਸੇਤਜ, ਤੇਰੇ ਕੀਤੇ ਜੰਤਾ ॥ ਏਕੁ ਪੁਰਬੁ ਮੈ ਤੇਰਾ ਦੇਖਿਆ, ਤੂ ਸਭਨਾ ਮਾਹਿ ਰਵੰਤਾ ॥੩॥ ਤੇਰੇ ਗੁਣ ਬਹੁਤੇ ਮੈ

ਏਕੁ ਨ ਜਾਣਿਆ, ਮੈ ਮੂਰਖ ਕਿਛੁ ਦੀਜੈ ॥ ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ, ਡੁਬਦਾ ਪਥਰੁ ਲੀਜੈ ॥੪॥੪॥ (ਬ੍ਰਹਮੰਡ ਨੂੰ ਵਾਹਿਗੁਰੂ ਦੇ ਚੁਬਾਰੇ ਦੇ ਰੂਪ ਵਿਚ ਬਿਆਨ ਕੀਤਾ ਹੈ), ਧਰਤੀ ਜਿਸਦਾ ਫਰਸ਼ ਹੈ ਤੇ ਅਸਮਾਨ (ਜਿਸ ਦੀ ਛੱਤ) ਹੈ ਅਤੇ ਚਾਰ ਦਿਸ਼ਾਵਾਂ ਚੁਬਾਰੇ ਦੀਆਂ ਬਾਰੀਆਂ ਹਨ, (ਹੇ ਪ੍ਰਭੂ! ਜਿਸ ਵਿਚ ਤੂੰ) ਆਸਣ ਲਾਈ ਬੈਠਾ ਹੈਂ। ਸਾਰੇ ਭਵਨ ਦੀ ਇਕ ਵੈਰਾਟ ਰੂਪ ਤੇਰੀ ਮੂਰਤ ਹੈ (ਸਾਰਾ ਵਿਸ਼ਵ ਇਕ ਹਰੀ ਦੀ ਮੂਰਤ ਹੈ, ਹੇ ਪ੍ਰਭੂ!) ਤੇਰੇ ਮੂੰਹ ਵਿਚੋਂ ਨਿਕਲਿਆ ਹੁਕਮ (ਸਾਰੇ ਭਵਨਾਂ, ਚਾਰੇ ਖਾਣੀਆਂ ਦੇ ਜੀਵ ਜੰਤਾਂ ਨੂੰ ਘੜਨ ਵਾਲੀ) ਟਕਸਾਲ ਹੈ।੧। ਹੇ ਮੇਰੇ ਮਾਲਕ! ਤੇਰੇ ਕੌਤਕ ਅਸਚਰਜ ਹਨ। ਜਲ ਵਿਚ, ਥਲ ਵਿਚ, ਧਰਤੀ ਤੇ ਅਕਾਸ਼ (ਪੁਲਾੜ) ਵਿਚ ਭਰਪੂਰ ਵਿਆਪਕ ਹੈਂ ਅਤੇ ਆਪੇ ਸਭ ਜੀਵਾਂ ਵਿਚ ਸਮਾ ਰਿਹਾ ਹੈਂ। ਰਹਾਉ। ਜਿਥੇ ਜਿਥੇ ਮੈਂ ਦੇਖਦਾ ਹਾਂ, ਉਥੇ ਤੇਰੀ ਹੀ ਜੋਤ ਦਿਸਦੀ ਹੈ, (ਤੇਰੀ ਜੋਤ ਤੋਂ ਵੱਖਰਾ ਹੋਰ) ਤੇਰਾ ਰੂਪ ਕਿਹੋ ਜਿਹਾ ਹੈ? (ਅਪਣੇ) ਇਕ ਰੂਪ ਵਿਚ ਹੁੰਦਿਆਂ ਵੀ ਤੂੰ ਭਿੰਨ ਭਿੰਨ ਹੋਇਆ ਫਿਰਦਾ ਹੈਂ (ਤੂੰ ਇਕ ਹੈਂ, ਸਾਰੀ ਸ੍ਰਿਸਟੀ ਤੇਰਾ ਰੂਪ ਹੈ ਅਤੇ ਸਾਰੀ ਉਤਪਤੀ ਭਿੰਨ ਭਿੰਨ ਤਰ੍ਹਾਂ ਦੀ ਹੈ, ਪਰ ਤੇਰੀ ਜੋਤ ਸਭ ਵਿਚ ਹੈ ,ਸ਼ਕਲ ਸੂਰਤ ਵਿਚ) ਕੋਈ ਵੀ ਜੀਵ ਕਿਸੇ ਦੂਜੇ ਵਰਗਾ ਨਹੀਂ ਹੈ।੨। ਆਂਡਿਆਂ ਤੋਂ, ਜੇਰ ਤੋਂ, ਪ੍ਰਿਥਵੀ ਤੋਂ ਅਤੇ ਪਸੀਨੇ (ਚਾਰੇ ਖਾਣੀਆਂ) ਤੋਂ ਸਾਰੇ ਜੀਵ ਜੰਤ ਤੇਰੇ ਪੈਦਾ ਕੀਤੇ ਹੋਏ ਹਨ। ਮੈਂ ਤੇਰਾ ਇਕ ਇਹ ਗੁਣ ਦੇਖਿਆ ਹੈ ਕਿ (ਤੇਰੀ ਪੈਦਾ ਕੀਤੀ ਹੋਈ) ਸਾਰੀ ਸ੍ਰਿਸਟੀ ਵਿਚ ਤੂੰ ਰਮਿਆ ਹੋਇਆ ਹੈਂ।੩। (ਹੇ ਪ੍ਰਭੂ! ਇਸ ਤਰ੍ਹਾਂ ਦੇ) ਤੇਰੇ ਗੁਣ ਬਹੁਤ ਹਨ, ਪਰ ਮੈਂ ਤੇਰਾ ਇਕ ਵੀ ਗੁਣ ਨਹੀਂ ਜਾਣਿਆ, (ਕ੍ਰਿਪਾ ਕਰਕੇ) ਮੈਨੂੰ ਮੂਰਖ ਨੂੰ ਵੀ ਕੁਛ (ਗੁਣਾਂ ਦੀ ਬਖਸ਼ਿਸ਼ ਕਰ) ਦਿਓ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਹੇ ਮੇਰੇ ਮਾਲਕ! ਸੁਣ, (ਮੈਂ ਵਿਕਾਰਾਂ ਨਾਲ ਭਾਰਾ ਹੋਇਆ) ਪੱਥਰ (ਭਵ ਸਾਗਰ ਵਿਚ) ਡੁਬ ਰਿਹਾ ਹਾਂ, (ਮੈਨੂੰ) ਤਾਰ ਲੈ।੪।੪।

ਪਦਾਰਥ = ਪੁੜੁ–ਚੱਕੀ ਦਾ ਹੇਠਲਾ ਤੇ ਉਪਰ ਦਾ ਗੋਲ ਘੜਿਆ ਪੱਥਰ; ਧਰਤੀ। ਪੁੜੁ ਪਾਣੀ–ਅਕਾਸ਼; ਬੱਦਲ; ਵਾਯੂ ਮੰਡਲ। ਆਸਣੁ –ਬੈਠਕ (ਰਹਿਣ ਦੀ ਥਾਂ)। ਚਾਰਿ ਕੁੰਟ–ਚਾਰ ਦਿਸ਼ਾਵਾਂ। ਚਉਬਾਰਾ–ਚਾਰ ਖਿੜਕੀਆਂ ਵਾਲਾ ਉਪਰਲੀ ਮੰਜਲ ਦਾ ਘਰ। ਸਗਲ–ਸਾਰਾ। ਭਵਨ–ਜਗਤ। ਮੂਰਤਿ–ਪ੍ਰਭੂ; ਦੇਹ (ਸਰੀਰ); ਅਕਾਰ; ਸ਼ਕਲਾਂ। ਮੁਖਿ–ਮੂੰਹ। ਟਕਸਾਲਾ–ਸਿੱਕੇ ਘੜਨ ਵਾਲੀ ਜਗ੍ਹਾ।੧। ਸਾਹਿਬਾ–ਹੇ ਮਾਲਕ!। ਚੋਜ–ਕੌਤਕ। ਮਹੀਅਲਿ–ਧਰਤੀ ਤੇ ਅਕਾਸ਼ ਦੇ ਵਿਚਾਲੇ ਪੁਲਾੜ ਵਿਚ। ਭਰਿਪੁਰਿ ਲੀਣਾ–ਭਰਪੂਰ ਵਿਆਪਕ ਹੈਂ। ਸਰਬ–ਸਭ ਵਿਚ। ਸਮਾਣਾ–ਸਮਾ ਰਿਹਾ ਹੈਂ। ਰਹਾਉ। ਜਹ ਜਹ–ਜਿਥੇ ਜਿਥੇ। ਤਹ–ਉਥੇ। ਕਿਨੇਹਾ–ਕਿਹੋ ਜਿਹਾ। ਇਕਤੁ ਰੂਪਿ–ਇਕ ਰੂਪ ਵਿਚ ਹੁੰਦਿਆਂ। ਪਰਛੰਨਾ–ਭਿੰਨ ਭਿੰਨ; ਲੁਕਿਆ ਹੋਇਆ। ਕਿਸ ਹੀ ਜੇਹਾ–ਕਿਸੇ ਦੂਜੇ ਵਰਗਾ।੨। ਅੰਡਜ–ਆਂਡਿਆਂ ਤੋਂ ਪੈਦਾ ਹੋਣ ਵਾਲੇ ਜੀਵ (ਪੰਛੀ, ਸੱਪ, ਕੋਹੜ ਕਿਰਲੀ ਆਦਿ)। ਜੇਰਜ–ਜੇਰ ਤੋਂ ਪੈਦਾ ਹੋਣ ਵਾਲੇ ਜੀਵ (ਮਨੁੱਖ, ਪਸ਼ੂ, ਜਾਨਵਰ ਆਦਿ)। ਉਤਭੁਜ–ਧਰਤੀ ਵਿਚੋਂ ਪੈਦਾ ਹੋਣ ਵਾਲੀ ਬਨਸਪਤੀ। ਸੇਤਜ–ਪਸੀਨੇ ਤੋਂ ਪੈਦਾ ਹੋਣ ਵਾਲੇ ਜੀਵ। ਕੀਤੇ–ਪੈਦਾ ਕੀਤੇ ਹੋਏ। ਪੁਰਬੁ–ਗੁਣ; ਪਰਤਾਪ । ਸਭਨਾ ਮਾਹਿ–ਸਭਨਾਂ ਵਿਚ। ਰਵੰਤਾ–ਰਮਿਆ ਹੋਇਆ।੩। ਪ੍ਰਣਵਤਿ–ਆਖਦਾ ਹੈ। ਲੀਜੈ–ਤਾਰ ਲੈ; ਕੱਢ ਲੈ।੪।੪।

ਵਿਆਖਿਆ = ਸਾਰਾ ਬ੍ਰਹਮੰਡ ਰੱਬ ਦੇ ਰਹਿਣ ਵਾਲਾ ਚੁਬਾਰਾ ਹੈ, ਧਰਤੀ ਜਿਸਦਾ ਫਰਸ਼ ਤੇ ਪਾਣੀ ਛੱਤ ਹੈ। ਧਰਤੀ ਦੇ ਉਪਰ ਵਾਯੂ ਮੰਡਲ, ਜਿਸ ਵਿਚ ਪਾਣੀ ਅਦ੍ਰਿਸ਼ ਰੂਪ ਵਿਚ ਸਦਾ ਰਹਿੰਦਾ ਹੈ, ਜੋ ਕਦੇ ਕਦੇ ਮੀਂਹ, ਬਰਫ, ਗੜ੍ਹੇ ਤੇ ਤ੍ਰੇਲ ਰੂਪ ਵਿਚ ਦਿਸਦਾ ਹੈ। ਧਰਤੀ ਦੇ ਉਪਰ ਹਰ ਪਾਸੇ ਹੋਣ ਕਰਕੇ ਇਸ ਨੂੰ ਛੱਤ ਕਿਹਾ ਹੈ। ਭਾਵ ਹੇਠਾਂ ਉਤੇ ਧਰਤੀ ਅਕਾਸ਼ ਵਿਚ ਸਾਰੇ ਪਾਸੇ ਉਹ ਹਰੀ ਵਿਆਪਕ ਹੈ। ਸਾਰੇ ਭਵਨ ਹਰੀ ਦੇ ਘੜੇ ਹੋਏ ਸਿੱਕੇ ਹਨ, ਜਿਵੇਂ ਸਿੱਕੇ ਉਤੇ ਬਾਦਸ਼ਾਹ ਦੀ ਤਸਵੀਰ ਹੁੰਦੀ ਹੈ, ਇਵੇਂ ਸਾਰਾ ਭਵਨ (ਘਰ ਜੀਵਾਂ ਜੰਤਾਂ) ਦੀ ਤਸਵੀਰ ਇਕੋ ਹੀ ਹੈ। (ਸਭ ਦੇ ਅੰਦਰ ਜੋ ਉਸ ਹਰੀ ਦੀ ਚੇਤਨ ਸੱਤਾ ਹੈ, ਇਹੋ ਉਸ ਹਰੀ ਦੀ ਤਸਵੀਰ ਹੈ) । ਇਕੋ ਮੂਰਤ (ਪ੍ਰਭੂ) ਸਾਰੀ ਸ੍ਰਿਸਟੀ ਦੀ ਰਚਨਾ ਕਰਨ ਵਾਲਾ ਹੈ। ਹੇ ਪ੍ਰਭੂ! ਤੇਰਾ ਮੂੰਹ ਸਾਰੇ ਜਗਤ (ਦੇ ਜੀਆਂ ਜੰਤਾਂ) ਦੀ ਦੇਹਾਂ ਨੂੰ ਘੜਨ ਵਾਲੀ ਟਕਸਾਲ ਹੈ। ਕਿਸੇ ਦੀ ਸ਼ਕਲ ਸੂਰਤ ਦੂਜੇ ਨਾਲ ਨਹੀਂ ਮਿਲਦੀ, ਇਸ ਤਰ੍ਹਾਂ ਅਦਭੁਤ ਸ਼ਕਲਾਂ ਘੜਨ ਦੀ ਟਕਸਾਲ ਤੇਰੇ ਮੂੰਹ ਵਿਚ ਹੈ। ਹਰੇਕ ਜੀਵ ਦਾ ਮੂੰਹ ਤੇਰੀ ਟਕਸਾਲ ਹੈ, ਜਿਸ ਵਿਚੋਂ ਭਿੰਨ ਭਿੰਨ ਤਰ੍ਹਾਂ ਦੀਆਂ ਬੋਲੀਆਂ ਨਿਕਲਦੀਆਂ ਹਨ।੧।

ਸੋਰਠਿ ਮਹਲਾ ੧ ॥ ਹਉ ਪਾਪੀ ਪਤਿਤੁ ਪਰਮ ਪਾਖੰਡੀ, ਤੂ ਨਿਰਮਲੁ ਨਿਰੰਕਾਰੀ ॥ ਅੰਮ੍ਰਿਤੁ ਚਾਖਿ ਪਰਮ ਰਸਿ ਰਾਤੇ, ਠਾਕੁਰ ਸਰਣਿ ਤੁਮਾਰੀ ॥੧॥ ਕਰਤਾ ਤੂ ਮੈ ਮਾਣੁ ਨਿਮਾਣੇ ॥ ਮਾਣੁ ਮਹਤੁ ਨਾਮੁ ਧਨੁ ਪਲੈ, ਸਾਚੈ ਸਬਦਿ ਸਮਾਣੇ ॥ਰਹਾਉ॥ (ਨਿਮ੍ਰਤਾ ਸਹਿਤ ਨਿਰੰਕਾਰ ਅੱਗੇ ਬੇਨਤੀ ਕਰਦੇ ਹਨ। ਹੇ ਪ੍ਰਭੂ!) ਮੈਂ ਕਰਮ ਧਰਮ ਤੋਂ ਗਿਰਿਆ ਹੋਇਆ ਪਾਪੀ ਤੇ ਵੱਡਾ ਪਖੰਡੀ ਹਾਂ, ਤੂੰ

ਨਿਰਮਲ ਅਕਾਰ ਰਹਿਤ ਹੈਂ।(ਪਰ) ਹੇ ਮਾਲਕ! (ਅਸੀਂ) ਤੇਰੀ ਸਰਣ ਵਿਚ ਆਏ ਹਾਂ ਅਤੇ ਨਾਮ ਅੰਮ੍ਰਿਤ ਨੂੰ ਛਕ ਕੇ ਪਰਮ ਰਸ ਵਿਚ ਮਗਨ ਹੋ ਗਏ ਹਾਂ।੧।ਹੇ ਕਰਤਾਰ! ਮੈਂ ਨਿਮਾਣੇ ਦਾ ਤੂੰ ਮਾਣ ਹੈਂ।(ਮੇਰੇ ਲਈ) ਮਾਣ ਤੇ ਵਡਿਆਈ ਇਹੋ ਹੈ ਕਿ ਤੇਰਾ ਨਾਮ ਧਨ ਮੇਰੇ (ਹਿਰਦੇ ਰੂਪ) ਪੱਲੇ ਵਿਚ ਹੋਵੇ ਅਤੇ ਮੈਂ ਸੱਚੇ ਗੁਰੂ ਦੇ ਸ਼ਬਦ ਵਿਚ ਮਿਲਿਆ ਰਹਾਂ।ਰਹਾਉ।

ਅੰਗ ੬੯੭ = ਤੂ ਪੂਰਾ ਹਮ ਊਰੇ ਹੋਛੇ, ਤੂ ਗਉਰਾ ਹਮ ਹਉਰੇ ॥ ਤੁਝ ਹੀ ਮਨ ਰਾਤੇ ਅਹਿਨਿਸਿ ਪਰਭਾਤੇ, ਹਰਿ ਰਸਨਾ ਜਪਿ ਮਨ ਰੇ ॥੨॥ ਤੁਮ ਸਾਚੇ ਹਮ ਤੁਮ ਹੀ ਰਾਚੇ, ਸਬਦਿ ਭੇਦਿ ਫੁਨਿ ਸਾਚੇ ॥ ਅਹਿਨਿਸਿ ਨਾਮਿ ਰਤੇ ਸੇ ਸੂਚੇ, ਮਰਿ ਜਨਮੇ ਸੇ ਕਾਚੇ ॥ ੩॥ ਅਵਰੁ ਨ ਦੀਸੈ ਕਿਸੁ ਸਾਲਾਹੀ, ਤਿਸਹਿ ਸਰੀਕੁ ਨ ਕੋਈ ॥ ਪ੍ਰਣਵਤਿ ਨਾਨਕੁ ਦਾਸਨਿ ਦਾਸਾ, ਗੁਰਮਤਿ ਜਾਨਿਆ ਸੋਈ ॥੪॥ ੫॥ (ਹੇ ਪ੍ਰਭੂ! ਗੁਣਾਂ ਕਰਕੇ) ਤੂੰ ਪੂਰਨ ਹੈ ਤੇ ਅਸੀਂ ਅਧੂਰੇ ਤੇ ਹੋਛੇ ਹਾਂ, ਤੂੰ ਭਾਰੀ ਹੈਂ ਤੇ ਅਸੀਂ ਹੌਲੇ ਹਾਂ।(ਜਿਨ੍ਹਾਂ ਮਨੁੱਖਾਂ ਦੇ) ਮਨ ਦਿਨ ਰਾਤ ਤੇ ਸਵੇਰੇ ਤੇਰੇ ਨਾਮ ਵਿਚ ਰੰਗੇ ਹੋਏ ਹਨ, (ਉਹ ਮਨ ਨੂੰ ਆਖਦੇ ਹਨ ਕਿ) ਹੇ ਮਨ! ਤੂੰ ਵੀ ਰਸਨਾ ਨਾਲ ਤੇ ਹਰੀ ਦਾ ਨਾਮ ਜਪਿਆ ਕਰ।੨।(ਹੇ ਹਰੀ!) ਤੁਸੀਂ ਸੱਚੇ ਹੋ, ਅਸੀਂ ਤੇਰੇ ਵਿਚ ਰਚੇ ਹੋਏ ਹਾਂ ਅਤੇ ਸ਼ਬਦ ਦੁਆਰਾ (ਮਨ ਦੀ ਕਠੋਰਤਾ ਨੂੰ) ਨਾਸ਼ ਕਰਕੇ ਮੁੜ ਸਚੇ ਹੋ ਗਏ ਹਾਂ।(ਜੋ ਮਨੁੱਖ) ਦਿਨ ਰਾਤ ਨਾਮ ਵਿਚ ਰੰਗੇ ਹੋਏ ਹਨ, ਉਹ ਸੁੱਚੇ ਹਨ, (ਪਰ ਜੋ ਨਾਮ ਨਹੀਂ ਜਪਦੇ) ਉਹ ਕੱਚੇ ਮਨੁੱਖ ਮਰਦੇ ਜੰਮਦੇ ਰਹਿੰਦੇ ਹਨ।੩।(ਨਿਰੰਕਾਰ ਵਰਗਾ ਮੈਨੂੰ) ਹੋਰ ਕੋਈ ਨਹੀਂ ਦਿਸਦਾ, ਮੈਂ (ਉਸ ਤੋਂ ਬਿਨਾ) ਕਿਸ ਨੂੰ ਸਲਾਹਵਾਂ? (ਕਿਉਂਕਿ) ਉਸ ਦੇ ਬਰਾਬਰ ਦਾ ਕੋਈ ਹੈ ਹੀ ਨਹੀਂ।ਗੁਰੂ ਨਾਨਕ ਦੇਵ ਜੀ ਸਤਕਾਰ ਨਾਲ ਆਖਦੇ ਹਨ ਕਿ (ਜਿਸ ਮਨੁੱਖ ਨੇ) ਗੁਰੂ ਦੀ ਸਿੱਖਿਆ ਦੁਆਰਾ ਉਸ ਨਿਰੰਕਾਰ ਨੂੰ ਜਾਣਿਆ ਹੈ, ਮੈਂ (ਉਸ ਦੇ) ਦਾਸਾਂ ਦਾ ਦਾਸ ਹਾਂ।੪।੫।

ਪਦਾਰਥ = ਪਾਪੀ ਪਤਿਤੁ-ਕਰਮ ਧਰਮ ਤੋਂ ਗਿਰਿਆ ਪਾਪੀ; ਪਾਪੀਆਂ ਤੋਂ ਵੀ ਵੱਡਾ ਪਾਪੀ।ਪਰਮ ਪਾਖੰਡੀ-ਵੱਡਾ ਪਖੰਡੀ (ਬਹੁਤਾ ਦਿਖਾਵਾ ਕਰਨ ਵਾਲਾ)।ਨਿਰਮਲੁ-ਸ਼ੁੱਧ।ਨਿਰੰਕਾਰੀ-ਅਕਾਰ ਰਹਿਤ ਨਿਰਗੁਣ ਬ੍ਰਹਮ।ਚਾਖਿ-ਛਕ ਕੇ।ਰਾਤੇ-ਮਗਨ ਹੋਇਆ ਹਾਂ।੧।ਕਰਤਾ-ਰਚਨਾ ਕਰਨ ਵਾਲਾ ਪ੍ਰਭੂ।ਮਹਤੁ-ਮਹੱਤਤਾ; ਵਡਿਆਈ।ਪਲੈ-(ਪੱਲੈ ਬੋਲੋ) ਪੱਲੇ ਵਿਚ।ਸਮਾਣੇ-ਮਿਲ ਜਾਵਾਂ। ਰਹਾਉ। ਪੂਰਾ-(ਗੁਣਾਂ ਵਿਚ) ਪੂਰਨ।ਹਮ-ਅਸੀਂ।ਊਰੇ-ਅਧੂਰੇ; ਊਣੇ।ਹੋਛੇ-ਤੁੱਛ; ਘਟੀਆ।ਗਉਰਾ-ਭਾਰੀ; ਗੰਭੀਰ।ਹਉਰੇ-ਹੌਲੇ।ਰਾਤੇ-ਰੰਗੇ ਹੋਏ ਹਨ।ਅਹਿ-ਦਿਨ।ਨਿਸਿ-ਰਾਤ।ਪਰਭਾਤੇ-ਸਵੇਰੇ।ਰਸਨਾ-ਜੀਭ।੨।ਰਾਚੇ-ਮਿਲੇ ਹੋਏ ਹਾਂ।ਸਬਦਿ-ਸ਼ਬਦ ਦੁਆਰਾ।ਭੇਦਿ-ਨਾਸ਼ ਕਰਕੇ।ਫੁਨਿ-ਫੇਰ; ਮੁੜ।ਰਤੇ-ਰੰਗੇ ਹੋਏ ਹਨ।ਸੇ-ਉਹ।ਸੂਚੇ-ਪਵਿਤ੍ਰ ਆਤਮਾ।ਕਾਚੇ-ਸ਼ਰਧਾ ਹੀਣ; ਨਾਸ਼ਵੰਤ।ਅਵਰੁ-ਹੋਰ।ਤਿਸਹਿ-ਉਸ ਦਾ।ਸਰੀਕ (ਅ.)-ਹਿੱਸਾ ਰੱਖਣ ਵਾਲਾ; ਬਰਾਬਰ ਦਾ।ਪ੍ਰਣਵਤਿ-ਸਤਕਾਰ ਨਾਲ ਆਖਦਾ ਹੈ।੪।੫।

ਸੋਰਠਿ ਮਹਲਾ ੧ ॥ ਅਲਖ ਅਪਾਰ ਅਗੰਮ ਅਗੋਚਰ, ਨਾ ਤਿਸੁ ਕਾਲੁ ਨ ਕਰਮਾ ॥ ਜਾਤਿ ਅਜਾਤਿ ਅਜੋਨੀ ਸੰਭਉ ,ਨਾ ਤਿਸੁ ਭਾਉ ਨ ਭਰਮਾ ॥੧॥ ਸਾਚੇ ਸਚਿਆਰ ਵਿਟਹੁ ਕੁਰਬਾਣੁ ॥ ਨਾ ਤਿਸੁ ਰੂਪ ਵਰਨੁ ਨਹੀ ਰੇਖਿਆ, ਸਾਚੈ ਸਬਦਿ ਨੀਸਾਣੁ ॥ਰਹਾਉ॥ ਨਾ ਤਿਸੁ ਮਾਤ ਪਿਤਾ ਸੁਤ ਬੰਧਪ, ਨਾ ਤਿਸੁ ਕਾਮੁ ਨ ਨਾਰੀ ॥ ਅਕੁਲ ਨਿਰੰਜਨ ਅਪਰ ਪਰੰਪਰੁ ,ਸਗਲੀ ਜੋਤਿ ਤੁਮਾਰੀ ॥੨॥ ਘਟ ਘਟ ਅੰਤਰਿ ਬ੍ਰਹਮੁ ਲੁਕਾਇਆ, ਘਟਿ ਘਟਿ ਜੋਤਿ ਸਬਾਈ ॥ ਬਜਰ ਕਪਾਟ ਮੁਕਤੇ ਗੁਰਮਤੀ, ਨਿਰਭੈ ਤਾੜੀ ਲਾਈ ॥੩॥ ਜੰਤ ਉਪਾਇ ਕਾਲੁ ਸਿਰਿ ਜੰਤਾ, ਵਸਗਤਿ ਜੁਗਤਿ ਸਬਾਈ ॥ ਸਤਿਗੁਰੁ ਸੇਵਿ ਪਦਾਰਥੁ ਪਾਵਹਿ, ਛੂਟਹਿ ਸਬਦੁ ਕਮਾਈ ॥੪॥ ਸੂਚੈ ਭਾਡੈ ਸਾਚੁ ਸਮਾਵੈ, ਵਿਰਲੇ ਸੂਚਾਚਾਰੀ ॥ ਤੰਤੈ ਕਉ ਪਰਮ ਤੰਤੁ ਮਿਲਾਇਆ, ਨਾਨਕ ਸਰਣਿ ਤੁਮਾਰੀ ॥੫॥੬॥ (ਅਕਾਲ ਪੁਰਖ) ਸਮਝ ਨਾ ਆਉਣ ਵਾਲਾ, ਬੇਅੰਤ, ਮਨ ਬਾਣੀ ਦੀ ਪਹੁੰਚ ਤੇ ਪਰੇ, ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਹੈ (ਸਾਡੇ ਸਭ ਦੇ ਮਨ ਤੇ ਬੁਧੀ ਹੱਦ ਦੇ ਅੰਦਰ ਹੈ, ਉਸ ਬੇਹੱਦ ਨੂੰ ਸਮਝ ਨਹੀਂ ਸਕਦੇ ਤੇ ਨਾ ਹੀ ਇੰਦ੍ਰੇ ਉਸ ਬਾਰੇ ਦੱਸ ਸਕਦੇ ਹਨ), ਨਾ ਉਸ ਨੂੰ ਕਾਲ ਹੈ ਤੇ ਨਾ ਉਹ ਕਰਮਾਂ ਦਾ ਬੱਝਾ ਹੋਇਆ ਹੈ।(ਉਸ ਦੀ ਕੋਈ ਉਚੀ) ਜਾਤ ਜਾਂ ਨੀਵੀਂ ਜਾਤ ਨਹੀਂ, ਜੋਨੀਆਂ ਤੋਂ ਰਹਿਤ ਹੈ, ਉਹ ਅਪਣੇ ਆਪ ਤੋਂ ਪ੍ਰਕਾਸ਼ਵਾਨ ਹੈ, ਨਾ ਉਸ ਨੂੰ ਮੋਹ ਹੈ ਤੇ ਨਾ ਉਸ ਨੂੰ ਭਰਮ ਹੈ।੧।(ਮੈਂ ਉਸ) ਸੱਚੇ ਤੇ ਸੱਤ ਸਰੂਪ ਪ੍ਰਭੂ ਤੋਂ ਕੁਰਬਾਨ ਜਾਂਦਾ ਹਾਂ।ਉਸ ਦਾ ਕੋਈ ਰੂਪ ਨਹੀਂ, ਕੋਈ ਰੰਗ ਨਹੀਂ, ਕੋਈ ਚਿੰਨ੍ਹ ਨਹੀਂ, (ਪਰ ਉਹ) ਸੱਚੇ ਗੁਰੂ ਦੇ ਸ਼ਬਦ ਦੁਆਰਾ ਪ੍ਰਗਟ ਹੁੰਦਾ ਹੈ।ਰਹਾਉ।ਉਸ ਦੀ ਨਾ ਕੋਈ ਮਾਤਾ ਹੈ, ਨਾ ਪਿਤਾ, ਨਾ ਪੁਤ੍ਰ, ਨਾ ਸਬੰਧੀ ਹੈ, ਨਾ ਉਸ ਦੀ ਕੋਈ ਇਸਤ੍ਰੀ ਹੈ, ਨਾ ਹੀ ਉਸ ਵਿਚ ਕਾਮ ਵਾਸ਼ਨਾ ਹੈ। ਉਹ ਕੁਲ ਰਹਿਤ ਹੈ, ਮਾਇਆ ਰਹਿਤ, (ਉਹ ਸਭ ਤੋਂ) ਪਰੇ ਹੈ, ਪਰੇ ਤੋਂ ਵੀ ਪਰੇ ਹੈ, (ਫਿਰ ਵੀ ਹੇ ਪ੍ਰਭੂ!) ਸਾਰੀ ਸ੍ਰਿਸਟੀ ਤੇਰੀ ਹੀ ਜੋਤ ਹੈ (ਸਭ ਵਿਚ ਤੇਰੀ ਚੇਤਨ ਸੱਤਾ ਹੈ)।੨।ਹਰੇਕ ਜੀਵ ਦੇ ਅੰਦਰ ਬ੍ਰਹਮ ਹੈ, (ਪਰ ਉਸ ਨੇ ਜੀਵ ਦੇ ਅੰਦਰ ਅਪਣੇ ਆਪ ਨੂੰ) ਲੁਕਾਇਆ ਹੋਇਆ ਹੈ ਅਤੇ (ਉਸ ਦੀ) ਸਰਬ ਵਿਆਪੀ ਜੋਤ ਹਰੇਕ ਜੀਵ ਦੇ ਦਿਲ

ਵਿਚ ਹੈ।(ਫਿਰ ਦਿਸਦਾ ਕਿਉਂ ਨਹੀਂ? ਉਤਰ = ਸਾਡੀ ਬੁੱਧੀ ਅੱਗੇ ਅਗਿਆਨ ਦੇ) ਪੱਥਰ ਵਰਗੇ ਸਖਤ ਤਖਤੇ ਲੱਗੇ ਹੋਏ ਹਨ {ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ੯੫੪}, ਜੋ ਗੁਰੂ ਦੀ ਸਿੱਖਿਆ ਨਾਲ ਖੁਲ੍ਹਦੇ ਹਨ, ਜਿਥੇ ਸਮਾਧੀ ਲਾਈ ਬੈਠੇ ਨਿਰਭਉ ਹਰੀ ਦੇ ਦਰਸ਼ਨ ਹੁੰਦੇ ਹਨ।੩।(ਪ੍ਰਭੂ ਨੇ) ਜੀਵ ਪੈਦਾ ਕਰਕੇ ਜੀਵਾਂ ਦੇ ਸਿਰ ਤੇ ਮੌਤ ਬਣਾਈ ਹੈ ਅਤੇ ਸਭ ਜੀਵਾਂ ਦੇ ਜੀਵਨ ਦੀ ਜੁਗਤੀ (ਪ੍ਰਭੂ ਨੇ ਅਪਣੇ) ਵਸ ਵਿਚ ਰੱਖੀ ਹੋਈ ਹੈ।(ਜਿਹੜੇ ਮਨੁੱਖ) ਸਤਿਗੁਰੂ ਦੀ ਸੇਵਾ ਕਰਕੇ ਨਾਮ ਪਦਾਰਥ ਪਾ ਲੈਂਦੇ ਹਨ, (ਉਹ ਗੁਰੂ ਦੇ) ਸ਼ਬਦ ਨੂੰ ਕਮਾ ਕੇ (ਮਾਇਆ ਦੇ ਬੰਧਨਾਂ ਤੋਂ) ਛੁਟ ਜਾਂਦੇ ਹਨ।੪।(ਹੇ ਭਾਈ!) ਸੱਚ ਸਰੂਪ ਪ੍ਰਭੂ ਪਵਿਤ੍ਰ ਹਿਰਦੇ ਵਿਚ ਟਿਕਦਾ ਹੈ, (ਪਰ ਜਗਤ ਵਿਚ) ਪਵਿਤ੍ਰ ਅਚਾਰ ਵਾਲੇ ਮਨੁੱਖ ਵਿਰਲੇ ਹਨ।(ਅਜੇਹੇ ਪਵਿਤ੍ਰ ਮਨੁੱਖਾਂ ਨੇ ਅਪਣੇ) ਆਤਮ ਤੱਤ ਨੂੰ ਪਰਮ ਤੱਤ (ਪ੍ਰਭੂ) ਨਾਲ ਮਿਲਾ ਲਿਆ ਹੈ, (ਹੇ ਪ੍ਰਭੂ!) ਨਾਨਕ ਤੇਰੀ ਸ਼ਰਣ ਵਿਚ ਆਇਆ ਹੈ (ਮੈਨੂੰ ਵੀ ਅਪਣੇ ਨਾਲ ਮਿਲਾ ਲੈ)।੫।੬।

ਪਦਾਰਥ = ਅਲਖ-(ਅਲੱਖ ਬੋਲੋ) ਮਨ ਬੁਧੀ ਜਿਸ ਨੂੰ ਸਮਝ ਨ ਸਕੇ।ਅਪਾਰ-ਬੇਅੰਤ।ਅਗੰਮ-ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਗੋਚਰ-ਇੰਦ੍ਰੀਆਂ ਦੀ ਪਹੁੰਚ ਤੋਂ ਪਰੇ।ਕਾਲੁ-ਮੌਤ।ਕਰਮਾ-(ਕਿਰਿਆਮਾਨ, ਪ੍ਰਾਲਬਧ ਤੇ ਸੰਚਤ) ਕਰਮ; ਧਾਰਮਕ ਕਰਮ। ਜਾਤਿ-(ਉਚੀ) ਜਾਤ।ਅਜਾਤਿ-ਨੀਵੀਂ ਜਾਤ।ਅਜੋਨੀ-ਜੂਨਾਂ ਤੋਂ ਰਹਿਤ।ਸੰਭਉ-ਅਪਣੇ ਆਪ ਤੋਂ ਪ੍ਰਕਾਸ਼ਵਾਨ।ਭਾਉ-ਮੋਹ; ਭਾਵਨਾ।ਭਰਮਾ-ਭਰਮ; ਭਟਕਣਾ।੧।ਵਿਟਹੁ-ਤੋਂ।ਰੂਪ-ਸ਼ਕਲ ਸੂਰਤ।ਵਰਨੁ-ਰੰਗ; ਖਤ੍ਰੀ ਬ੍ਰਾਹਮਣ ਸੂਦ ਵੈਸ਼ ਵਰਣ ਵੰਡ। ਰੇਖਿਆ-ਚਿੰਨ੍ਹ; ਲਕੀਰਾਂ।ਸਾਚੈ ਸਬਦਿ-ਸੱਚੇ ਗੁਰੂ ਦੇ ਸ਼ਬਦ ਵਿਚ ਜੁੜਨ ਨਾਲ।ਨੀਸਾਣੁ-ਪ੍ਰਗਟ।ਰਹਾਉ।ਸੁਤ-ਪੁਤ੍ਰ।ਬੰਧਪ-ਸਬੰਧੀ।ਕਾਮੁ-ਕਾਮ ਵਾਸ਼ਨਾ।ਨਾਰੀ-ਇਸਤ੍ਰੀ।ਅਕੁਲ-(ਚੰਦ੍ਰ ਵੰਸੀ ਜਾਂ ਸੂਰਜ ਵੰਸੀ ਆਦਿ) ਕੁਲ ਰਹਿਤ।ਨਿਰੰਜਨ-ਮਾਇਆ ਤੋਂ ਰਹਿਤ।ਅਪਰ ਪਰੰਪਰ-(ਜੋ ਮਨੁੱਖ ਜਾਤੀ ਤੋਂ) ਪਰੇ ਦੇਵਤੇ ਹਨ, ਉਨ੍ਹਾਂ ਤੋਂ ਵੀ ਪਰੇ।ਸਗਲੀ ਜੋਤਿ-ਸਾਰੀ ਸੱਤਾ।੨।ਘਟ ਘਟ ਅੰਤਰਿ-ਹਰੇਕ ਜੀਵ ਦੇ ਹਿਰਦੇ ਅੰਦਰ।ਬ੍ਰਹਮੁ-ਪ੍ਰਭੂ।ਜੋਤਿ ਸਬਾਈ-ਸਰਬ ਵਿਆਪਕ ਜੋਤਿ।ਬਜਰ ਕਪਾਟ-(ਅਗਿਆਨ ਦੇ) ਪੱਥਰ ਵਰਗੇ ਸਖਤ ਪੜਦੇ। ਮੁਕਤੇ-ਖੁਲ੍ਹਦੇ ਹਨ।ਗੁਰਮਤੀ-ਗੁਰੂ ਦੀ ਸਿਖਿਆ ਨਾਲ।ਨਿਰਭੈ-ਭੈ ਰਹਿਤ ਪ੍ਰਭੂ।ਤਾੜੀ-ਸਮਾਧੀ।੩।ਜੰਤ-ਜੀਵ।ਉਪਾਇ-ਪੈਦਾ ਕਰ ਕੇ।ਸਿਰਿ-ਸਿਰ ਉਤੇ।ਵਸਗਤਿ-ਵਸ ਵਿਚ।ਜੁਗਤਿ-ਤਰੀਕਾ; ਪ੍ਰਬੰਧ।ਪਾਵਹਿ-ਪਾਉਂਦੇ ਹਨ।ਛੂਟਹਿ-ਛੁਟ (ਮੁਕਤ ਹੋ) ਜਾਂਦੇ ਹਨ।ਕਮਾਈ-ਕਮਾ ਕੇ।੪।ਸੂਚੈ ਭਾਂਡੈ-ਸੁੱਚੇ (ਪਵਿਤ੍ਰ) ਹਿਰਦੇ ਵਿਚ।ਸਮਾਵੈ-ਟਿਕਦਾ ਹੈ।ਸੂਚਾਚਾਰੀ-ਪਵਿਤ੍ਰ ਅਚਾਰ; ਵਿਹਾਰ ਵਾਲਾ ਮਨੁੱਖ।ਤੰਤੈ ਕਉ-ਆਤਮ ਤੱਤ ਨੂੰ।ਪਰਮ ਤੰਤੁ-ਪਰਮ ਤੱਤ (ਪਰਮਾਤਮਾ)।੫।੬।

ਸੋਰਠਿ ਮਹਲਾ ੧ ॥ ਜਿਉ ਮੀਨਾ ਬਿਨੁ ਪਾਣੀਐ, ਤਿਉ ਸਾਕਤੁ ਮਰੈ ਪਿਆਸ ॥ ਤਿਉ ਹਰਿ ਬਿਨੁ ਮਰੀਐ ਰੇ ਮਨਾ, ਜੋ ਬਿਰਥਾ ਜਾਵੈ ਸਾਸੁ ॥੧॥ ਮਨ ਰੇ ਰਾਮ ਨਾਮ ਜਸੁ ਲੇਇ ॥ ਬਿਨੁ ਗੁਰ ਇਹੁ ਰਸੁ ਕਿਉ ਲਹਉ ,ਗੁਰੁ ਮੇਲੈ ਹਰਿ ਦੇਇ ॥ਰਹਾਉ॥ ਸੰਤ ਜਨਾ ਮਿਲੁ ਸੰਗਤੀ, ਗੁਰਮੁਖਿ ਤੀਰਥੁ ਹੋਇ ॥ ਅਠਸਠਿ ਤੀਰਥ ਮਜਨਾ, ਗੁਰ ਦਰਸੁ ਪਰਾਪਤਿ ਹੋਇ ॥੨॥ ਜਿਉ ਜੋਗੀ ਜਤੁ ਬਾਹਰਾ, ਤਪੁ ਨਾਹੀ ਸਤੁ ਸੰਤੋਖੁ ॥ ਤਿਉ ਨਾਮੈ ਬਿਨੁ ਦੇਹੁਰੀ, ਜਮੁ ਮਾਰੈ ਅੰਤਰਿ ਦੋਖੁ ॥੩॥ ਸਾਕਤ ਪ੍ਰੇਮੁ ਨ ਪਾਈਐ, ਹਰਿ ਪਾਈਐ ਸਤਿਗੁਰ ਭਾਇ ॥ ਸੁਖ ਦੁਖ ਦਾਤਾ ਗੁਰੁ ਮਿਲੈ, ਕਹੁ ਨਾਨਕ ਸਿਫਤਿ ਸਮਾਇ ॥੪॥੭॥ (ਹੇ ਭਾਈ!) ਜਿਵੇਂ ਮੱਛੀ ਪਾਣੀ ਤੋਂ ਬਿਨਾ (ਤੜਫਦੀ) ਮਰ ਜਾਂਦੀ ਹੈ, ਤਿਵੇਂ ਸਾਕਤ ਮਨੁੱਖ (ਦੁਖੀ ਹੋ ਕੇ ਮਾਇਆ ਤੇ ਪਦਾਰਥਾਂ ਦੀ) ਪਿਆਸ ਵਿਚ ਹੀ ਮਰ ਜਾਂਦਾ ਹੈ।ਤਿਵੇਂ ਹੇ ਮਨ! ਹਰੀ ਦੇ ਨਾਮ ਸਿਮਰਨ ਤੋਂ ਬਿਨਾ ਜਿਹੜਾ ਸੁਆਸ ਆਉਂਦਾ ਜਾਂਦਾ ਹੈ, ਉਹ ਬਿਰਥਾ ਹੈ, (ਉਸ ਵੇਲੇ ਸਮਝੋ ਆਤਮਕ ਮੌਤੇ) ਮਰ ਜਾਈਦਾ ਹੈ।੧।ਹੇ ਮੇਰੇ ਮਨ! ਪ੍ਰਮਾਤਮਾ ਦਾ ਨਾਮ ਜਪ ਲੈ ਤੇ (ਪ੍ਰਮਾਤਮਾ ਦਾ) ਜਸ ਕਰਿਆ ਕਰ।(ਪਰ) ਗੁਰੂ ਤੋਂ ਬਿਨਾ ਇਹ ਅਨੰਦ (ਆਤਮ ਰਸ) ਕਿਵੇਂ ਪ੍ਰਾਪਤ ਕਰੇਂਗਾ? (ਨਹੀਂ ਮਿਲ ਸਕਦਾ), ਜੇ ਹਰੀ ਗੁਰੂ ਮਿਲਾ ਦੇਵੇ ਤਾਂ (ਨਾਮ ਸਿਮਰਨ ਦਾ ਅਨੰਦ) ਮਿਲਦਾ ਹੈ।ਰਹਾਉ।(ਹੇ ਮੇਰੇ ਮਨ!) ਸੰਤ ਜਨਾਂ ਦੀ ਸੰਗਤ ਵਿਚ ਮਿਲ, (ਇਹੋ) ਗੁਰਮੁਖਾਂ ਲਈ ਤੀਰਥ ਹੈ।(ਗੁਰਮੁਖਾਂ ਲਈ) ਅਠਾਹਠ ਤੀਰਥਾਂ ਦਾ ਇਸ਼ਨਾਨ ਇਹੋ ਹੈ ਕਿ ਗੁਰੂ ਦਾ ਦਰਸ਼ਨ ਪ੍ਰਾਪਤ ਹੋ ਜਾਵੇ।੨।ਜਿਵੇਂ ਜਤ ਤੋਂ ਬਿਨਾ ਜੋਗੀ ਦਾ ਜੋਗ ਨਿਸਫਲ ਹੈ ਅਤੇ ਜਿਵੇਂ ਸਤ ਸੰਤੋਖ ਤੋਂ ਬਿਨਾ ਤਪ ਸਫਲ ਨਹੀਂ ਹੁੰਦਾ।ਤਿਵੇਂ ਨਾਮ ਤੋਂ ਬਿਨਾ ਮਨੁੱਖਾ ਦੇਹੀ ਨਿਸਫਲ ਹੈ, (ਨਾਮ ਦਾ

ਸਿਮਰਨ ਕੀਤੇ ਬਿਨਾ ਸਰੀਰ ਦੇ) ਅੰਦਰ ਪਾਪ ਰਹਿ ਜਾਂਦਾ ਹੈ (ਜਿਸ ਕਰਕੇ) ਜਮ ਮਾਰਦਾ ਹੈ।੩।ਸਾਕਤ ਹੋਣ ਕਰਕੇ ਪ੍ਰਭੂ ਦਾ ਪ੍ਰੇਮ ਨਹੀਂ ਪਾਇਆ ਜਾ ਸਕਦਾ, ਸਤਿਗੁਰੂ ਦੇ ਅਨੁਸਾਰੀ ਹੋਣ ਨਾਲ ਹਰੀ ਪਾਈਦਾ ਹੈ।ਗੁਰੂ ਨਾਨਕ ਦੇਵ ਜੀ ਆਖਦੇ ਹਨ (ਕਿ ਜਿਸ ਮਨੁੱਖ ਨੂੰ) ਸੁਖ ਦੇਣ ਵਾਲਾ ਤੇ ਦੁਖ ਦੂਰ ਕਰਨ ਵਾਲਾ ਗੁਰੂ ਮਿਲ ਜਾਵੇ, ਉਹ ਹਰੀ ਦੀ ਸਿਫਤ ਵਿਚ ਲੀਨ ਰਹਿੰਦਾ ਹੈ॥੪।

ਪਦਾਰਥ = ਮੀਨਾ-ਮੱਛੀ।ਸਾਕਤੁ-ਦੁਰਗਾ ਤੇ ਕਾਲੀ ਦਾ ਪੂਜਕ; ਮਾਇਆ ਦਾ ਪ੍ਰੇਮੀ; ਰੱਬ ਤੋਂ ਬੇਮੁਖ ਹੋਇਆ ਮਨੁੱਖ।ਪਿਆਸ-ਰੁਚੀ; ਇੱਛਾ।ਰੇ ਮਨਾ-ਹੇ ਮਨ!।ਸਾਸੁ-ਸੁਆਸ।੧।ਲੇਇ-(ਜਪ) ਲੈ।ਰਸੁ-ਅਨੰਦ।ਲਹਉ-ਲਵੇਂਗਾ।ਮੇਲੈ ਦੇਇ-ਮਿਲਾ ਦੇਵੇ।ਰਹਾਉ।ਗੁਰਮੁਖਿ-ਗੁਰੂ ਦੀ ਆਗਿਆ ਵਿਚ ਰਹਿਣ ਵਾਲਾ ਮਨੁੱਖ।ਅਠਸਠਿ-ਅਠਾਹਠ।ਮਜਨਾ-ਇਸਨਾਨ।੨।ਜਤ-ਇੰਦ੍ਰੀਆਂ ਨੂੰ ਵਸ ਵਿਚ ਰੱਖਣਾ।ਬਾਹਰਾ-ਬਿਨਾ।ਤਪੁ-ਤਪੱਸਿਆ।ਦੇਹੁਰੀ-ਮਨੁੱਖਾ ਸਰੀਰ।ਅੰਤਰਿ-ਅੰਦਰ।ਦੋਖੁ-ਪਾਪ; ਬੁਰਿਆਈ।੩।ਭਾਇ-ਅਨੁਸਾਰੀ ਹੋਣ ਨਾਲ; ਆਸ਼ੇ ਅਨੁਸਾਰ।ਸਿਫਤਿ ਸਮਾਇ-ਸਿਫਤ ਵਿਚ ਲੀਨ ਰਹਿੰਦਾ ਹੈ।੪।੭।

ਸੋਰਠਿ ਮਹਲਾ ੧ ॥ ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ, ਹਮ ਥਾਰੇ ਭੇਖਾਰੀ ਜੀਉ ॥ ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ, ਹਰਿ ਦੀਜੈ ਨਾਮੁ ਪਿਆਰੀ ਜੀਉ ॥੧॥ ਘਟਿ ਘਟਿ ਰਵਿ ਰਹਿਆ ਬਨਵਾਰੀ ॥ ਜਲਿ ਥਲਿ ਮਹੀਅਲਿ ਗੁਪਤੋ ਵਰਤੈ, ਗੁਰ ਸਬਦੀ ਦੇਖਿ ਨਿਹਾਰੀ ਜੀਉ ॥ਰਹਾਉ॥ ਮਰਤ ਪਇਆਲ ਅਕਾਸੁ ਦਿਖਾਇਓ, ਗੁਰਿ ਸਤਿਗੁਰਿ ਕਿਰਪਾ ਧਾਰੀ ਜੀਉ ॥ (ਅਰਦਾਸ) ਹੇ ਪ੍ਰਭੂ! ਤੂੰ (ਸਾਰੇ ਜੀਵਾਂ ਨੂੰ ਹਰ ਤਰ੍ਹਾਂ ਦਾ) ਦਾਨ ਦੇਣ ਵਾਲਾ ਦਾਤਾ ਹੈਂ ਅਤੇ ਪੂਰਨ ਮੱਤ ਵਾਲਾ ਹੈਂ, ਅਸੀਂ (ਸਾਰੇ ਜੀਵ) ਤੇਰੇ ਭਿਖਾਰੀ ਹਾਂ।ਮੈਂ (ਤੇਰੇ ਪਾਸੋਂ) ਕਿਹੜਾ ਪਦਾਰਥ ਮੰਗਾਂ? (ਕਿਉਂਕਿ) ਕੋਈ ਵੀ ਵਸਤੂ ਸਦਾ ਸਥਿਰ ਨਹੀਂ ਰਹਿੰਦੀ, ਹੇ ਹਰੀ! ਪਿਆਰੀ (ਵਸਤੂ ਮੈਨੂੰ ਅਪਣਾ) ਨਾਮ ਦੇ ਦਿਓ।੧।ਪ੍ਰਭੂ ਹਰੇਕ ਜੀਵ ਵਿਚ ਵਿਆਪਕ ਹੋ ਰਿਹਾ ਹੈ।(ਪ੍ਰਭੂ) ਜਲ ਵਿਚ, ਸੁੱਕੀ ਧਰਤੀ ਵਿਚ ਅਤੇ ਧਰਤੀ ਤੇ ਅਕਾਸ਼ ਦੇ ਵਿਚਕਾਰ ਪੁਲਾੜ ਵਿਚ ਗੁਪਤ ਵਰਤ ਰਿਹਾ ਹੈ, (ਉਸ ਨੂੰ ਅਸੀਂ) ਗੁਰੂ ਦੇ ਸ਼ਬਦ ਦੁਆਰਾ (ਅਪਣੇ ਅੰਦਰ ਵਸਦਾ) ਦੇਖ ਕੇ (ਫਿਰ ਬਾਹਰ ਵੀ) ਦੇਖ ਲਿਆ ਹੈ।ਰਹਾਉ।(ਹੇ ਭਾਈ!) ਪੂਜਨੀਕ ਸਤਿਗੁਰੂ ਨੇ ਕ੍ਰਿਪਾ ਕਰਕੇ (ਸਾਨੂੰ) ਮਾਤ ਲੋਕ, ਪਤਾਲ ਲੋਕ ਤੇ ਅਕਾਸ਼ ਲੋਕ (ਸਾਰਾ ਵਿਸ਼ਵ ਉਸ ਪ੍ਰਭੂ ਨਾਲ) ਭਰਪੂਰ ਹੋ ਰਿਹਾ ਦਿਖਾ ਦਿਤਾ ਹੈ।

ਅੰਗ ੫੯੮ = ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ, ਘਟ ਭੀਤਰਿ ਦੇਖੁ ਮੁਰਾਰੀ ਜੀਉ ॥੨॥ ਜਨਮ ਮਰਨ ਕਉ ਇਹੁ ਜਗੁ ਬਪੁੜੋ, ਇਨਿ ਦੂਜੈ ਭਗਤਿ ਵਿਸਾਰੀ ਜੀਉ ॥ ਸਤਿਗੁਰੁ ਮਿਲੈ ਤ ਗੁਰਮਤਿ ਪਾਈਐ, ਸਾਕਤ ਬਾਜੀ ਹਾਰੀ ਜੀਉ ॥੩॥ ਸਤਿਗੁਰ ਬੰਧਨ ਤੋੜਿ ਨਿਰਾਰੇ, ਬਹੁੜਿ ਨ ਗਰਭ ਮਝਾਰੀ ਜੀਉ ॥ ਨਾਨਕ ਗਿਆਨ ਰਤਨੁ ਪਰਗਾਸਿਆ, ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥੪॥੮॥ ਉਹ ਪ੍ਰਭੂ ਜੂਨਾਂ ਤੋਂ ਰਹਿਤ ਹੈ, ਹੁਣ ਵਰਤਮਾਨ ਕਾਲ ਵਿਚ ਵੀ ਹੈ ਤੇ ਭਵਿੱਖ ਵਿਚ ਵੀ ਸਦਾ ਹੋਵੇਗਾ, (ਹੇ ਭਾਈ!) ਪ੍ਰਭੂ ਨੂੰ ਤੂੰ ਅਪਣੇ ਹਿਰਦੇ ਅੰਦਰ ਵਸਦਾ ਦੇਖ ਲੈ।੨।ਇਹ ਵਿਚਾਰਾ ਜੀਵ ਜਨਮ ਮਰਨ ਨੂੰ ਪ੍ਰਾਪਤ ਹੋ ਰਿਹਾ ਹੈ, (ਕਿਉਂਕਿ) ਇਸ ਨੇ ਦੂਜੇ ਭਾਵ ਵਿਚ ਲਗ ਕੇ ਪ੍ਰਭੂ ਦੀ ਭਗਤੀ ਭੁਲਾ ਦਿਤੀ ਹੋਈ ਹੈ।ਜੇ ਸਤਿਗੁਰੂ ਮਿਲ ਜਾਵੇ ਤਾਂ ਗੁਰੂ ਦੀ ਮੱਤ ਪ੍ਰਾਪਤ ਹੁੰਦੀ ਹੈ, (ਪਰ ਭਗਤੀ ਹੀਣ) ਸਾਕਤ ਲੋਕਾਂ ਨੇ ਮਨੁੱਖਾ ਜਨਮ ਦੀ ਬਾਜੀ (ਵਿਸ਼ੇ ਵਿਕਾਰਾਂ ਦੇ ਜੂਏ ਵਿਚ) ਹਾਰ ਦਿਤੀ ਹੈ।੩।ਸਤਿਗੁਰੂ ਨੇ ਬੰਧਨ ਤੋੜ ਕੇ (ਜਿਹੜੇ ਪੁਰਖ) ਸੁਤੰਤਰ ਕਰ ਦਿਤੇ ਹਨ, ਉਹ ਮੁੜ ਕੇ (ਮਾਂ ਦੇ) ਗਰਭ ਵਿਚ ਨਹੀਂ ਪੈਂਦੇ।ਗੁਰੂ ਨਾਨਕ ਦੇਵ ਜੀ ਆਖਦੇ ਹਨ (ਕਿ ਉਨ੍ਹਾਂ ਦੇ ਮਨ ਵਿਚ) ਗਿਆਨ ਦਾ ਰਤਨ ਪ੍ਰਕਾਸ਼ਵਾਨ ਹੋ ਗਿਆ ਹੈ ਅਤੇ ਨਿਰਕਾਰ ਹਰੀ (ਉਨ੍ਹਾਂ ਦੇ) ਮਨ ਵਿਚ ਵਸਿਆ ਹੈ।੪।੮।

ਪਦਾਰਥ = ਦਾਤਾ ਦਾਨਿ-ਦਾਤਾਂ ਦੇਣ ਵਾਲਾ।ਮਤਿ ਪੂਰਾ-ਪੂਰਨ ਮੱਤ ਵਾਲਾ।ਹਮ-ਅਸੀਂ।ਥਾਰੇ-ਤੇਰੇ।ਕਿਆ ਮਾਗਉ-ਕਿਹੜੀ ਵਸਤੂ ਮੰਗਾਂ।ਥਿਰੁ ਨ ਰਹਾਈ-ਸਦਾ ਟਿਕੀ ਨਹੀਂ ਰਹਿੰਦੀ।ਪਿਆਰੀ-ਪਿਆਰੀ ਵਸਤੂ।੧।ਘਟਿ ਘਟਿ-ਹਰੇਕ ਜੀਵ ਵਿਚ।ਰਵਿ ਰਹਿਆ-ਵਿਆਪਕ ਹੋ ਰਿਹਾ ਹੈ।ਬਨਵਾਰੀ-ਕਰਤਾਰ।ਜਲਿ-ਪਾਣੀ ਵਿਚ।ਥਲਿ-ਸੁੱਕੀ ਧਰਤੀ ਵਿਚ।ਮਹੀਅਲਿ-ਧਰਤੀ ਤੇ ਅਕਾਸ਼ ਵਿਚਾਲੇ ਪੁਲਾੜ ਵਿਚ।ਗੁਰ ਸਬਦੀ-ਗੁਰੂ ਦੇ ਸ਼ਬਦ ਦੁਆਰਾ।ਰਹਾਉ।ਮਰਤ-ਮਾਤ ਲੋਕ।ਪਇਆਲ-ਪਤਾਲ ਲੋਕ।ਅਕਾਸੁ-ਅਕਾਸ਼ (ਦੇਵ) ਲੋਕ।ਗੁਰਿ ਸਤਿਗੁਰਿ-ਪੂਜਨੀਕ ਸਤਿਗੁਰੂ ਨੇ।ਧਾਰੀ-ਕੀਤੀ।ਸੋ-ਉਹ।ਬ੍ਰਹਮੁ-ਪ੍ਰਭੂ।ਅਜੋਨੀ-ਜੂਨਾਂ ਤੋਂ ਰਹਿਤ।ਹੈ ਭੀ-ਹੁਣ ਵਰਤਮਾਨ ਕਾਲ ਵਿਚ ਵੀ ਹੈ।ਹੋਨੀ-ਭਵਿਖ ਵਿਚ ਵੀ ਸਦਾ ਰਹੇਗਾ।ਘਟ ਭੀਤਰਿ-ਹਿਰਦੇ ਅੰਦਰ।ਮੁਰਾਰੀ-ਪ੍ਰਭੂ।੨।ਕਉ-ਲਈ; ਨੂੰ।ਜਗੁ-ਜੀਵ; ਜਗਤ।ਬਪੁੜੋ-ਵਿਚਾਰਾ।ਇਨਿ-ਇਸ ਨੇ।ਦੂਜੈ-ਕਿਸੇ ਦੂਜੇ ਦੇ ਪ੍ਰੇਮ ਵਿਚ ਪੈ ਕੇ।ਵਿਸਾਰੀ-ਭੁਲਾ ਦਿਤੀ।ਗੁਰਮਤਿ- ਗੁਰੂ ਦੀ ਸਿੱਖਿਆ।ਸਾਕਤ-ਰੱਬ ਤੋਂ ਬੇਮੁਖ ਹੋਏ ਲੋਕਾਂ ਨੇ।ਬਾਜੀ-(ਮਨੁੱਖ ਜਨਮ ਦੀ) ਖੇਡ।੩।ਤੋੜਿ-ਤੋੜ ਕੇ।ਨਿਰਾਰੇ-ਨਿਰਲੇਪ; ਮੁਕਤ।ਬਹੁੜਿ-ਮੁੜ ਕੇ।ਗਰਭ ਮਝਾਰੀ-ਮਾਂ ਦੇ ਗਰਭ ਵਿਚ।ਪਰਗਾਸਿਆ-ਪ੍ਰਕਾਸ਼ਿਆ ਹੈ।ਮਨਿ-ਮਨ ਵਿਚ।੪।੮।

ਦੇਖਿ ਨਿਹਾਰੀ = (ਅਪਣੇ ਅੰਦਰ ਵਸਦਾ) ਦੇਖ ਕੇ ਬਾਹਰ ਵੀ ਦੇਖ ਲਿਆ ਹੈ; ਦੇਖਣ ਵਾਲਿਆਂ ਨੇ ਦੇਖ ਲਿਆ ਹੈ।

ਸੋਰਠਿ ਮਹਲਾ ੧ ॥ ਜਿਸੁ ਜਲਨਿਧਿ ਕਾਰਨਿ ਤੁਮ ਜਗਿ ਆਏ, ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥ ਛੋਡਹੁ ਵੇਸੁ ਭੇਖ ਚਤੁਰਾਈ, ਦੁਬਿਧਾ ਇਹੁ ਫਲੁ ਨਾਹੀ ਜੀਉ ॥੧॥ ਮਨ ਰੇ, ਥਿਰੁ ਰਹੁ ਮਤੁ ਕਤ ਜਾਹੀ ਜੀਉ ॥ ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ, ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ਰਹਾਉ॥ ਅਵਗੁਣ ਛੋਡਿ ਗੁਣਾ ਕਉ ਧਾਵਹੁ ,ਕਰਿ ਅਵਗੁਣ ਪਛੁਤਾਹੀ ਜੀਉ ॥ ਸਰ ਅਪਸਰ ਕੀ ਸਾਰ ਨ ਜਾਣਹਿ, ਫਿਰਿ ਫਿਰਿ ਕੀਚ ਬੁਡਾਹੀ ਜੀਉ ॥੨॥ ਅੰਤਰਿ ਮੈਲੁ ਲੋਭ ਬਹੁ ਝੂਠੇ, ਬਾਹਰਿ ਨਾਵਹੁ ਕਾਹੀ ਜੀਉ ॥ ਨਿਰਮਲ ਨਾਮੁ ਜਪਹੁ ਸਦ ਗੁਰਮੁਖਿ, ਅੰਤਰ ਕੀ ਗਤਿ ਤਾਹੀ ਜੀਉ ॥੩॥ ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ,ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥ ਜਿਉ ਭਾਵੈ ਤਿਉ ਰਾਖਹੁ ਹਰਿ ਜੀਉ ,ਜਨ ਨਾਨਕ ਸਬਦਿ ਸਲਾਹੀ ਜੀਉ ॥੪॥੯॥ (ਹੇ ਭਾਈ!) ਜਿਸ ਅੰਮ੍ਰਿਤ ਦੇ ਖਜਾਨੇ (ਹਰੀ ਦੇ ਨਾਮ ਨੂੰ ਪ੍ਰਾਪਤ ਕਰਨ) ਵਾਸਤੇ ਤੁਸੀਂ ਜਗਤ ਵਿਚ ਆਏ (ਪੈਦਾ ਹੋਏ) ਹੋ, ਉਹ ਨਾਮ ਅੰਮ੍ਰਿਤ ਗੁਰੂ ਪਾਸ ਹੈ ਜੀ।(ਤੁਸੀਂ ਧਾਰਮਕ) ਭੇਖਾਂ ਵਾਲਾ ਪਹਿਰਾਵਾ ਤੇ ਮਨ ਦੀ ਚਤਰਾਈ ਛਡ ਦਿਓ (ਬਾਹਰੋਂ ਸ਼ਕਲ ਧਰਮ ਦੀ ਤੇ ਅੰਦਰੋਂ ਲੋਕਾਂ ਨੂੰ ਠੱਗਣ ਦੀ ਚਲਾਕੀ, ਇਸ) ਦੁਬਿਧਾ ਵਿਚ ਰਹਿਣ ਨਾਲ ਇਹ ਅੰਮ੍ਰਿਤ ਫਲ ਨਹੀਂ ਮਿਲ ਸਕਦਾ।੧।ਹੇ (ਮੇਰੇ) ਮਨ! ਤੂੰ ਅਡੋਲ ਰਹੁ ,ਕਿਧਰੇ ਨਾ ਜਾਈਂ (ਇਧਰ ਉਧਰ ਨਾ ਭਟਕਦਾ ਫਿਰ।ਕਿਉਂਕਿ) ਬਾਹਰ ਢੂੰਢਦਿਆਂ ਬਹੁਤ ਦੁਖ ਪਾਵੇਂਗਾ, ਨਾਮ ਅੰਮ੍ਰਿਤ ਸਰੀਰ ਵਿਚ ਹੀ, ਹਿਰਦੇ ਵਿਚ ਹੈ; ਅੰਮ੍ਰਿਤ ਦਾ ਘੜਾ ਤੇਰੇ ਹਿਰਦੇ ਵਿਚ ਹੀ ਹੈ।ਰਹਾਉ।(ਹੇ ਮਨ!) ਅਉਗੁਣਾਂ ਨੂੰ ਛਡ ਕੇ ਗੁਣ (ਧਾਰਨ ਕਰਨ) ਲਈ ਦੌੜ, (ਪਰ) ਅਉਗੁਣ ਕਰ ਕੇ ਪਛਤਾਉਣਾ ਹੀ ਪੈਂਦਾ ਹੈ; ਪਿਛਲੇ ਕੀਤੇ ਅਉਗਣਾਂ ਦਾ ਪਛਤਾਵਾ ਕਰ।ਤੂੰ ਚੰਗੇ ਮੰਦੇ ਦੀ ਸਾਰ ਨਹੀਂ ਜਾਣਦਾ, ਮੁੜ ਮੁੜ ਮੋਹ (ਜਾਂ ਵਿਸ਼ਿਆਂ) ਦੇ ਚਿੱਕੜ ਵਿਚ ਡੁਬਦਾ ਹੈਂ (ਧਰਮ ਦਾ ਵੇਸ ਧਾਰ ਕੇ ਵੀ ਬੁਰੇ ਕਰਮ ਕਰਦਾ ਹੈਂ।੨।ਹੇ ਭਾਈ! ਤੁਹਾਡੇ) ਅੰਦਰ ਝੂਠੇ ਪਦਾਰਥਾਂ ਦੇ ਲੋਭ ਦੀ ਮੈਲ ਬਹੁਤ ਹੈ, ਬਾਹਰੋਂ ਕਿਸ ਵਾਸਤੇ ਨ੍ਹਾਉਂਦੇ ਫਿਰਦੇ ਹੋ? (ਬਾਹਰੋਂ ਨ੍ਹਾਉਣ ਨਾਲ ਅੰਦਰਲੀ ਮੈਲ ਨਹੀਂ ਉਤਰ ਸਕਦੀ)।ਗੁਰੂ ਦੁਆਰਾ ਸਦਾ ਨਿਰਮਲ ਨਾਮ ਜਪੋ, ਅੰਦਰ ਦੀ ਪਵਿਤ੍ਰਤਾ ਤਦੇ ਹੀ ਹੋਵੇਗੀ; ਅੰਦਰ ਦੀ ਮੈਲ ਤਦ ਹੀ ਨਾਸ਼ ਹੋਵੇਗੀ।੩।(ਹੇ ਭਾਈ!) ਲੋਭ ਛਡ ਦਿਓ, ਨਿੰਦਾ ਕਰਨੀ ਤੇ ਝੂਠ ਬੋਲਣਾ ਵੀ ਛਡ ਦਿਓ, ਤਦ ਗੁਰੂ ਦੇ ਬਚਨਾਂ ਦੁਆਰਾ ਸੱਚਾ ਨਾਮ ਅੰਮ੍ਰਿਤ ਫਲ ਪਾ ਲਵੋਂਗੇ।ਪ੍ਰਭੂ ਦੇ ਦਾਸ ਗੁਰੂ ਨਾਨਕ ਦੇਵ ਜੀ ਅਰਦਾਸ ਕਰਦੇ ਹਨ ਕਿ ਹੇ ਹਰੀ! ਜਿਵੇਂ ਤੈਨੂੰ ਭਾਉਂਦਾ ਹੈ, ਤਿਵੇਂ ਮੈਨੂੰ ਰੱਖ ਅਤੇ (ਇਹ ਮੇਹਰ ਕਰ ਕਿ) ਮੈਂ ਸ਼ਬਦ ਵਿਚ ਜੁੜ ਕੇ ਤੇਰੀ ਸਿਫਤ ਸਲਾਹ ਕਰਦਾ ਰਹਾਂ।੪।੯।

ਪਦਾਰਥ = ਜਲਨਿਧਿ–ਅੰਮ੍ਰਿਤ ਦਾ ਖਜਾਨਾ ਨਾਮ।ਕਾਰਨਿ–ਵਾਸਤੇ।ਜਗਿ–ਜਗਤ ਵਿਚ।ਸੋ–ਉਹ।ਪਾਹੀ–ਪਾਸ।ਵੇਸੁ ਭੇਖ–ਧਾਰਮਕ ਭੇਖਾਂ ਵਾਲਾ ਪਹਿਰਾਵਾ।ਦੁਬਿਧਾ–ਦੁਚਿੱਤਾਪਣ।੧।ਮਨ ਰੇ–ਹੇ ਮਨ!।ਥਿਰੁ ਰਹੁ–ਅਡੋਲ ਰਹੁ; ਟਿਕਿਆ ਰਹੁ।ਕਤ–ਕਿਤੇ; ਕਿਧਰੇ।ਮਤ ਜਾਹੀ–ਨਾ ਜਾਈਂ।ਘਰਿ–ਸਰੀਰ ਵਿਚ।ਘਟ ਮਾਹੀ–ਹਿਰਦੇ ਵਿਚ।ਰਹਾਉ।ਕਉ–ਨੂੰ; ਲਈ।ਧਾਵਹੁ–ਦੌੜ (ਜਤਨ ਕਰ)।ਕਰਿ–ਕਰ ਕੇ।ਸਰ ਅਪਸਰ–ਚੰਗਾ ਮੰਦਾ।ਸਾਰ–ਖਬਰ।ਫਿਰਿ ਫਿਰਿ–ਮੁੜ ਮੁੜ (ਬਾਰ ਬਾਰ)।ਕੀਚ–ਚਿੱਕੜ।ਬੁਡਾਹੀ–ਤੂੰ ਡੁਬਦਾ ਹੈਂ।੨।ਅੰਤਰਿ–ਹਿਰਦੇ ਅੰਦਰ।ਨਾਵਹੁ ਕਾਹੀ–ਕਿਸ ਵਾਸਤੇ ਨ੍ਹਾਉਂਦੇ ਹੋ।ਸਦ–ਸਦਾ।ਗੁਰਮੁਖਿ–ਗੁਰੂ ਦੁਆਰਾ।ਗਤਿ–ਪਵਿਤ੍ਰਤਾ; ਨਾਸ ਹੋਵੇਗੀ।ਤਾਹੀ–ਤਦੇ ਹੀ।੩।ਪਰਹਰਿ–ਛਡ ਦਿਓ।ਕੂੜੁ–ਝੂਠ।ਗੁਰ ਬਚਨੀ–ਗੁਰੂ ਦੇ ਬਚਨਾਂ ਦੁਆਰਾ।ਪਾਹੀ–ਪਾ ਲਵੋਂਗੇ।ਭਾਵੈ–ਭਾਉਂਦਾ (ਚੰਗਾ ਲਗਦਾ) ਹੈ।ਜਨ–ਦਾਸ।ਸਬਦਿ–ਸ਼ਬਦ ਵਿਚ ਜੁੜ ਕੇ।ਸਲਾਹੀ–ਸਿਫਤ ਸਲਾਹ ਕਰਦਾ ਰਹਾਂ।੪।੯।

ਸੋਰਠਿ ਮਹਲਾ ੧ ਪੰਚਪਦੇ ॥ ਅਪਨਾ ਘਰੁ ਮੂਸਤ ਰਾਖਿ ਨ ਸਾਕਹਿ, ਕੀ ਪਰ ਘਰੁ ਜੋਹਨ ਲਾਗਾ ॥ ਘਰੁ ਦਰੁ ਰਾਖਹਿ ਜੇ ਰਸੁ ਚਾਖਹਿ, ਜੋ ਗੁਰਮੁਖਿ ਸੇਵਕੁ ਲਾਗਾ ॥੧॥ ਮਨ ਰੇ, ਸਮਝੁ ਕਵਨ ਮਤਿ ਲਾਗਾ ॥ ਨਾਮੁ ਵਿਸਾਰਿ ਅਨ ਰਸ ਲੋਭਾਨੇ, ਫਿਰਿ ਪਛੁਤਾਹਿ ਅਭਾਗਾ ॥ਰਹਾਉ॥ ਆਵਤ ਕਉ ਹਰਖ ਜਾਤ ਕਉ ਰੋਵਹਿ, ਇਹੁ ਦੁਖੁ ਸੁਖੁ ਨਾਲੇ ਲਾਗਾ ॥ ਆਪੇ ਦੁਖ ਸੁਖ ਭੋਗਿ ਭੋਗਾਵੈ, ਗੁਰਮੁਖਿ ਸੋ ਅਨਰਾਗਾ ॥੨॥ ਹਰਿ ਰਸ ਊਪਰਿ ਅਵਰੁ ਕਿਆ ਕਹੀਐ, ਜਿਨਿ ਪੀਆ ਸੋ ਤ੍ਰਿਪਤਾਗਾ ॥ ਮਾਇਆ ਮੋਹਿਤ ਜਿਨਿ ਇਹੁ ਰਸੁ ਖੋਇਆ, ਜਾ ਸਾਕਤ ਦੁਰਮਤਿ ਲਾਗਾ ॥੩॥ ਮਨ ਕਾ ਜੀਉ ਪਵਨ ਪਤਿ ਦੇਹੀ, ਦੇਹੀ ਮਹਿ ਦੇਉ ਸਮਾਗਾ ॥ ਜੇ ਤੂ ਦੇਹਿ ਤ ਹਰਿ ਰਸੁ ਗਾਈ, ਮਨੁ ਤ੍ਰਿਪਤੈ ਹਰਿ ਲਿਵ ਲਾਗਾ ॥੪॥ ਸਾਧ ਸੰਗਤਿ ਮਹਿ ਹਰਿ ਰਸੁ ਪਾਈਐ, ਗੁਰਿ ਮਿਲਿਐ ਜਮ ਭਉ ਭਾਗਾ ॥ ਨਾਨਕ ਰਾਮ ਨਾਮ ਜਪਿ ਗੁਰਮੁਖਿ, ਹਰਿ ਪਾਏ ਮਸਤਕਿ ਭਾਗਾ ॥੫॥੧੦॥ (ਹੇ ਮਨ! ਤੇਰਾ) ਅਪਣਾ ਘਰ ਲੁੱਟਿਆ ਜਾ ਰਿਹਾ ਹੈ (ਉਸ ਨੂੰ ਤੂੰ) ਬਚਾ ਕੇ ਰਖ ਨਹੀਂ ਸਕਦਾ, ਪਰਾਏ ਘਰ ਨੂੰ (ਲੁੱਟਣ ਦੀ ਨਜਰ ਨਾਲ) ਕਿਉਂ ਤੱਕਣ ਲਗਾ ਹੋਇਆ ਹੈਂ? (ਤੂੰ ਹੋਰਨਾਂ ਨੂੰ ਲੁੱਟ ਕੇ ਐਸ਼ ਕਰਨਾ ਚਾਹੁੰਦਾ ਹੈਂ, ਪਰ ਵਿਸ਼ੇ ਵਿਕਾਰ ਤੇਰੀ ਆਤਮਾ ਨੂੰ ਲੁੱਟ ਰਹੇ ਹਨ ਅਤੇ ਤੈਨੂੰ ਕੋਈ ਖਬਰ ਨਹੀਂ।ਤੂੰ

ਅਪਣਾ) ਘਰ ਬਾਰ ਤਦੇ ਬਚਾ ਕੇ ਰਖ ਸਕਦਾ ਹੈਂ, ਜੇ ਹਰੀ ਦਾ ਨਾਮ ਰਸ ਪੀਵੇਂ, (ਪਰ ਨਾਮ ਰਸ ਉਹ ਮਨੁੱਖ ਹੀ ਪੀ ਸਕਦਾ ਹੈ), ਜੋ ਗੁਰੂ ਦੀ ਸ਼ਰਣ ਵਿਚ ਸੇਵਕ ਬਣ ਕੇ (ਨਾਮ ਜਪਣ ਵਿਚ) ਲੱਗਾ ਹੁੰਦਾ ਹੈ।੧।ਹੇ ਮੇਰੇ ਮਨ! ਸਮਝ ਕਰ, ਤੂੰ ਕਿਹੜੀ ਖੋਟੀ ਮੱਤ ਵਿਚ ਲਗਾ ਹੋਇਆ ਹੈਂ।ਪ੍ਰਭੂ ਦੇ ਨਾਮ ਨੂੰ ਭੁਲਾ ਕੇ ਹੋਰ ਰਸਾਂ ਵਿਚ ਰਚਿਆ ਹੋਇਆ ਹੈਂ, ਹੇ ਭਾਗਹੀਣ ਮਨੁੱਖ! ਫਿਰ ਅੰਤ ਨੂੰ ਤੂੰ ਪਛਤਵੇਂਗਾ। ਰਹਾਉ।ਆਉਂਦੇ ਧਨ ਨੂੰ ਦੇਖ ਕੇ ਤੂੰ ਖੁਸ਼ ਹੁੰਦਾ ਹੈਂ ਤੇ ਜਾਂਦੇ ਧਨ ਨੂੰ ਦੇਖ ਕੇ ਰੋਂਦਾ (ਦੁਖੀ ਹੁੰਦਾ) ਹੈਂ, ਇਹ ਦੁਖ ਤੇ ਸੁਖ (ਹਰੇਕ ਜੀਵ ਦੇ) ਨਾਲ ਲੱਗਿਆ ਆ ਰਿਹਾ ਹੈ।(ਪਰ ਜੀਵ ਦੇ ਵਸ ਵਿਚ ਕੀ ਹੈ?) ਪ੍ਰਭੂ ਆਪ ਹੀ (ਜੀਵ ਨੂੰ ਉਸ ਦੇ ਕੀਤੇ ਕਰਮਾਂ ਅਨੁਸਾਰ) ਦੁਖਾਂ ਤੇ ਸੁਖਾਂ ਦੇ ਭੋਗ ਵਿਚ ਲਗਾ ਕੇ ਭੋਗ ਭੁਗਵਾ ਰਿਹਾ ਹੈ, (ਪਰ ਜੋ) ਗੁਰਮੁਖ ਹੈ, ਉਹ (ਦੁਖ ਸੁਖ ਦੇ ਅਨੁਭਵ ਤੋਂ) ਨਿਰਮੋਹ ਰਹਿੰਦਾ ਹੈ।੨।ਹਰੀ ਦੇ ਨਾਮ ਰਸ ਤੋਂ ਉਪਰ ਹੋਰ ਕਿਹੜਾ ਰਸ ਕਹੀਏ? (ਨਾਮ ਰਸ ਦੇ ਬਰਾਬਰ ਹੋਰ ਕੋਈ ਰਸ ਨਹੀਂ), ਜਿਸ ਮਨੁੱਖ ਨੇ ਨਾਮ ਰਸ ਪੀਤਾ ਹੈ, ਉਹ ਤ੍ਰਿਪਤ ਹੋ ਗਿਆ ਹੈ (ਉਸ ਨੂੰ ਦੁਨੀਆਂ ਦੇ ਰਸਾਂ ਕਸਾਂ ਦੀ ਭੁੱਖ ਨਹੀਂ ਰਹਿੰਦੀ)।ਮਾਇਆ ਦੇ ਮੋਹੇ ਹੋਏ ਜਿਸ ਮਨੁੱਖ ਨੇ ਇਹ ਨਾਮ ਰਸ ਗੁਆ ਲਿਆ ਹੈ, ਉਹ ਸਾਕਤ ਖੋਟੀ ਮੱਤ ਵਿਚ ਜਾ ਲੱਗਾ ਹੈ।੩।ਮਨ ਦਾ ਜੀਵਨ ਪ੍ਰਾਣ ਹਨ, ਪ੍ਰਾਣਾਂ ਦਾ ਪਤੀ ਜੀਵਾਤਮਾ ਹੈ, ਜੀਵਾਤਮਾ ਵਿਚ ਵਾਹਿਗੁਰੂ ਸਮਾਇਆ ਹੋਇਆ (ਸੱਤਾ ਦੇ ਰਿਹਾ) ਹੈ।ਹੇ ਹਰੀ! ਜੇ ਤੂੰ ਮੈਨੂੰ ਨਾਮ ਰਸ ਦੇਵੇਂ ਤਾਂ ਮੈਂ ਤੇਰੇ ਗੁਣ ਗਾਵਾਂ, (ਕਿਉਂਕਿ ਜਿਸ ਮਨੁੱਖ ਦੀ) ਲਿਵ ਹਰੀ ਦੇ ਸਿਮਰਨ ਵਿਚ ਲਗ ਜਾਂਦੀ ਹੈ, (ਦੁਨੀਆਂ ਦੇ ਪਦਾਰਥਾਂ ਵੱਲੋਂ ਉਸ ਦਾ) ਮਨ ਰੱਜ ਜਾਂਦਾ ਹੈ।੪।(ਹੇ ਭਾਈ!) ਹਰੀ ਦਾ ਨਾਮ ਸਾਧ ਸੰਗਤ ਵਿਚੋਂ ਪਾਇਆ ਜਾਂਦਾ ਹੈ, (ਉਥੇ) ਗੁਰੂ ਦੇ ਮਿਲਣ ਨਾਲ ਜਮ ਦਾ ਡਰ ਭੱਜ ਜਾਂਦਾ ਹੈ।ਗੁਰੂ ਨਾਨਕ ਦੇਵ ਜੀ ਆਖਦੇ ਹਨ (ਕਿ ਜਿਸ ਮਨੁੱਖ ਦੇ) ਮੱਥੇ ਉਤੇ ਚੰਗਾ ਭਾਗ ਲਿਖਿਆ ਹੁੰਦਾ ਹੈ, ਉਹ ਗੁਰੂ ਦੁਆਰਾ ਪ੍ਰਭੂ ਦਾ ਨਾਮ ਜਪ ਕੇ ਪ੍ਰਭੂ ਨੂੰ ਪਾ ਲੈਂਦਾ ਹੈ।੫।੧੦।

ਗੁਰਮੁਖਿ ਸੋ ਅਨਰਾਗਾ = ਜੋ ਗੁਰਮੁਖ ਹੈ, ਉਹ ਪ੍ਰਭੂ ਦਾ ਪ੍ਰੇਮੀ ਹੈ, (ਉਹ ਜਾਣਦਾ ਹੈ ਕਿ) ਪ੍ਰਭੂ ਆਪੇ (ਜੀਵ ਦੇ ਕੀਤੇ ਕਰਮਾਂ ਅਨੁਸਾਰ ਉਸ ਨੂੰ) ਦੁਖਾਂ ਸੁੱਖਾਂ ਦੇ ਭੋਗ ਵਿਚ ਲਗਾ ਕੇ ਭੋਗ ਭੁਗਵਾ ਰਿਹਾ ਹੈ।੪।

ਪਦਾਰਥ = ਪੰਚਪਦੇ-ਪੰਜ ਬੰਦਾਂ ਵਾਲੇ ਸ਼ਬਦ।ਮੂਸਤ-ਲੁੱਟਿਆ ਜਾ ਰਿਹਾ ਹੈ।ਕੀ-ਕਿਉਂ।ਪਰ-ਪਰਾਇਆ।ਜੋਹਨ ਲਾਗਾ-(ਅੱਖਾਂ ਪਾੜ ਪਾੜ ਕੇ) ਦੇਖਣ ਲੱਗਾ ਹੈਂ।ਘਰੁ ਦਰੁ-ਘਰ ਬਾਰ।ਰਸੁ-(ਨਾਮ ਦਾ) ਅਨੰਦ।ਚਾਖਹਿ-ਪੀਵੇਂਗਾ (ਮਾਣੇਂਗਾ)।ਮਨ ਰੇ-ਹੇ ਮੇਰੇ ਮਨ!।ਕਵਨ-ਕਿਹੜੀ।ਵਿਸਾਰਿ-ਭੁਲਾ ਕੇ।ਅਨ ਰਸ-ਹੋਰ ਸੁਆਦਾਂ ਵਿਚ।ਲੋਭਾਨੇ-ਮਸਤ ਹੋ ਰਿਹਾ ਹੈਂ।ਅਭਾਗਾ-ਹੇ ਭਾਗ ਹੀਣ ਮਨੁੱਖ!।ਰਹਾਉ।ਆਵਤ ਕਉ-ਆਉਂਦੇ (ਧਨ) ਨੂੰ ਦੇਖ ਕੇ।ਹਰਖ-ਖੁਸ਼।ਜਾਤ ਕਉ-ਜਾਂਦੇ ਨੂੰ (ਦੇਖ ਕੇ)।ਭੋਗਿ ਭੋਗਾਵੈ-ਭੋਗ ਵਿਚ ਲਗਾ ਕੇ ਭੁਗਵਾ ਰਿਹਾ ਹੈ।ਸੋ-ਉਹ।ਅਨਰਾਗਾ-ਨਿਰਮੋਹ; ਪ੍ਰੇਮੀ।੨।ਊਪਰਿ-ਉਚਾ; ਸ੍ਰੇਸਟ।ਅਵਰੁ ਕਿਆ-ਹੋਰ ਕਿਹੜਾ।ਜਿਨਿ-ਜਿਸ ਨੇ।ਪੀਆ-ਪੀਤਾ।ਤ੍ਰਿਪਤਾਗਾ-ਰੱਜ ਗਿਆ।ਮੋਹਿਤ-ਮੋਹਿਆ ਹੋਇਆ।ਖੋਇਆ-ਗਵਾ ਲਿਆ।ਜਾ ਲਾਗਾ-ਜਾ ਲੱਗਿਆ ਹੈ।ਸਾਕਤ-ਰੱਬ ਤੋਂ ਬੇਮੁਖ ਮਨੁੱਖ।ਦੁਰਮਤਿ-ਖੋਟੀ ਮੱਤ ਵਿਚ।੩।ਜੀਉ-ਜੀਵਨ; ਆਸਰਾ।ਪਵਨ-ਪ੍ਰਾਣ।ਪਤਿ-ਮਾਲਕ।ਦੇਹੀ ਮਹਿ-ਜੀਵਾਤਮਾ ਵਿਚ।ਦੇਉ-ਪ੍ਰਭੂ।ਸਮਾਗਾ-ਸਮਾਇਆ ਹੋਇਆ ਹੈ।ਦੇਹਿ-ਦੇਵੇਂ।ਗਾਈ-ਮੈਂ ਗੁਣ ਗਾਵਾਂ।ਤ੍ਰਿਪਤੈ-ਰੱਜ ਜਾਂਦਾ ਹੈ।੪।ਜਮ ਭਉ-ਜਮ ਦਾ ਡਰ।ਭਾਗਾ-ਦੌੜ ਜਾਂਦਾ ਹੈ।ਮਸਤਕਿ-ਮੱਥੇ ਉਤੇ।ਭਾਗਾ।(ਚੰਗੇ) ਭਾਗ।੫।੧੦।

ਸੋਰਠਿ ਮਹਲਾ ੧ ॥ ਸਰਬ ਜੀਆ ਸਿਰਿ ਲੇਖੁ ਧੁਰਾਹੂ ,ਬਿਨੁ ਲੇਖੈ ਨਹੀ ਕੋਈ ਜੀਉ ॥ ਆਪਿ ਅਲੇਖੁ ਕੁਦਰਤਿ ਕਰਿ ਦੇਖੈ, ਹੁਕਮਿ ਚਲਾਏ ਸੋਈ ਜੀਉ ॥੧॥ (ਹੇ ਮੇਰੇ ਮਨ!) ਸਾਰੇ ਜੀਵਾਂ ਦੇ ਸਿਰ ਉਤੇ ਧੁਰ ਤੋਂ (ਹਰੀ ਦੀ ਦਰਗਾਹ ਤੋਂ ਆਪੋ ਅਪਣੇ ਕੀਤੇ ਕਰਮਾਂ ਦੇ ਸੰਸਕਾਰਾਂ ਦਾ) ਲੇਖ ਲਿਖਿਆ ਹੋਇਆ ਹੈ (ਜਿਸ ਅਨੁਸਾਰ ਜੀਵ ਭੋਗ ਭੋਗਦੇ ਹਨ, ਇਸ) ਲਿਖਤ ਤੋਂ ਬਿਨਾ ਕੋਈ ਜੀਵ ਨਹੀਂ ਹੈ।ਹਰੀ ਆਪ (ਅਜੇਹੇ ਕਰਮਾਂ ਦੇ) ਲੇਖ ਤੋਂ ਰਹਿਤ ਹੈ, ਉਹ ਕੁਦਰਤ ਦੁਆਰਾ (ਜਗਤ ਨੂੰ) ਪੈਦਾ ਕਰਕੇ ਦੇਖਦਾ (ਸਭ ਦੀ ਸੰਭਾਲ ਕਰਦਾ) ਹੈ ਅਤੇ ਉਹ ਹੀ (ਰਚੀ ਸ੍ਰਿਸਟੀ ਨੂੰ ਅਪਣੇ) ਹੁਕਮ ਵਿਚ ਚਲਾਉਂਦਾ ਹੈ।੧।

ਅੰਗ ੫੯੯ = ਮਨ ਰੇ ਰਾਮ ਜਪਹੁ ਸੁਖੁ ਹੋਈ ॥ ਅਹਿਨਿਸਿ ਗੁਰ ਕੇ ਚਰਨ ਸਰੇਵਹੁ ,ਹਰਿ ਦਾਤਾ ਭੁਗਤਾ ਸੋਈ ॥ਰਹਾਉ॥ ਜੋ ਅੰਤਰਿ ਸੋ ਬਾਹਰਿ ਦੇਖਹੁ ,ਅਵਰੁ ਨ ਦੂਜਾ ਕੋਈ ਜੀਉ ॥ ਗੁਰਮੁਖਿ ਏਕ ਦ੍ਰਿਸਟਿ ਕਰਿ ਦੇਖਹੁ ,ਘਟਿ ਘਟਿ ਜੋਤਿ ਸਮੋਈ ਜੀਉ ॥੨ ॥ ਚਲਤੌ ਠਾਕਿ ਰਖਹੁ ਘਰਿ ਅਪਨੈ, ਗੁਰ ਮਿਲਿਐ ਇਹ ਮਤਿ ਹੋਈ ਜੀਉ ॥ ਦੇਖਿ ਅਦ੍ਰਿਸਟੁ ਰਹਉ ਬਿਸਮਾਦੀ, ਦੁਖੁ ਬਿਸਰੈ ਸੁਖੁ ਹੋਈ ਜੀਉ ॥੩॥ ਪੀਵਹੁ ਅਪਿਉ ਪਰਮ ਸੁਖੁ ਪਾਈਐ, ਨਿਜ ਘਰਿ ਵਾਸਾ ਹੋਈ ਜੀਉ ॥ ਜਨਮ ਮਰਣ ਭਵ ਭੰਜਨੁ ਗਾਈਐ, ਪੁਨ ਰਪਿ ਜਨਮੁ ਨ ਹੋਈ ਜੀਉ ॥੪॥ ਤਤੁ ਨਿਰੰਜਨੁ ਜੋਤਿ ਸਬਾਈ, ਸੋਹੰ ਭੇਦੁ ਨ ਕੋਈ ਜੀਉ ॥ ਅਪਰੰਪਰ ਪਾਰਬ੍ਰਹਮੁ ਪਰਮੇਸਰੁ

,ਨਾਨਕ ਗੁਰ ਮਿਲਿਆ ਸੋਈ ਜੀਉ ॥੫॥੧੧॥ ਹੇ ਮੇਰੇ ਮਨ! ਵਾਹਿਗੁਰੂ ਦਾ ਨਾਮ ਜਪੋ, (ਇਉਂ ਜਪਣ ਨਾਲ) ਸੁਖ ਪ੍ਰਾਪਤ ਹੋਵੇਗਾ। ਦਿਨ ਰਾਤ ਗੁਰੂ ਦੇ ਚਰਨਾਂ ਦੀ ਸੇਵਾ ਕਰੋ, (ਫਿਰ ਜਾਣ ਲਵੇਂਗਾ ਕਿ) ਉਹ ਹਰੀ ਹੀ (ਸਾਰੇ ਜੀਵਾਂ ਨੂੰ) ਦਾਤਾਂ ਦੇਣ ਵਾਲਾ ਹੈ ਅਤੇ (ਸਭ ਜੀਵਾਂ ਦੇ ਅੰਦਰ ਵਸਦਾ ਹੋਣ ਕਰਕੇ ਦਾਤਾਂ ਨੂੰ) ਭੋਗਣ ਵਾਲਾ ਹੈ।ਰਹਾਉ।(ਹੇ ਭਾਈ!) ਜਿਹੜਾ ਪ੍ਰਭੂ (ਤੁਹਾਡੇ ਸਰੀਰ) ਅੰਦਰ ਹੈ, ਉਸ ਨੂੰ ਬਾਹਰ (ਵਿਆਪਕ ਹੋ ਰਿਹਾ) ਦੇਖੋ, (ਉਸ ਤੋਂ ਬਿਨਾ) ਕੋਈ ਹੋਰ ਦੂਜਾ ਨਹੀਂ ਹੈ (ਜੋ ਅੰਦਰ ਵੀ ਹੋਵੇ ਤੇ ਬਾਹਰ ਵੀ ਹੋਵੇ)।ਗੁਰੂ ਦੁਆਰਾ ਇਕ ਨਜਰ ਕਰਕੇ ਦੇਖੋ (ਤਾਂ ਪਤਾ ਲਗੇਗਾ ਕਿ ਉਸ ਦੀ) ਜੋਤ ਹਰੇਕ ਜੀਵ ਦੇ ਹਿਰਦੇ ਵਿਚ ਸਮਾਈ ਹੋਈ ਹੈ। ੨।ਭਟਕਦੇ ਮਨ ਨੂੰ ਅਪਣੇ ਹਿਰਦੇ ਘਰ ਵਿਚ ਰੋਕ ਕੇ ਰੱਖੋ, (ਪਰ) ਗੁਰੂ ਦੇ ਮਿਲਿਆਂ ਇਹ ਮੱਤ ਪ੍ਰਾਪਤ ਹੁੰਦੀ ਹੈ।ਅਦ੍ਰਿਸਟ ਪ੍ਰਭੂ ਨੂੰ (ਸਭ ਜੀਵਾਂ ਵਿਚ ਵਸਦਾ) ਦੇਖ ਕੇ ਵਿਸਮਾਦ ਅਵਸਥਾ ਵਿਚ ਟਿਕੇ ਰਹੋਗੇ, (ਇਸ ਅਵਸਥਾ ਵਿਚ) ਦੁਖ ਭੁੱਲ (ਦੂਰ ਹੋ) ਜਾਏਗਾ ਤੇ ਸੁਖ ਪ੍ਰਾਪਤ ਹੋਵੇਗਾ।੩।(ਹੇ ਭਾਈ! ਨਾਮ) ਅੰਮ੍ਰਿਤ ਪੀਵੋ, (ਜਿਸ ਦੇ ਪੀਣ ਨਾਲ) ਪਰਮ ਸੁਖ ਪਾ ਲਈਦਾ ਹੈ ਅਤੇ ਅਪਣੇ ਆਤਮ ਸਰੂਪ ਵਿਚ ਵਾਸਾ ਹੋ ਜਾਂਦਾ ਹੈ।ਜਨਮ ਮਰਣ ਦਾ ਡਰ ਨਾਸ਼ ਕਰਨ ਵਾਲੇ ਪ੍ਰਭੂ ਦਾ ਜਸ ਗਾਇਆ ਜਾਵੇ ਤਾਂ ਮੁੜ ਦੁਬਾਰਾ ਜਨਮ ਨਹੀਂ ਹੁੰਦਾ (ਮੁਕਤ ਹੋ ਜਾਈਦਾ ਹੈ।੪।ਜਦ ਆਤਮ ਸਰੂਪ ਵਿਚ ਵਾਸਾ ਹੁੰਦਾ ਹੈ ਤਾਂ ਪ੍ਰਤੀਤ ਹੁੰਦਾ ਹੈ ਕਿ) ਮਾਇਆ ਤੋਂ ਨਿਰਲੇਪ ਪ੍ਰਭੂ ਸਭ ਦਾ ਤੱਤ ਹੈ, ਸਭ (ਜੀਵਾਂ) ਵਿਚ ਉਸ ਦੀ ਜੋਤ ਹੈ, ਮੈਂ ਉਹ ਹਾਂ, (ਮੇਰੇ ਤੇ ਉਸ ਵਿਚ) ਕੋਈ ਅੰਤਰ ਨਹੀਂ (ਸਭ ਦੀ ਆਤਮਾ ਪ੍ਰਮਾਤਮਾ ਦੀ ਅੰਸ਼ ਹੈ, ਆਤਮਾ ਤੇ ਪ੍ਰਮਾਤਮਾ ਵਿਚ ਫਰਕ ਨਹੀਂ)।ਸਭ ਜੀਵਾਂ ਤੋਂ ਪਰੇ, ਜਗਤ ਤੋਂ ਵੀ ਪਰੇ ਜੋ ਪ੍ਰਮੇਸਰ ਹੈ, ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਉਹ ਹੀ ਮੈਨੂੰ ਗੁਰੂ ਮਿਲਿਆ ਹੈ ਜੀ (ਮੇਰਾ ਗੁਰੂ ਨਿਰੰਕਾਰ ਹੈ)।੫।੧੧।

ਪਦਾਰਥ = ਸਰਬ–ਸਾਰੇ।ਸਿਰਿ–ਸਿਰ ਉਤੇ।ਧੁਰਾਹੂ–ਧੁਰ ਤੋਂ।ਅਲੇਖੁ–ਲੇਖ ਤੋਂ ਰਹਿਤ (ਕਰਮ ਬੰਧਨ ਤੋਂ ਮੁਕਤ)।ਕੁਦਰਤਿ–ਕਰਤਾਰ ਦੀ ਰਚਨਾ ਸ਼ਕਤੀ ਦੁਆਰਾ।ਕਰਿ–ਪੈਦਾ ਕਰਕੇ।ਦੇਖੈ–ਦੇਖਦਾ (ਸੰਭਾਲਦਾ) ਹੈ।ਸੋਈ–ਉਹ ਹੀ।੧।ਅਹਿ–ਦਿਨ।ਨਿਸਿ–ਰਾਤ।ਸਰੇਵਹੁ–ਸੇਵਾ ਕਰੋ।ਭੁਗਤਾ–ਭੋਗਣ (ਖਾਣ) ਵਾਲਾ।ਰਹਾਉ।ਅੰਤਰਿ–ਸਰੀਰ ਦੇ ਅੰਦਰ।ਸੋ–ਉਹ (ਉਸ ਨੂੰ)।ਅਵਰੁ–ਹੋਰ। ਗੁਰਮੁਖਿ–ਗੁਰੂ ਦੁਆਰਾ।ਏਕ ਦ੍ਰਿਸਟਿ ਕਰਿ–ਇਕ ਨਜਰ ਕਰਕੇ (ਦੂਜੇ ਭਾਵ ਵਾਲੀ ਨਜਰ ਛਡ ਕੇ)।ਘਟਿ ਘਟਿ–ਹਰੇਕ ਜੀਵ ਦੇ ਹਿਰਦੇ ਵਿਚ।ਸਮੋਈ–ਸਮਾਈ ਹੋਈ ਹੈ।੨।ਚਲਤੌ–ਚੰਚਲ (ਅਸ਼ਾਂਤ; ਭਟਕਦਾ) ਮਨ।ਠਾਕਿ–ਰੋਕ ਕੇ।ਘਰਿ–ਹਿਰਦੇ ਘਰ ਵਿਚ। ਮਤਿ–ਗਿਆਨ; ਅਕਲ।ਅਦ੍ਰਿਸਟੁ–ਦਿਖਾਈ ਨਾ ਦੇਣ ਵਾਲਾ ਪ੍ਰਭੂ।ਰਹਉ–ਟਿਕੇ ਰਹੋਗੇ।ਬਿਸਮਾਦੀ–ਆਤਮਕ ਰਸ ਨੂੰ ਪ੍ਰਾਪਤ ਕਰਕੇ ਅੰਤਹਕਰਣ ਦੀ ਸਹਿਜ ਅਨੰਦ ਵਾਲੀ ਦਸ਼ਾ।ਬਿਸਰੈ–ਭੁੱਲ (ਦੂਰ ਹੋ) ਜਾਏਗਾ।੩।ਅਪਿਉ–ਅੰਮ੍ਰਿਤ।ਨਿਜ ਘਰਿ–ਅਪਣੇ ਆਤਮ ਸਰੂਪ ਵਿਚ।ਭਵ ਭੰਜਨੁ–ਡਰ ਨਾਸ਼ ਕਰਨ ਵਾਲਾ ਪ੍ਰਭੂ।ਪੁਨਰਪਿ–ਮੁੜ ਦੁਬਾਰਾ।੪।ਤਤੁ–ਜਗਤ ਦਾ ਮੂਲ ਕਾਰਣ (ਪ੍ਰਭੂ)। ਨਿਰੰਜਨੁ–ਮਾਇਆ ਤੋਂ ਨਿਰਲੇਪ।ਸਬਾਈ–ਸਭ ਥਾਂ।ਸੋ ਹੰ–ਮੈਂ ਉਹ ਹਾਂ।ਭੇਦੁ–ਫਰਕ।ਅਪਰੰਪਰ–ਪਰੇ ਤੋਂ ਪਰੇ (ਜੀਵਾਂ ਤੇ ਬ੍ਰਹਮਾ ਆਦਿ ਦੇਵਤਿਆਂ ਤੋਂ ਵੀ ਪਰੇ)।ਪਾਰਬ੍ਰਹਮੁ–ਜਗਤ ਤੋਂ ਪਰੇ ਨਿਰਗੁਣ ਬ੍ਰਹਮ।ਪਰਮੇਸਰੁ–ਸਭ ਤੋਂ ਵੱਡਾ ਸੁਆਮੀ (ਪ੍ਰਭੂ)।੫।੧੧।

ਸੋਰਠਿ ਮਹਲਾ ੧ ਘਰੁ ੩ ੴ ਸਤਿਗੁਰ ਪ੍ਰਸਾਦਿ ॥ ਜਾ ਤਿਸੁ ਭਾਵਾ ਤਦ ਹੀ ਗਾਵਾ ॥ ਤਾ ਗਾਵੇ ਕਾ ਫਲੁ ਪਾਵਾ ॥ ਗਾਵੇ ਕਾ ਫਲੁ ਹੋਈ ॥ ਜਾ ਆਪੇ ਦੇਵੈ ਸੋਈ ॥੧॥ ਮਨ ਮੇਰੇ, ਗੁਰ ਬਚਨੀ ਨਿਧਿ ਪਾਈ ॥ ਤਾ ਤੇ ਸਚ ਮਹਿ ਰਹਿਆ ਸਮਾਈ ॥ਰਹਾਉ॥ ਗੁਰ ਸਾਖੀ ਅੰਤਰਿ ਜਾਗੀ ॥ ਤਾ ਚੰਚਲ ਮਤਿ ਤਿਆਗੀ ॥ ਗੁਰ ਸਾਖੀ ਕਾ ਉਜੀਆਰਾ ॥ ਤਾ ਮਿਟਿਆ ਸਗਲ ਅੰਧ੍ਯਾਰਾ ॥੨॥ ਗੁਰ ਚਰਨੀ ਮਨੁ ਲਾਗਾ ॥ ਤਾ ਜਮ ਕਾ ਮਾਰਗੁ ਭਾਗਾ ॥ ਭੈ ਵਿਚਿ ਨਿਰਭਉ ਪਾਇਆ ॥ ਤਾ ਸਹਜੈ ਕੈ ਘਰਿ ਆਇਆ ॥ ੩॥ ਭਣਤਿ ਨਾਨਕੁ ਬੂਝੈ ਕੋ ਬੀਚਾਰੀ ॥ ਇਸੁ ਜਗ ਮਹਿ ਕਰਣੀ ਸਾਰੀ ॥ ਕਰਣੀ ਕੀਰਤਿ ਹੋਈ ॥ ਜਾ ਆਪੇ ਮਿਲਿਆ ਸੋਈ ॥੪॥੧॥੧੨॥ (ਹੇ ਭਾਈ!) ਜਦੋਂ ਮੈਂ ਉਸ ਪ੍ਰਭੂ ਨੂੰ ਚੰਗਾ ਲੱਗਦਾ ਹਾਂ (ਜਦ ਉਹ ਮੇਰੇ ਤੇ ਖੁਸ਼ ਹੁੰਦਾ ਹੈ ਅਤੇ ਮੇਹਰ ਕਰਕੇ ਉਦਮ ਬਖਸ਼ਦਾ ਹੈ), ਤਦ ਹੀ ਮੈਂ ਉਸ ਦੇ ਗੁਣ ਗਾ ਸਕਦਾ ਹਾਂ।ਤਦ ਹੀ (ਉਸ ਦੇ) ਗੁਣ ਗਾਉਣ ਦਾ ਫਲ ਪਾ ਸਕਦਾ ਹਾਂ।(ਪ੍ਰਭੂ ਦੇ ਗੁਣ) ਗਉਣ ਦਾ ਫਲ ਉਦੋਂ ਹੀ ਪ੍ਰਾਪਤ ਹੁੰਦਾ ਹੈ।ਜਦ ਉਹ ਪ੍ਰਭੂ ਆਪ ਹੀ (ਮੇਹਰ ਕਰਕੇ ਫਲ) ਦੇਂਦਾ ਹੈ।੧।ਹੇ ਮੇਰੇ ਮਨ! (ਜਿਸ ਮਨੁੱਖ ਨੇ) ਗੁਰੂ ਦੇ ਬਚਨਾਂ ਦੁਆਰਾ (ਪ੍ਰਭੂ ਦੇ ਗੁਣ ਗਾਉਣ ਦਾ) ਖਜਾਨਾ ਪ੍ਰਾਪਤ ਕੀਤਾ ਹੈ।ਉਸ (ਨਿਧੀ) ਕਰਕੇ (ਉਹ ਮਨੁੱਖ) ਸੱਚ ਸਰੂਪ ਪ੍ਰਭੂ ਦੇ ਗੁਣ ਗਾਉਣ ਵਿਚ ਲੀਨ ਰਹਿੰਦਾ ਹੈ।ਰਹਾਉ।ਗੁਰੂ ਦੀ ਸਿੱਖਿਆ (ਜਿਸ ਮਨੁੱਖ ਦੇ ਹਿਰਦੇ) ਅੰਦਰ ਪ੍ਰਗਟ ਹੋਈ ਹੈ।ਤਾਂ (ਉਸ ਦੀ) ਬੁੱਧੀ ਨੇ ਚੰਚਲਤਾ ਛਡ ਦਿਤੀ।(ਉਸ ਦੇ ਅੰਦਰ ਜਦ) ਗੁਰੂ ਦੀ ਸਿੱਖਿਆ ਦਾ ਪ੍ਰਕਾਸ਼ ਹੋਇਆ।ਤਾਂ (ਉਸ ਦੇ ਅੰਦਰੋਂ) ਅਗਿਆਨਤਾ ਦਾ ਸਾਰਾ ਹਨ੍ਹੇਰਾ ਮਿਟ ਗਿਆ।੨।(ਜਦ ਕਿਸੇ ਮਨੁੱਖ ਦਾ) ਮਨ ਗੁਰੂ ਦੇ ਚਰਨਾਂ ਵਿਚ ਜੁੜ ਜਾਂਦਾ ਹੈ।ਤਾਂ

ਜਮਾਂ ਦਾ ਰਸਤਾ ਦੂਰ ਹੋ ਜਾਂਦਾ ਹੈ।(ਜਿਸ ਮਨੁੱਖ ਨੇ ਗੁਰੂ ਦੇ) ਭੈ ਵਿਚ ਰਹਿ ਕੇ ਨਿਰਭਉ ਪ੍ਰਭੂ ਨੂੰ ਪਾਇਆ ਹੈ। ਤਾਂ (ਉਹ) ਸਹਿਜ ਦੇ ਘਰ ਵਿਚ ਆ ਗਿਆ ਹੈ।੩।ਗੁਰੂ ਨਾਨਕ ਦੇਵ ਜੀ ਕਥਨ ਕਰਦੇ ਹਨ ਕਿ ਕੋਈ ਵਿਚਾਰਵਾਨ ਪੁਰਖ ਹੀ ਇਹ ਗਲ ਸਮਝਦਾ ਹੈ।ਕਿ ਜਗਤ ਵਿਚ ਕਰਨ ਯੋਗ ਸ੍ਰੇਸਟ ਕਰਮ (ਪ੍ਰਭੂ ਦੀ ਸਿਫਤ ਸਲਾਹ ਕਰਨਾ) ਹੈ।(ਅੰਨਵੈ ਅਖਰ) ਜਦੋਂ (ਪਰੁਖ ਦੀ) ਕਰਣੀ ਸਿਫਤ ਸਲਾਹ ਕਰਨਾ ਹੋ ਜਾਂਦੀ ਹੈ (ਤਾਂ ਸਮਝੋ) ਉਹ ਪ੍ਰਭੂ ਆਪ ਹੀ ਆ ਮਿਲਿਆ ਹੈ।੪।੧੨।

ਪਦਾਰਥ = ਜਾ-ਜਦੋਂ।ਤਿਸੁ-ਉਸ (ਪ੍ਰਭੂ) ਨੂੰ।ਭਾਵਾ-ਚੰਗਾ ਲਗਦਾ ਹਾਂ।ਗਾਵਾ-ਗਾਉਂਦਾ ਹਾਂ।ਤਾ-ਤਦ ਹੀ।ਗਾਵੇ ਕਾ-ਗਾਉਣ ਦਾ।ਪਾਵਾ-ਪ੍ਰਾਪਤ ਹੁੰਦਾ ਹੈ।ਸੋਈ-ਉਹ ਹੀ।੧।ਗੁਰ ਬਚਨੀ-ਗੁਰੂ ਦੇ ਬਚਨਾਂ ਦੁਆਰਾ।ਤਾ ਤੇ-ਉਸ ਕਰਕੇ।ਸਚ ਮਹਿ-ਸੱਚੇ ਪ੍ਰਭੂ ਵਿਚ।ਰਹਿਆ ਸਮਾਈ-ਲੀਨ ਰਹਿੰਦਾ ਹੈ।ਰਹਾਉ।ਸਾਖੀ-ਸਿੱਖਿਆ।ਅੰਤਰਿ-ਹਿਰਦੇ ਅੰਦਰ।ਜਾਗੀ-ਪ੍ਰਗਟ ਹੋਈ।ਮਤਿ-ਬੁੱਧੀ ਨੇ ।ਤਿਆਗੀ-ਛਡ ਦਿਤੀ।ਉਜੀਆਰਾ-ਚਾਨਣ।ਅੰਧ੍ਹਾਰਾ-ਹਨ੍ਹੇਰਾ।੨।ਮਾਰਗੁ-ਰਸਤਾ।ਭਾਗਾ-ਦੂਰ ਹੋ ਗਿਆ।ਸਹਜੈ ਕੈ ਘਰਿ-ਸਹਿਜ ਅਵਸਥਾ ਵਿਚ।੩।ਭਣਤਿ-ਆਖਦਾ ਹੈ।ਬੂਝੈ-ਸਮਝਦਾ ਹੈ।ਕੋ-ਕੋਈ (ਵਿਰਲਾ ਮਨੁੱਖ)।ਬੀਚਾਰੀ-ਵਿਚਾਰਵਾਨ (ਪੁਰਖ)। ਕਰਣੀ-ਕਰਨ ਯੋਗ ਕਰਮ।ਸਾਰੀ-ਸ੍ਰੇਸਟ।ਕੀਰਤਿ-ਕੀਰਤਨ (ਸਿਫਤ ਸਲਾਹ)।੪।੧੨।

ਸੋਰਠਿ ਮਹਲਾ ੩ ਘਰੁ ੧ ੧ੳ ਸਤਿਗੁਰ ਪ੍ਰਸਾਦਿ ॥ ਸੇਵਕ ਸੇਵ ਕਰਹਿ ਸਭਿ ਤੇਰੀ, ਜਿਨ ਸਬਦੈ ਸਾਦੁ ਆਇਆ ॥ ਗੁਰ ਕਿਰਪਾ ਤੇ ਨਿਰਮਲੁ ਹੋਆ, ਜਿਨਿ ਵਿਚਹੁ ਆਪੁ ਗਵਾਇਆ ॥ ਅਨਦਿਨੁ ਗੁਣ ਗਾਵਹਿ ਨਿਤ ਸਾਚੇ, ਗੁਰ ਕੈ ਸਬਦਿ ਸੁਹਾਇਆ ॥੧॥ ਮੇਰੇ ਠਾਕੁਰ, ਹਮ ਬਾਰਿਕ ਸਰਣਿ ਤੁਮਾਰੀ ॥ ਏਕੋ ਸਚਾ ਸਚੁ ਤੂ ,ਕੇਵਲੁ ਆਪਿ ਮੁਰਾਰੀ ॥ਰਹਾਉ॥ ਜਾਗਤ ਰਹੇ ਤਿਨੀ ਪ੍ਰਭੁ ਪਾਇਆ, ਸਬਦੇ ਹਉਮੈ ਮਾਰੀ ॥ ਗਿਰਹੀ ਮਹਿ ਸਦਾ ਹਰਿ ਜਨ ਉਦਾਸੀ, ਗਿਆਨ ਤਤ ਬੀਚਾਰੀ ॥ (ਹੇ ਪ੍ਰਭੂ! ਉਹ) ਸਾਰੇ ਸੇਵਕ ਤੇਰੀ ਸੇਵਾ ਭਗਤੀ ਕਰਦੇ ਹਨ, ਜਿਨ੍ਹਾਂ ਨੂੰ ਸ਼ਬਦ (ਨਾਮ) ਦਾ ਰਸ ਆਇਆ ਹੈ।ਗੁਰੂ ਦੀ ਕ੍ਰਿਪਾ ਨਾਲ (ਉਹ ਮਨੁੱਖ) ਪਵਿਤ੍ਰ ਹੋ ਗਿਆ ਹੈ, ਜਿਸ ਨੇ ਮਨ ਵਿਚੋਂ ਆਪਾ ਭਾਵ ਗੁਆ ਦਿਤਾ ਹੈ।(ਜਿਹੜੇ ਮਨੁੱਖ) ਗੁਰੂ ਦੇ ਸ਼ਬਦ ਵਿਚ ਜੁੜ ਕੇ ਹਰ ਰੋਜ ਸਦਾ ਸੱਚੇ ਪ੍ਰਭੂ ਦੇ ਗੁਣ ਗਾਉਂਦੇ ਹਨ, (ਉਹ) ਸੋਭਨੀਕ ਹਨ।੧।ਹੇ ਮੇਰੇ ਮਾਲਕ ਪ੍ਰਭੂ! ਅਸੀਂ ਬੱਚੇ ਤੇਰੀ ਸ਼ਰਣ ਵਿਚ ਆਏ ਹਾਂ।ਕੇਵਲ ਇਕ ਆਪ ਹੀ ਤੂੰ ਸੱਚ ਸਰੂਪ (ਭੂਤ ਅਤੇ ਭਵਿੱਖ ਵਿਚ) ਸੱਚਾ ਪ੍ਰਭੂ ਹੈਂ।ਰਹਾਉ।(ਜਿਹੜੇ ਮਨੁੱਖ ਮੋਹ ਮਾਇਆ ਦੀ ਨੀਂਦ ਵਿਚੋਂ ਉਠ ਕੇ ਗਿਆਨ ਅਵਸਥਾ ਵਿਚ) ਜਾਗਦੇ ਰਹੇ ਹਨ ਅਤੇ ਸ਼ਬਦ ਦੁਆਰਾ ਹਉਮੈ ਮਾਰ ਲਈ ਹੈ, ਉਨ੍ਹਾਂ ਨੇ ਪ੍ਰਭੂ ਨੂੰ ਪਾ ਲਿਆ ਹੈ।(ਇਹੋ ਜਿਹੇ) ਹਰੀ ਦੇ ਸੇਵਕ ਗ੍ਰਿਸਤ ਵਿਚ ਹੁੰਦੇ ਹੋਏ ਸਦਾ ਨਿਰਮੋਹ ਰਹਿੰਦੇ ਹਨ ਤੇ ਉਹ ਆਤਮ ਗਿਆਨ ਦੇ ਵਿਚਾਰਵਾਨ ਹੁੰਦੇ ਹਨ।

ਅੰਗ ੬੦੦ = ਸਤਿਗੁਰੁ ਸੇਵਿ ਸਦਾ ਸੁਖੁ ਪਾਇਆ, ਹਰਿ ਰਾਖਿਆ ਉਰ ਧਾਰੀ ॥੨॥ ਇਹੁ ਮਨੂਆ ਦਹਦਿਸਿ ਧਾਵਦਾ, ਦੂਜੈ ਭਾਇ ਖੁਆਇਆ ॥ ਮਨਮੁਖ ਮੁਗਧੁ ਹਰਿ ਨਾਮੁ ਨ ਚੇਤੈ, ਬਿਰਥਾ ਜਨਮੁ ਗਵਾਇਆ ॥ ਸਤਿਗੁਰੁ ਭੇਟੇ ਤਾ ਨਾਉ ਪਾਏ, ਹਉਮੈ ਮੋਹੁ ਚੁਕਾਇਆ ॥੩॥ ਹਰਿ ਜਨ ਸਾਚੇ ਸਾਚੁ ਕਮਾਵਹਿ, ਗੁਰ ਕੈ ਸਬਦਿ ਵੀਚਾਰੀ ॥ ਆਪੇ ਮੇਲਿ ਲਏ ਪ੍ਰਭਿ ਸਾਚੈ, ਸਾਚੁ ਰਖਿਆ ਉਰ ਧਾਰੀ ॥ ਨਾਨਕ ਨਾਵਹੁ ਗਤਿ ਮਤਿ ਪਾਈ, ਏਹਾ ਰਾਸਿ ਹਮਾਰੀ ॥੪॥੧॥ (ਉਨ੍ਹਾਂ ਨੇ) ਸਤਿਗੁਰੂ ਦੀ ਸੇਵਾ ਕਰਕੇ ਸਦਾ ਸੁਖ ਪਾਇਆ ਹੈ ਅਤੇ ਹਰੀ ਨੂੰ ਹਿਰਦੇ ਵਿਚ ਧਾਰਨ ਕਰੀ ਰੱਖਿਆ ਹੈ।੨।(ਮਨੁੱਖ ਦਾ) ਇਹ ਮਨ ਦਸੇ ਦਿਸ਼ਾਵਾਂ ਵੱਲ ਦੌੜਦਾ ਰਹਿੰਦਾ ਹੈ, (ਕਿਉਂ ਕਿ ਇਹ) ਦ੍ਵੈਤ ਭਾਵ ਨੇ ਭੁਲਾਇਆ (ਕੁਰਾਹੇ ਪਾਇਆ) ਹੋਇਆ ਹੈ।ਬੇਸਮਝ ਮਨਮੁਖ ਹਰੀ ਦੇ ਨਾਮ ਨੂੰ ਨਹੀਂ ਸਿਮਰਦਾ, (ਉਸ ਨੇ ਅਪਣਾ ਮਨੁੱਖਾ) ਜਨਮ ਬਿਰਥਾ ਗੁਆ ਲਿਆ ਹੈ।(ਪਰ ਜੇ ਉਹ) ਸਤਿਗੁਰੂ ਨੂੰ ਮਿਲ ਪਵੇ, ਤਾਂ (ਉਹ) ਨਾਮ ਪ੍ਰਾਪਤ ਕਰ ਸਕਦਾ ਹੈ, (ਜਿਨ੍ਹਾਂ ਨੇ ਨਾਮ ਜਪਿਆ ਹੈ, ਉਨ੍ਹਾਂ ਨੇ) ਹਉਮੈ ਤੇ ਮੋਹ ਨੂੰ ਦੂਰ ਕਰ ਦਿਤਾ ਹੈ।੩।ਹਰੀ ਦੇ ਜਨ ਗੁਰੂ ਦੇ ਸ਼ਬਦ ਦੁਆਰਾ ਵਿਚਾਰਵਾਨ ਬਣ ਕੇ ਸੱਚ ਕਮਾਉਂਦੇ (ਨਾਮ ਬਾਣੀ ਦਾ ਅਭਿਆਸ ਕਰਦੇ) ਹਨ ਅਤੇ ਸੱਚੇ ਹੋ ਜਾਂਦੇ ਹਨ।(ਉਨ੍ਹਾਂ ਨੇ) ਸੱਚੇ ਪ੍ਰਭੂ ਨੂੰ ਹਿਰਦੇ ਵਿਚ ਧਾਰਨ ਕਰਕੇ ਰੱਖਿਆ ਹੈ, (ਇਸ ਕਰਕੇ ਉਨ੍ਹਾਂ ਨੂੰ) ਸੱਚੇ ਪ੍ਰਭੂ ਨੇ ਆਪੇ ਅਪਣੇ ਨਾਲ ਮੇਲ ਲਿਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਨਾਮ ਜਪਣ ਤੋਂ ਹੀ ਮੁਕਤੀ ਤੇ ਗਿਆਨ ਪ੍ਰਾਪਤ ਹੁੰਦੇ ਹਨ, ਇਹ (ਨਾਮ ਹੀ) ਸਾਡੀ ਪੂੰਜੀ ਹੈ।੪।੧।

ਪਦਾਰਥ = ਸੇਵ-ਸੇਵਾ ਭਗਤੀ।ਜਿਨ-ਜਿਨ੍ਹਾਂ ਨੂੰ।ਸਬਦੈ ਸਾਦੁ-ਸ਼ਬਦ ਦਾ ਅਨੰਦ।ਕਿਰਪਾ ਤੇ-ਕ੍ਰਿਪਾ ਨਾਲ।ਨਿਰਮਲੁ-ਪਵਿਤ੍ਰ। ਜਿਨਿ-ਜਿਸ ਨੇ।ਆਪੁ-ਆਪਾ ਭਾਵ (ਹੰਕਾਰ)।ਅਨਦਿਨੁ-ਹਰ ਰੋਜ।ਸਾਚੇ-ਸੱਚੇ ਪ੍ਰਭੂ ਦੇ।ਨਿਤ-ਨਿਤਾ ਪ੍ਰਤੀ; ਸਦਾ।ਸਬਦਿ-(ਗੁਰੂ ਦੇ) ਸ਼ਬਦ ਵਿਚ ਜੁੜ ਕੇ।ਸੁਹਾਇਆ-ਸੋਭਨੀਕ; ਸੋਹਣਾ ਜੀਵਨ।੧।ਠਾਕੁਰ-ਹੇ ਮਾਲਕ ਪ੍ਰਭੂ!।ਹਮ-ਅਸੀਂ।ਬਾਰਿਕ-ਬੱਚੇ।ਮੁਰਾਰੀ-ਅਗਿਆਨ ਬਿਨਾਸ਼ਕ ਪ੍ਰਭੂ।ਰਹਾਉ।ਤਿਨੀ-ਉਨ੍ਹਾਂ ਨੇ।ਗਿਰਹੀ ਮਹਿ-ਗ੍ਰਿਸਤ ਵਿਚ।ਹਰਿ ਜਨ-ਹਰੀ ਦੇ ਸੇਵਕ।

ਉਦਾਸੀ–ਮੋਹ ਤੋਂ ਰਹਿਤ।ਗਿਆਨ ਤਤੁ–ਆਤਮ ਗਿਆਨ; ਬ੍ਰਹਮ ਗਿਆਨ।ਬੀਚਾਰੀ–ਵਿਚਾਰਵਾਨ।੨।ਉਰ–ਹਿਰਦਾ।ਧਾਰੀ–ਟਿਕਾਈ ਰੱਖਦੇ ਹਨ।੨।ਮਨੂਆ–ਮਨ।ਦਹਦਿਸਿ–ਦਸੇ ਦਿਸ਼ਾਵਾਂ ਵੱਲ।ਧਾਵਦਾ–ਦੌੜਦਾ ਹੈ।ਦੂਜੈ ਭਾਇ–ਦ੍ਵੈਤ ਭਾਵ (ਦੂਜੇ ਪਾਸੇ) ਲਗ ਕੇ।ਖੁਆਇਆ– ਭੁਲਾਇਆ ਹੋਇਆ ਹੈ।ਮੁਗਧੁ–ਮੂਰਖ।ਨ ਚੇਤੈ–ਨਹੀਂ ਸਿਮਰਦਾ।ਭੇਟੇ–ਮਿਲ ਪਵੇ।ਚੁਕਾਇਆ–ਦੂਰ ਕਰ ਦਿਤਾ ਹੈ।੩।ਵੀਚਾਰੀ–ਵਿਚਾਰਵਾਨ ਹੋ ਕੇ।ਪ੍ਰਭਿ ਸਾਚੈ–ਸੱਚੇ ਪ੍ਰਭੂ ਨੇ।ਨਾਵਹੁ–ਨਾਮ ਤੋਂ।ਗਤਿ–ਮੁਕਤੀ।ਮਤਿ–ਗਿਆਨ।ਰਾਸਿ–ਪੂੰਜੀ।੪।੧।

ਸੋਰਠਿ ਮਹਲਾ ੩ ॥ ਭਗਤਿ ਖਜਾਨਾ ਭਗਤਨ ਕਉ ਦੀਆ, ਨਾਉ ਹਰਿ ਧਨੁ ਸਚੁ ਸੋਇ ॥ ਅਖੁਟੁ ਨਾਮ ਧਨੁ ਕਦੇ ਨਿਖੁਟੈ ਨਾਹੀ, ਕਿਨੈ ਨ ਕੀਮਤਿ ਹੋਇ ॥ ਨਾਮ ਧਨਿ ਮੁਖ ਉਜਲੇ ਹੋਏ, ਹਰਿ ਪਾਇਆ ਸਚੁ ਸੋਇ ॥੧॥ ਮਨ ਮੇਰੇ ਗੁਰ ਸਬਦੀ ਹਰਿ ਪਾਇਆ ਜਾਇ ॥ ਬਿਨੁ ਸਬਦੈ ਜਗੁ ਭੁਲਦਾ ਫਿਰਦਾ, ਦਰਗਹ ਮਿਲੈ ਸਜਾਇ ॥ਰਹਾਉ॥ ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ, ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥ ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ, ਕੋਇ ਨ ਸੁਣੈ ਪੂਕਾਰਾ ॥ ਅੰਧਾ ਜਗਤੁ ਅੰਧੁ ਵਰਤਾਰਾ, ਬਾਝੁ ਗੁਰੂ ਗੁਬਾਰਾ ॥੨॥ ਹਉਮੈ ਮੇਰਾ ਕਰਿ ਕਰਿ ਵਿਗੁਤੇ, ਕਿਹੁ ਚਲੈ ਨ ਚਲਦਿਆ ਨਾਲਿ ॥ ਗੁਰਮੁਖਿ ਹੋਵੈ ਸੁ ਨਾਮੁ ਧਿਆਵੈ, ਸਦਾ ਹਰਿ ਨਾਮੁ ਸਮਾਲਿ ॥ ਸਚੀ ਬਾਣੀ ਹਰਿ ਗੁਣ ਗਾਵੈ, ਨਦਰੀ ਨਦਰਿ ਨਿਹਾਲਿ ॥੩॥ ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ,ਅਮਰੁ ਸਿਰਿ ਬਾਦਿਸਾਹਾ ॥ ਅਨਦਿਨੁ ਭਗਤਿ ਕਰਹਿ ਦਿਨੁ ਰਾਤੀ, ਰਾਮ ਨਾਮੁ ਸਚੁ ਲਾਹਾ ॥ ਨਾਨਕ ਰਾਮ ਨਾਮਿ ਨਿਸਤਾਰਾ, ਸਬਦਿ ਰਤੇ ਹਰਿ ਪਾਹਾ ॥੪॥੨॥ (ਹੇ ਭਾਈ! ਹਰੀ ਨੇ) ਭਗਤੀ ਦਾ ਖਜਾਨਾ ਭਗਤਾਂ ਨੂੰ ਦਿਤਾ ਹੈ, ਉਹ (ਖਜਾਨਾ) ਹਰਿ ਨਾਮ ਧਨ ਹੈ, ਜੋ ਸਚਾ (ਸਦਾ ਕਾਇਮ ਰਹਿਣ ਵਾਲਾ) ਹੈ।(ਇਹ) ਨਾਮ ਦਾ ਧਨ ਅਮੁੱਕ ਹੈ, ਕਦੇ ਮੁਕਦਾ ਨਹੀਂ, (ਇਸ ਧਨ ਦੀ) ਕਿਸੇ ਤੋਂ ਕੀਮਤ ਵੀ ਨਹੀਂ ਪਾਈ ਜਾ ਸਕਦੀ।(ਇਸ) ਨਾਮ ਧਨ ਨਾਲ (ਜਿਨ੍ਹਾਂ ਭਗਤਾਂ ਨੇ) ਉਸ ਸੱਚ ਸਰੂਪ ਹਰੀ ਨੂੰ ਪਾਇਆ ਹੈ, (ਰੱਬੀ ਦਰਗਾਹ ਵਿਚ ਉਨ੍ਹਾਂ ਦੇ) ਮੂੰਹ ਉਜਲ ਹੋਏ ਹਨ।੧।ਹੇ ਮੇਰੇ ਮਨ! ਗੁਰੂ ਦੇ ਸ਼ਬਦ ਦੁਆਰਾ ਹਰੀ ਪਾਇਆ ਜਾ ਸਕਦਾ ਹੈ।(ਗੁਰੂ ਦੇ) ਸ਼ਬਦ ਤੋਂ ਬਿਨਾ ਜਗਤ ਭੁਲਿਆ ਫਿਰਦਾ ਹੈ, (ਅੰਤ ਨੂੰ ਰੱਬੀ) ਦਰਗਾਹ ਵਿਚ ਸਜਾ ਮਿਲਦੀ ਹੈ।ਰਹਾਉ।(ਹੇ ਭਾਈ!) ਇਸ ਦੇਹ ਦੇ ਅੰਦਰ ਪੰਜ ਚੋਰ ਕਾਮ ਕ੍ਰੋਧ ਲੋਭ ਮੋਹ ਤੇ ਹੰਕਾਰ ਵਸਦੇ ਹਨ।(ਇਹ ਚੋਰ) ਅੰਮ੍ਰਿਤ ਰੂਪ ਨਾਮ ਧਨ (ਜਾਂ ਸ਼ੁੱਭ ਗੁਣਾਂ) ਨੂੰ ਲੁਟਦੇ ਹਨ, (ਪਰ) ਮਨਮੁਖ ਨਹੀਂ ਸਮਝਦੇ, (ਜਦ ਸਭ ਕੁਛ ਲੁਟਾ ਬੈਠਦੇ ਹਨ ਤਾਂ ਉਨ੍ਹਾਂ ਦੀ) ਕੋਈ ਪੁਕਾਰ ਨਹੀਂ ਸੁਣਦਾ।(ਕਿਉਂਕਿ ਮਾਇਆ ਦੇ ਮੋਹ ਵਿਚ ਫਸਿਆ) ਜਗਤ ਅੰਨ੍ਹਾ (ਗਿਆਨ ਹੀਣ) ਹੈ, ਤੇ (ਇਸਦਾ ਵਰਤ ਵਿਹਾਰ ਵੀ) ਅੰਨ੍ਹਾ ਹੈ, ਗੁਰੂ ਤੋਂ ਬਿਨਾ (ਮਨਮੁਖ ਦੇ ਜੀਵਨ ਵਿਚ) ਘੁੱਪ ਹਨ੍ਹੇਰਾ ਰਹਿੰਦਾ ਹੈ।੨।(ਮਨਮੁਖ ਲੋਕ) ਹਉਮੈ ਵਿਚ ਮੇਰਾ (ਘਰ) ਮੇਰਾ (ਪ੍ਰਵਾਰ, ਮੇਰਾ ਧਨ) ਕਰਦੇ ਤਬਾਹ ਹੋ ਜਾਂਦੇ ਹਨ, (ਅੰਤ ਪ੍ਰਲੋਕ ਨੂੰ) ਚਲਦਿਆਂ ਕੁਛ ਵੀ ਨਾਲ ਨਹੀਂ ਚਲਦਾ।(ਪਰ ਜੋ) ਗੁਰਮੁਖ ਹੁੰਦਾ ਹੈ, ਉਹ ਨਾਮ ਧਿਆਉਂਦਾ ਹੈ ਅਤੇ ਸਦਾ ਹੀ ਹਰੀ ਦੇ ਨਾਮ ਨੂੰ ਸਿਮਰਦਾ ਹੈ।(ਉਹ) ਸੱਚੀ ਬਾਣੀ ਦੁਆਰਾ ਹਰੀ ਦੇ ਗੁਣ ਗਾਉਂਦਾ ਹੈ, ਮੇਹਰ ਦੀ ਨਜਰ ਕਰਨ ਵਾਲੇ ਪ੍ਰਭੂ ਦੀ ਨਜਰ ਨਾਲ ਉਹ ਨਿਹਾਲ ਹੋ ਜਾਂਦਾ ਹੈ।੩।ਸਤਿਗੁਰੂ ਦਾ ਬਖਸ਼ਿਆ ਗਿਆਨ (ਜਿਨ੍ਹਾਂ ਪੁਰਖਾਂ ਦੇ) ਹਿਰਦਿਆਂ ਵਿਚ ਸਦਾ ਚਾਨਣ ਕਰਦਾ ਹੈ, (ਉਨ੍ਹਾਂ ਦਾ) ਹੁਕਮ ਬਾਦਸ਼ਾਹਾਂ ਦੇ ਸਿਰ ਤੇ ਵੀ ਚਲਦਾ ਹੈ (ਭਗਤਾਂ ਦੇ ਚਰਨਾਂ ਵਿਚ ਬਾਦਸ਼ਾਹ ਵੀ ਨਮਸ਼ਕਾਰ ਕਰਦੇ ਹਨ ਤੇ ਹੁਕਮ ਮੰਨਦੇ ਹਨ।ਕਿਉਂਕਿ ਉਹ) ਹਰ ਰੋਜ ਦਿਨ ਰਾਤ ਭਗਤੀ ਕਰਦੇ ਹਨ ਅਤੇ ਰਾਮ ਨਾਮ ਰੂਪ ਸੱਚਾ ਲਾਹਾ ਖਟਦੇ ਹਨ।ਨਾਨਕ ਗੁਰੂ ਜੀ ਕਥਨ ਕਰਦੇ ਹਨ (ਕਿ ਜੋ ਮਨੁੱਖ ਗੁਰੂ ਦੇ) ਸ਼ਬਦ ਵਿਚ ਰੰਗੇ ਹੋਏ ਹਨ, (ਉਹ ਹਰੀ ਨੂੰ ਅਪਣੇ) ਪਾਸ ਵਸਦਾ ਜਾਣਦੇ ਹਨ ਅਤੇ ਰਾਮ ਦੇ ਨਾਮ ਦੁਆਰਾ (ਉਨ੍ਹਾਂ ਦਾ ਭਵਜਲ ਤੋਂ) ਪਾਰ ਉਤਾਰਾ ਹੋ ਜਾਂਦਾ ਹੈ।੪।੨।

ਪਦਾਰਥ = ਭਗਤਨ ਕਉ–ਭਗਤਾਂ ਨੂੰ।ਸੋਇ–ਉਹ।ਅਖੁਟੁ–ਨਾ ਮੁੱਕਣ ਵਾਲਾ।ਨਿਖੁਟੈ ਨਾਹੀ–ਮੁੱਕਦਾ (ਘਟਦਾ) ਨਹੀਂ।ਕਿਨੈ–ਕਿਸੇ ਤੋਂ।ਧਨਿ–ਧਨ ਨਾਲ।੧।ਗੁਰ ਸਬਦੀ–ਗੁਰੂ ਦੇ ਸ਼ਬਦ ਦੁਆਰਾ।ਬਿਨੁ ਸਬਦੈ–ਸ਼ਬਦ ਤੋਂ ਬਿਨਾ।ਰਹਾਉ।ਦੇਹੀ–ਸਰੀਰ।ਵਸਹਿ– ਵਸਦੇ ਹਨ।ਨਹੀ ਬੂਝਹਿ–ਸਮਝਦੇ ਨਹੀਂ।ਪੂਕਾਰਾ–ਕੂਕ ਪੁਕਾਰ; ਸ਼ਿਕਾਇਤ।ਅੰਧਾ–ਅੰਨ੍ਹਾ।ਅੰਧੁ ਵਰਤਾਰਾ–ਵਿਚਾਰ ਰਹਿਤ ਜੀਵਨ ਜਿਉਣ ਦਾ ਤਰੀਕਾ।ਗੁਬਾਰਾ–ਘੁੱਪ ਹਨ੍ਹੇਰਾ।੨।ਵਿਗੁਤੇ–ਤਬਾਹ ਹੋ ਜਾਂਦੇ ਹਨ।ਕਿਹੁ–ਕੁਛ ਵੀ (ਕੋਈ ਚੀਜ)।ਸੁ–ਉਹ।ਸਮਾਲਿ–ਚੇਤੇ ਕਰਦਾ ਹੈ।ਨਦਰੀ–ਮੇਹਰ ਦੀ ਨਜਰ ਕਰਨ ਵਾਲਾ ਪ੍ਰਭੂ।ਨਦਰਿ–ਮੇਹਰ ਦੀ ਨਜਰ ਨਾਲ।ਨਿਹਾਲਿ–ਪ੍ਰਸੰਨ; ਸੁਖੀ।੩।ਘਟਿ–ਹਿਰਦੇ ਵਿਚ।ਅਮਰੁ–ਹੁਕਮ।ਸਿਰਿ–ਸਿਰ ਉਤੇ।ਅਨਦਿਨੁ–ਹਰ ਰੋਜ।ਲਾਹਾ–ਲਾਭ।ਨਿਸਤਾਰਾ–(ਸੰਸਾਰ ਸਮੁੰਦਰ ਤੋਂ) ਪਾਰ ਉਤਾਰਾ ।ਸਬਦਿ ਰਤੇ–ਸ਼ਬਦ ਵਿਚ ਰੰਗੇ ਹੋਏ ਹਨ।ਪਾਹਾ–ਪਾਸ; ਅੰਗ ਸੰਗ।੪।੨।

ਸੋਰਠਿ ਮਃ ੩ ॥ ਦਾਸਨਿ ਦਾਸੁ ਹੋਵੈ ਤਾ ਹਰਿ ਪਾਏ, ਵਿਚਹੁ ਆਪੁ ਗਵਾਈ ॥ ਭਗਤਾ ਕਾ ਕਾਰਜੁ ਹਰਿ ਅਨੰਦੁ ਹੈ, ਅਨਦਿਨੁ ਹਰਿ ਗੁਣ ਗਾਈ ॥ ਸਬਦਿ ਰਤੇ ਸਦਾ ਇਕ ਰੰਗੀ, ਹਰਿ ਸਿਉ ਰਹੇ ਸਮਾਈ ॥੧॥ ਹਰਿ ਜੀਉ ਸਾਚੀ ਨਦਰਿ ਤੁਮਾਰੀ ॥ ਆਪਣਿਆ ਦਾਸਾ ਨੋ ਕ੍ਰਿਪਾ ਕਰਿ ਪਿਆਰੇ, ਰਾਖਹੁ ਪੈਜ ਹਮਾਰੀ ॥ਰਹਾਉ॥ ਸਬਦਿ ਸਲਾਹੀ ਸਦਾ ਹਉ ਜੀਵਾ, ਗੁਰਮਤੀ ਭਉ ਭਾਗਾ ॥ ਮੇਰਾ ਪ੍ਰਭੁ ਸਾਚਾ ਅਤਿ ਸੁਆਲਿਉ ,ਗੁਰੁ ਸੇਵਿਆ ਚਿਤੁ ਲਾਗਾ ॥ ਸਾਚਾ ਸਬਦੁ ਸਚੀ ਸਚੁ ਬਾਣੀ, ਸੋ ਜਨੁ ਅਨਦਿਨੁ ਜਾਗਾ ॥੨॥ ਮਹਾ ਗੰਭੀਰੁ ਸਦਾ ਸੁਖੁ ਦਾਤਾ, ਤਿਸ ਕਾ ਅੰਤੁ ਨ ਪਾਇਆ ॥ ਪੂਰੇ ਗੁਰ ਕੀ ਸੇਵਾ ਕੀਨੀ, ਅਚਿੰਤੁ ਹਰਿ ਮੰਨਿ ਵਸਾਇਆ ॥ ਮਨੁ ਤਨੁ ਨਿਰਮਲੁ ਸਦਾ ਸੁਖੁ ਅੰਤਰਿ, ਵਿਚਹੁ ਭਰਮੁ ਚੁਕਾਇਆ ॥੩॥ ਹਰਿ ਕਾ ਮਾਰਗੁ ਸਦਾ ਪੰਥੁ ਵਿਖੜਾ, ਕੋ ਪਾਏ ਗੁਰ ਵੀਚਾਰਾ ॥ (ਹੇ ਭਾਈ! ਜਦ ਮਨੁੱਖ ਅਪਣੇ ਮਨ) ਵਿਚੋਂ ਆਪਾ ਭਾਵ ਗਵਾ ਕੇ (ਹਰੀ ਦੇ) ਦਾਸਾਂ ਦਾਸ ਹੋ ਜਾਵੇ ਤਾਂ ਉਹ ਹਰੀ ਨੂੰ ਪਾ ਲੈਂਦਾ ਹੈ।ਭਗਤਾਂ ਦਾ ਕੰਮ ਹੈ ਹਰ ਰੋਜ ਹਰੀ ਦੇ ਗੁਣ ਗਾ ਕੇ ਹਰੀ ਦਾ ਅਨੰਦ ਮਾਣਨਾ।ਉਹ ਇਕ ਪ੍ਰਭੂ ਦੇ ਪ੍ਰੇਮ ਰੰਗ ਵਿਚ ਮਗਨ ਰਹਿਣ ਵਾਲੇ ਭਗਤ ਸਦਾ ਸ਼ਬਦ ਵਿਚ ਰਚੇ ਹੋਏ ਹਰੀ ਨਾਲ ਸਮਾਏ (ਇਕ ਮਿਕ ਹੋਏ) ਰਹਿੰਦੇ ਹਨ।੧।(ਅਰਦਾਸ ਕਰਦੇ ਹਨ ਕਿ) ਹੇ ਹਰਿ ਜੀਉ! ਤੁਹਾਡੀ ਮੇਹਰ ਭਰੀ ਨਜਰ ਸੱਚੀ ਹੈ।ਹੇ ਪਿਆਰੇ ਪ੍ਰਭੂ! ਅਪਣਿਆਂ ਦਾਸਾਂ ਉਤੇ ਕ੍ਰਿਪਾ ਕਰ ਅਤੇ ਸਾਡੀ ਵੀ ਪੈਜ ਰੱਖੋ ਜੀ।ਰਹਾਉ।ਮੈਂ ਗੁਰੂ ਦੇ ਸ਼ਬਦ ਵਿਚ ਜੁੜ ਸਦਾ ਹਰੀ ਦੀ ਸਿਫਤ ਸਲਾਹ ਕਰਦਾ ਹੋਇਆ ਜਿਉਂਦਾ ਹਾਂ ਅਤੇ ਗੁਰੂ ਦੀ ਮੱਤ ਦੁਆਰਾ (ਮੇਰਾ ਹਰ ਤਰ੍ਹਾਂ ਦਾ) ਡਰ ਦੂਰ ਹੋ ਗਿਆ ਹੈ।ਮੇਰਾ ਸੱਚਾ ਪ੍ਰਭੂ ਬਹੁਤ ਸੁੰਦਰ ਹੈ, ਮੈਂ ਗੁਰੂ ਦੀ ਸੇਵਾ ਕੀਤੀ ਤਾਂ ਮੇਰਾ ਚਿਤ ਪ੍ਰਭੂ ਵਿਚ ਲੱਗਾ ਹੈ।(ਗੁਰੂ ਦਾ) ਸ਼ਬਦ ਸੱਚਾ ਹੈ, (ਉਸ ਦੀ) ਬਾਣੀ ਸੱਚ ਤੋਂ ਵੀ ਸੱਚੀ ਹੈ, (ਜੋ ਇਹ ਬਾਣੀ ਪੜ੍ਹਦਾ ਹੈ) ਉਹ ਮਨੁੱਖ (ਮੋਹ ਮਾਇਆ ਦੀ ਨੀਂਦ ਤੋਂ) ਸਦਾ ਲਈ ਜਾਗ ਪੈਂਦਾ ਹੈ।੨।(ਹੇ ਭਾਈ!) ਸਦਾ ਸੁਖ ਦੇਣ ਵਾਲਾ ਪ੍ਰਭੂ ਬਹੁਤ ਗੰਭੀਰ ਹੈ, ਉਸ ਦਾ ਕਿਸੇ ਨੇ ਅੰਤ ਨਹੀਂ ਪਾਇਆ।(ਜਿਸ ਮਨੁੱਖ ਨੇ) ਪੂਰੇ ਗੁਰੂ ਦੀ ਸੇਵਾ ਕੀਤੀ ਹੈ, ਅਚਿੰਤ ਹਰੀ ਨੂੰ (ਉਸ ਨੇ ਅਪਣੇ) ਮਨ ਵਿਚ ਵਸਾ ਲਿਆ ਹੈ।(ਉਸ ਦਾ) ਮਨ ਤੇ ਤਨ ਪਵਿਤ੍ਰ ਹੋ ਗਿਆ ਹੈ, (ਉਸ ਦੇ ਹਿਰਦੇ) ਅੰਦਰ ਸਦੀਵੀ ਸੁਖ ਆ ਗਿਆ ਹੈ ਅਤੇ (ਉਸ ਨੇ ਅਪਣੇ) ਮਨ ਵਿਚੋਂ ਭਰਮ ਦੂਰ ਕਰ ਦਿਤਾ ਹੈ।੩।(ਹੇ ਭਾਈ!) ਹਰੀ ਦੀ ਪ੍ਰਾਪਤੀ ਦਾ ਰਸਤਾ ਸਦਾ ਹੀ ਔਖਾ ਰਸਤਾ ਹੈ, ਕੋਈ ਵਿਰਲਾ ਮਨੁੱਖ ਗੁਰੂ (ਦੇ ਸ਼ਬਦ) ਦੀ ਵਿਚਾਰ ਦੁਆਰਾ (ਇਸ ਰਸਤੇ ਨੂੰ) ਪ੍ਰਾਪਤ ਕਰਦਾ ਹੈ।

ਅੰਗ ੬੦੧ = ਹਰਿ ਕੈ ਰੰਗਿ ਰਾਤਾ ਸਬਦੇ ਮਾਤਾ, ਹਉਮੈ ਤਜੇ ਵਿਕਾਰਾ ॥ ਨਾਨਕ ਨਾਮਿ ਰਤਾ ਇਕ ਰੰਗੀ, ਸਬਦਿ ਸਵਾਰਣਹਾਰਾ ॥੪॥੩॥ (ਇਸ ਰਸਤੇ ਤੇ ਤੁਰਨ ਵਾਲਾ ਮਨੁੱਖ) ਹਰੀ ਦੇ ਪ੍ਰੇਮ ਰੰਗਿ ਵਿਚ ਰੰਗਿਆ ਹੋਇਆ ਹੈ, (ਉਹ) ਹਉਮੈ ਆਦਿਕ ਵਿਕਾਰ ਛਡ ਕੇ (ਗੁਰੂ ਦੇ) ਸ਼ਬਦ ਵਿਚ ਮਗਨ ਰਹਿੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਉਹ) ਹਰੀ ਦੇ ਨਾਮ ਵਿਚ ਇਕ ਰਸ ਰੰਗਿਆ ਹੋਇਆ ਹੈ ਅਤੇ (ਉਹ ਗੁਰੂ ਦੇ) ਸ਼ਬਦ ਦੁਆਰਾ (ਹੋਰਨਾਂ ਦੇ ਮਨ ਨੂੰ ਵੀ) ਸਵਾਰਨ ਵਾਲਾ ਹੈ।੪।੩।

ਪਦਾਰਥ = ਦਾਸਨਿ ਦਾਸੁ–ਦਾਸਾਂ ਦਾ ਦਾਸ।ਵਿਚਹੁ–ਮਨ ਵਿਚੋਂ।ਆਪੁ–ਆਪਾ ਭਾਵ (ਅਪਣੱਤ; ਹੰਕਾਰ)।ਗਵਾਈ–ਗਵਾ ਕੇ।ਅਨ ਦਿਨੁ–ਹਰ ਰੋਜ।ਰਤੇ–ਰਚੇ ਹੋਏ।ਇਕ ਰੰਗੀ–ਇਕ ਹਰੀ ਦੇ ਪ੍ਰੇਮ ਵਿਚ ਮਗਨ ਰਹਿਣ ਵਾਲੇ ਭਗਤ; ਇਕ ਰਸ; ਇਕ ਹਰੀ ਦਾ ਰੂਪ।ਹਰਿ ਸਿਉ–ਹਰੀ ਨਾਲ।ਰਹੇ ਸਮਾਈ–ਮਿਲੇ ਰਹਿੰਦੇ ਹਨ।੧।ਨਦਰਿ–ਮੇਹਰ ਭਰੀ ਨਜਰ।ਨੋ–ਨੂੰ (ਉਤੇ)।ਪੈਜ–ਇੱਜਤ। ਰਹਾਉ।ਸਲਾਹੀ–ਸਿਫਤ ਸਲਾਹ ਕਰਦਾ ਹਾਂ।ਹਉ–ਮੈਂ।ਜੀਵਾ–ਜਿਉਂਦਾ ਹਾਂ।ਗੁਰਮਤੀ–ਗੁਰੂ ਦੀ ਸਿਖਿਆ ਦੁਆਰਾ।ਭਉ–ਡਰ। ਭਾਗਾ–ਦੂਰ ਹੋ ਗਿਆ।ਅਤਿ–ਬਹੁਤ।ਸੁਆਲਿਉ–ਸੁੰਦਰਤਾ ਦਾ ਘਰ।ਸੋ ਜਨੁ–ਉਹ ਮਨੁੱਖ।ਅਨਦਿਨੁ–ਸਦਾ; ਲਗਾਤਾਰ।ਜਾਗਾ–ਜਾਗ ਪਿਆ (ਗਿਆਨ ਅਵਸਥਾ ਵਿਚ)।੨।ਮਹਾ ਗੰਭੀਰੁ–ਬਹੁਤ ਡੂੰਘਾ; ਜਿਗਰੇ ਵਾਲਾ।ਕੀਨੀ–ਕੀਤੀ।ਅਚਿੰਤੁ–ਚਿੰਤਾ ਰਹਿਤ (ਸਦਾ ਅਨੰਦ ਵਿਚ ਰਹਿਣਾ ਵਾਲਾ)।ਮੰਨਿ–ਮਨ ਵਿਚ।ਨਿਰਮਲੁ–ਪਵਿਤ੍ਰ।ਅੰਤਰਿ–ਮਨ ਦੇ ਅੰਦਰ।ਵਿਚਹੁ–ਮਨ ਵਿਚੋਂ।ਚੁਕਾਇਆ –ਦੂਰ ਕਰ ਦਿਤਾ।੩।ਪੰਥੁ–ਰਸਤਾ।ਬਿਖੜਾ–ਔਖਾ।ਕੋ–ਕੋਈ ਵਿਰਲਾ।ਕੈ ਰੰਗਿ–ਦੇ ਪ੍ਰੇਮ ਰੰਗ ਵਿਚ।ਰਾਤਾ–ਰੰਗਿਆ ਹੋਇਆ। ਸਬਦੇ ਮਾਤਾ–ਸ਼ਬਦ ਵਿਚ ਮਸਤ।ਤਜੇ–ਛਡ ਦਿਤੇ।ਨਾਮਿ–ਨਾਮ ਵਿਚ।ਸਵਾਰਣਹਾਰਾ–(ਹੋਰਨਾਂ ਦੇ ਮਨ ਨੂੰ) ਸਵਾਰਨ ਵਾਲਾ।੪ ।੩।

ਸੋਰਠਿ ਮਹਲਾ ੩ ॥ ਹਰਿ ਜੀਉ ਤੁਧੁ ਨੋ ਸਦਾ ਸਾਲਾਹੀ ਪਿਆਰੇ, ਜਿਚਰੁ ਘਟ ਅੰਤਰਿ ਹੈ ਸਾਸਾ ॥ ਇਕੁ ਪਲੁ ਖਿਨੁ ਵਿਸਰਹਿ ਤੂ ਸੁਆਮੀ, ਜਾਣਉ ਬਰਸ ਪਚਾਸਾ ॥ ਹਮ ਮੂੜ ਮੁਗਧ ਸਦਾ ਸੇ ਭਾਈ, ਗੁਰ ਕੈ ਸਬਦਿ ਪ੍ਰਗਾਸਾ ॥੧॥ ਹਰਿ ਜੀਉ ਤੁਮ ਆਪੇ ਦੇਹੁ ਬੁਝਾਈ ॥ ਹਰਿ ਜੀਉ ਤੁਧੁ ਵਿਟਹੁ ਵਾਰਿਆ ਸਦ ਹੀ, ਤੇਰੇ ਨਾਮ ਵਿਟਹੁ ਬਲਿ ਜਾਈ ॥ਰਹਾਉ॥ ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ, ਸਬਦੇ ਹੀ ਮੁਕਤਿ ਪਾਈ ॥ ਸਬਦੇ ਮਨੁ ਤਨੁ ਨਿਰਮਲੁ ਹੋਆ, ਹਰਿ ਵਸਿਆ ਮਨਿ ਆਈ ॥ ਸਬਦੁ ਗੁਰ ਦਾਤਾ

ਜਿਤੁ ਮਨੁ ਰਾਤਾ, ਹਰਿ ਸਿਉ ਰਹਿਆ ਸਮਾਈ ॥੨॥ ਸਬਦੁ ਨ ਜਾਣਹਿ ਸੇ ਅੰਨੇ ਬੋਲੇ, ਸੇ ਕਿਤੁ ਆਏ ਸੰਸਾਰਾ ॥ ਹਰਿ ਰਸੁ ਨ ਪਾਇਆ ਬਿਰਥਾ ਜਨਮੁ ਗਵਾਇਆ, ਜੰਮਹਿ ਵਾਰੋ ਵਾਰਾ ॥ ਬਿਸਟਾ ਕੇ ਕੀੜੇ ਬਿਸਟਾ ਮਾਹਿ ਸਮਾਣੇ, ਮਨਮੁਖ ਮੁਗਧ ਗੁਬਾਰਾ ॥੩॥ ਆਪੇ ਕਰਿ ਵੇਖੈ ਮਾਰਗਿ ਲਾਏ ਭਾਈ, ਤਿਸੁ ਬਿਨੁ ਅਵਰੁ ਨ ਕੋਈ ॥ ਜੋ ਧੁਰਿ ਲਿਖਿਆ ਸੁ ਕੋਇ ਨ ਮੇਟੈ ਭਾਈ, ਕਰਤਾ ਕਰੇ ਸੁ ਹੋਈ ॥ ਨਾਨਕ ਨਾਮੁ ਵਸਿਆ ਮਨ ਅੰਤਰਿ ਭਾਈ, ਅਵਰੁ ਨ ਦੂਜਾ ਕੋਈ ॥੪॥੪॥ ਹੇ ਹਰਿ ਜੀਉ ! (ਮੇਰੇ ਤੇ ਕ੍ਰਿਪਾ ਕਰ ਕਿ) ਜਿੰਨਾ ਚਿਰ ਮੇਰੇ ਸਰੀਰ ਅੰਦਰ ਸੁਆਸ ਹਨ, ਮੈਂ ਤੈਨੂੰ ਸਦਾ ਸਲਹੁੰਦਾ ਰਹਾਂ। ਹੇ ਮਾਲਕ ਪ੍ਰਭੂ ! ਇਕ ਪਲ ਇਕ ਖਿਨ (ਜੇ ਤੂੰ ਮੈਨੂੰ) ਵਿਸਰ ਜਾਵੇਂ ,(ਤਾਂ ਮੈਂ ਉਸ ਨੂੰ) ਪੰਜਾਹ ਵਰਸ ਬੀਤ ਗਏ ਸਮਝਦਾ ਹਾਂ। ਹੇ ਭਾਈ! ਅਸੀਂ ਸਦਾ ਮੂਰਖਾਂ ਦੇ ਵੀ ਮੂਰਖ ਸਾਂ, (ਪਰ ਹੁਣ) ਗੁਰ ਦੇ ਸ਼ਬਦ ਦੁਆਰਾ (ਗਿਆਨ ਦਾ) ਪ੍ਰਕਾਸ਼ ਹੋਇਆ ਹੈ।੧। ਹੇ ਹਰਿ ਜੀਉ! ਤੁਸੀਂ ਆਪੇ ਹੀ ਸਮਝ (ਅਪਣਾ ਗਿਆਨ) ਬਖਸ਼ ਦੇਵੋ। ਹੇ ਹਰਿ ਜੀਉ ! ਮੈਂ ਤੇਰੇ ਤੋਂ ਸਦਾ ਹੀ ਵਾਰਨੇ ਜਾਂਦਾ ਹਾਂ ਅਤੇ ਤੇਰੇ ਨਾਮ ਤੋਂ ਵੀ ਬਲਹਾਰ ਜਾਂਦਾ ਹਾਂ। ਰਹਾਉ। ਹੇ ਭਾਈ! ਅਸੀਂ ਗੁਰੂ ਦੇ ਸ਼ਬਦ ਦੁਆਰਾ (ਆਪਾ ਭਾਵ ਤੋਂ) ਮਰੇ ਹਾਂ, ਗੁਰੂ ਦੇ ਸ਼ਬਦ ਨੇ (ਆਪਾ ਭਾਵ ਕੇ) ਮਾਰ ਕੇ (ਸਾਨੂੰ) ਜਿਵਾਲ (ਆਤਮਕ ਜੀਵਨ) ਦਿਤਾ ਹੈ, ਸ਼ਬਦ ਦੁਆਰਾ ਹੀ (ਅਸੀਂ ਜੀਵਨ) ਮੁਕਤੀ ਪਾਈ ਹੈ।(ਗੁਰੂ ਦੇ) ਸ਼ਬਦ ਦੁਆਰਾ ਮਨ ਤੇ ਤਨ ਨਿਰਮਲ ਹੋਇਆ ਹੈ, (ਜਿਸ ਕਰਕੇ) ਹਰੀ ਮਨ ਵਿਚ ਆ ਕੇ ਵਸ ਗਿਆ ਹੈ। ਸ਼ਬਦ ਦੇਣ ਵਾਲਾ ਦਾਤਾ ਗੁਰੂ ਹੈ, ਜਿਸ ਕਰਕੇ ਮਨ (ਮੇਰਾ, ਸ਼ਬਦ ਵਿਚ) ਰੰਗਿਆ ਗਿਆ ਹੈ ਤੇ ਹਰੀ ਨਾਲ ਮਿਲਿਆ ਰਹਿੰਦਾ ਹੈ।੨।(ਜਿਹੜੇ ਮਨੁੱਖ ਗੁਰੂ ਦੇ) ਸ਼ਬਦ ਨੂੰ ਨਹੀਂ ਜਾਣਦੇ, ਉਹ ਅੰਨ੍ਹੇ ਤੇ (ਕੰਨਾਂ ਤੋਂ) ਬੋਲੇ ਹਨ, ਉਹ ਸੰਸਾਰ ਵਿਚ ਕਿਸ ਵਾਸਤੇ ਆਏ ਹਨ (ਉਨ੍ਹਾਂ ਦਾ ਜਨਮ ਬਿਰਥਾ ਹੈ। ਜਿਨ੍ਹਾਂ ਨੇ) ਹਰੀ ਦੇ ਨਾਮ ਰਸ ਨੂੰ ਪ੍ਰਾਪਤ ਨਹੀਂ ਕੀਤਾ, (ਉਨ੍ਹਾਂ ਨੇ ਅਪਣਾ ਮਨੁੱਖਾ) ਜਨਮ ਬਿਅਰਥ ਗੁਆ ਲਿਆ ਹੈ, (ਜਿਸ ਕਰਕੇ ਉਹ) ਬਾਰ ਬਾਰ ਜੰਮਦੇ ਮਰਦੇ ਰਹਿੰਦੇ ਹਨ। ਉਹ ਗੰਦਗੀ ਦੇ ਕੀੜੇ ਗੰਦਗੀ ਵਿਚ ਸਮਾਏ ਰਹਿੰਦੇ ਹਨ, (ਉਹ) ਮਨਮੁਖ ਮੂਰਖ ਅਗਿਆਨ ਦੇ ਘੁੱਪ ਹਨ੍ਹੇਰੇ ਵਿਚ ਰਹਿੰਦੇ ਹਨ ।੩। ਹੇ ਭਾਈ! ਪ੍ਰਭੂ ਆਪੇ ਸੰਸਾਰ ਨੂੰ ਪੈਦਾ ਕਰਕੇ (ਇਸ ਦੀ) ਸੰਭਾਲ ਕਰਦਾ ਹੈ, (ਆਪੇ ਜਿਨ੍ਹਾਂ ਜੀਵਾਂ ਤੇ ਕ੍ਰਿਪਾ ਕਰਦਾ ਹੈ ਉਨ੍ਹਾਂ ਨੂੰ ਚੰਗੇ) ਰਸਤੇ ਵਿਚ ਲਾਉਂਦਾ ਹੈ, ਉਸ ਪ੍ਰਭੂ ਤੋਂ ਬਿਨਾ ਹੋਰ ਕੋਈ (ਸਮਰੱਥ) ਨਹੀਂ। ਹੇ ਭਾਈ! ਧੁਰ ਤੋਂ ਜੋ ਲੇਖ (ਜੀਵ ਦੇ ਮੱਥੇ ਤੇ) ਲਿਖਿਆ ਹੁੰਦਾ ਹੈ, ਉਸ ਨੂੰ ਕੋਈ ਮੇਟ ਨਹੀਂ ਸਕਦਾ, ਕਰਤਾਰ ਜੋ ਕਰਦਾ ਹੈ, ਉਹ ਹੀ ਹੁੰਦਾ ਹੈ। ਹੇ ਭਾਈ! ਨਾਨਕ ਦੇ ਮਨ ਅੰਦਰ (ਪ੍ਰਭੂ ਦਾ) ਨਾਮ ਵਸ ਗਿਆ ਹੈ, ਜਿਸ ਵਰਗਾ ਦੂਜਾ ਹੋਰ ਕੋਈ ਨਹੀਂ {ਨਾਮ ਤੁਲਿ ਕਛੁ ਅਵਰੁ ਨ ਹੋਇ ੨੬੫}।੪।੪।

ਇਸ ਸ਼ਬਦ ਦੀਆਂ ਪਹਿਲੀਆਂ ਦੋ ਤੁਕਾਂ ਵਿਚ ਵਾਹਿਗੁਰੂ ਨੂੰ ਸੰਬੋਧਨ ਕਰਕੇ ਬੇਨਤੀ ਕਰਦੇ ਹਨ। ਪਹਿਲੇ ਪਦੇ ਦੀ ਤੀਜੀ ਤੁਕ ਅਤੇ ਬਾਕੀ ਸਭ ਪਦਿਆਂ ਵਿਚ 'ਭਾਈ' ਉਸ ਮਨੁੱਖ ਨੂੰ ਸੰਬੋਧਨ ਕਰਕੇ ਆਖਦੇ ਹਨ, ਜਿਸ ਨਾਲ ਵਿਚਾਰ ਹੋ ਰਹੀ ਹੈ।

ਪਦਾਰਥ = ਤੁਧੁ ਨੋ–ਤੈਨੂੰ। ਸਾਲਾਹੀ–ਮੈਂ ਸਲਾਹੁੰਦਾ ਰਹਾਂ। ਜਿਚਰੁ–ਜਿੰਨਾ ਚਿਰ। ਘਟ ਅੰਤਰਿ–ਸਰੀਰ ਅੰਦਰ। ਸਾਸਾ–ਸੁਆਸ। ਪਲੁ –੨੪ ਸੈਕਿੰਡ ਦਾ ਸਮਾਂ। ਖਿਨੁ–ਅੱਖ ਝਮਕਣ ਜਿੰਨਾ ਸਮਾਂ। ਵਿਸਰਹਿ–ਭੁੱਲ ਜਾਵੇਂ। ਜਾਣਉ–ਮੈਂ ਸਮਝਦਾ ਹਾਂ। ਬਰਸ ਪਚਾਸਾ–ਪੰਜਾਹ ਵਰ੍ਹੇ ਦੇ ਬਰਾਬਰ। ਹਮ–ਅਸੀਂ। ਮੂੜ ਮੁਗਧ–ਮੂਰਖਾਂ ਦੇ ਵੀ ਮੂਰਖ। ਸੇ–ਸਾਂ; ਤੋਂ। ਪ੍ਰਗਾਸਾ–ਗਿਆਨ ਦਾ ਪ੍ਰਕਾਸ਼ ਹੋਇਆ।੧। ਦੇਹੁ ਬੁਝਾਈ–ਸਮਝ ਬਖਸ਼ ਦੇਵੋ। ਵਿਟਹੁ–ਤੋਂ। ਵਾਰਿਆ–ਵਾਰਨੇ ਜਾਂਦਾ ਹਾਂ। ਬਲਿ ਜਾਈ–ਬਲਹਾਰ ਜਾਂਦਾ ਹਾਂ। ਰਹਾਉ। ਸਬਦਿ–ਸ਼ਬਦ ਦੁਆਰਾ। ਮੁਏ–(ਆਪਾ ਭਾਵ ਤੋਂ) ਮਰੇ ਹਾਂ। ਮਾਰਿ ਜੀਵਾਲੇ–ਮਾਰ ਕੇ ਜਿਵਾਲ (ਆਤਮਕ ਜੀਵਨ) ਦਿਤਾ ਹੈ। ਨਿਰਮਲੁ–ਪਵਿਤ੍ਰ। ਮਨਿ ਆਈ–ਮਨ ਵਿਚ ਆ ਕੇ। ਜਿਤੁ–ਜਿਸ ਕਰਕੇ। ਰਾਤਾ–ਰੰਗਿਆ ਗਿਆ। ਸਿਉ–ਨਾਲ। ਰਹਿਆ ਸਮਾਈ–ਮਿਲਿਆ ਰਹਿੰਦਾ ਹੈ।੨। ਸੇ–ਉਹ। ਅੰਨਾ–ਅੰਨ੍ਹਾ (ਗਿਆਨ ਤੇ ਵਿਚਾਰ ਹੀਣ)। ਬੋਲਾ–ਬਹਿਰਾ (ਸ਼ਰਧਾ ਤੇ ਵਿਸ਼ਵਾਸ ਹੀਣ)। ਕਿਤੁ–ਕਿਸ ਵਾਸਤੇ। ਵਾਰੋ ਵਾਰਾ–ਬਾਰ ਬਾਰ। ਬਿਸਟਾ–ਗੰਦਗੀ (ਗੂੰਹ)। ਗੁਬਾਰਾ–ਘੁੱਪ ਹਨ੍ਹੇਰਾ।੩। ਆਪੇ–ਪ੍ਰਭੂ ਆਪ ਹੀ। ਕਰਿ–ਪੈਦਾ ਕਰਕੇ। ਦੇਖੈ–ਸੰਭਾਲਦਾ ਹੈ। ਮਾਰਗਿ–ਰਸਤੇ ਵਿਚ। ਅਵਰੁ–ਹੋਰ। ਧੁਰਿ–ਧੁਰ (ਰੱਬ ਦੀ ਹਜੂਰੀ) ਤੋਂ। ਸੁ–ਉਹ। ਕਰਤਾ–ਕਰਤਾਰ। ਕਰੇ–ਕਰਦਾ ਹੈ।੪।੪।

ਸੋਰਠਿ ਮਹਲਾ ੩ ॥ ਗੁਰਮੁਖਿ ਭਗਤਿ ਕਰਹਿ ਪ੍ਰਭ ਭਾਵਹਿ, ਅਨਦਿਨੁ ਨਾਮੁ ਵਖਾਣੇ ॥ ਭਗਤਾ ਕੀ ਸਾਰ ਕਰਹਿ ਆਪਿ ਰਾਖਹਿ, ਜੋ ਤੇਰੈ ਮਨਿ ਭਾਣੇ ॥ ਤੂ ਗੁਣ ਦਾਤਾ ਸਬਦਿ ਪਛਾਤਾ, ਗੁਣ ਕਹਿ ਗੁਣੀ ਸਮਾਣੇ ॥੧॥ ਮਨ ਮੇਰੇ ਹਰਿ ਜੀਉ ਸਦਾ ਸਮਾਲਿ ॥ ਅੰਤ ਕਾਲਿ ਤੇਰਾ ਬੇਲੀ ਹੋਵੈ, ਸਦਾ ਨਿਬਹੈ ਤੇਰੈ ਨਾਲਿ ॥ਰਹਾਉ॥ ਦੁਸਟ ਚਉਕੜੀ ਸਦਾ ਕੂੜੁ ਕਮਾਵਹਿ, ਨਾ ਬੂਝਹਿ ਵੀਚਾਰੇ ॥ ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ, ਹਰਣਾਖਸ ਨਖਹਿ ਬਿਦਾਰੇ ॥ ਪ੍ਰਹਿਲਾਦੁ ਜਨੁ ਸਦ ਹਰਿ ਗੁਣ ਗਾਵੈ, ਹਰਿ ਜੀਉ ਲਏ ਉਬਾਰੇ

॥੨ ॥ ਆਪਸ ਕਉ ਬਹੁ ਭਲਾ ਕਰਿ ਜਾਣਹਿ, ਮਨਮੁਖਿ ਮਤਿ ਨ ਕਾਈ ॥ ਸਾਧੂ ਜਨ ਕੀ ਨਿੰਦਾ ਵਿਆਪੇ, ਜਾਸਨਿ ਜਨਮੁ ਗਵਾਈ ॥ ਰਾਮ ਨਾਮੁ ਕਦੇ ਚੇਤੈ ਨਾਹੀ, ਅੰਤਿ ਗਏ ਪਛੁਤਾਈ ॥੩॥ ਸਫਲੁ ਜਨਮੁ ਭਗਤਾ ਕਾ ਕੀਤਾ, ਗੁਰ ਸੇਵਾ ਆਪਿ ਲਾਏ ॥ ਸਬਦੇ ਰਾਤੇ ਸਹਜੇ ਮਾਤੇ, ਅਨਦਿਨੁ ਹਰਿ ਗੁਣ ਗਾਏ ॥ ਨਾਨਕ ਦਾਸੁ ਕਹੈ ਬੇਨੰਤੀ, ਹਉ ਲਾਗਾ ਤਿਨ ਕੈ ਪਾਏ ॥੪॥੫॥ (ਜਿਹੜੇ ਮਨੁੱਖ) ਗੁਰੂ ਦੁਆਰਾ ਭਗਤੀ ਕਰਦੇ ਹਨ ਤੇ ਹਰ ਰੋਜ ਨਾਮ ਉਚਾਰਦੇ ਹਨ, ਉਹ ਪ੍ਰਭੂ ਨੂੰ ਚੰਗੇ ਲਗਦੇ ਹਨ।(ਹੇ ਪ੍ਰਭੂ! ਤੂੰ ਉਨ੍ਹਾਂ) ਭਗਤਾਂ ਦੀ ਸੰਭਾਲ ਕਰਦਾ ਹੈਂ ਤੇ ਆਪ ਰੱਖਿਆ ਕਰਦਾ ਹੈਂ, ਜੋ ਤੇਰੇ ਮਨ ਵਿਚ ਚੰਗੇ ਲਗਦੇ ਹਨ।ਤੂੰ ਸਾਰੇ ਗੁਣਾਂ ਦਾ ਦਾਤਾ ਹੈਂ, (ਭਗਤਾਂ ਨੇ ਤੈਨੂੰ ਗੁਰੂ ਦੇ) ਸ਼ਬਦ ਦੁਆਰਾ ਪਛਾਣਿਆ ਹੈ, (ਹੇ ਭਾਈ! ਉਹ ਭਗਤ) ਗੁਣ ਗਾ ਕੇ ਗੁਣਾਂ ਵਾਲੇ ਪ੍ਰਭੂ ਵਿਚ ਸਮਾ ਗਏ ਹਨ।੧।ਹੇ ਮੇਰੇ ਮਨ! ਤੂੰ ਸਦਾ ਹਰਿ ਜੀ ਨੂੰ ਯਾਦ ਕਰ।(ਉਹ) ਅੰਤ ਵੇਲੇ ਤੇਰਾ ਸਹਾਈ ਹੋਵੇਗਾ ਅਤੇ ਸਦਾ ਤੇਰੇ ਨਾਲ ਨਿਭੇਗਾ।ਰਹਾਉ।ਦੁਸ਼ਟ ਮਨੁੱਖਾਂ ਦੀ ਮੰਡਲੀ ਸਦਾ ਕੂੜ ਕਮਾਉਂਦੀ ਹੈ, (ਉਹ) ਸਮਝਦੇ ਨਹੀਂ ਤੇ ਨਾ ਵਿਚਾਰ ਕਰਦੇ ਹਨ।(ਵਿਚਾਰ ਕਰੋ) ਨਿੰਦਾ ਦੁਸ਼ਟਤਾਈ ਤੋਂ ਕਿਸ ਨੇ ਸੁਖ ਫਲ ਪਾਇਆ ਹੈ (ਕਿਸੇ ਨੇ ਸੁਖ ਨਹੀਂ ਪਾਇਆ, ਦੁਸ਼ਟਤਾਈ ਦੇ ਕਾਰਣ) ਹਰਨਾਖਸ਼ ਨੂੰ (ਨਰ ਸਿੰਘ ਨੇ) ਨੌਹਾਂ ਨਾਲ ਚੀਰ ਦਿਤਾ।ਪ੍ਰਹਿਲਾਦ ਭਗਤ ਸਦਾ ਹਰੀ ਦੇ ਗੁਣ ਗਾਉਂਦਾ ਸੀ, ਹਰੀ ਜੀ ਨੇ (ਨਰ ਸਿੰਘ ਰੂਪ ਧਾਰ ਕੇ ਉਸ ਨੂੰ ਹਰਨਾਖਸ਼ ਦੇ ਜੁਲਮ ਤੋਂ) ਬਚਾ ਲਿਆ ਸੀ (ਹਰੀ ਸਦਾ ਭਗਤਾਂ ਦੀ ਰੱਖਿਆ ਕਰਦਾ ਹੈ)।੨।ਮਨਮੁਖ ਲੋਕਾਂ ਵਿਚ ਕੋਈ ਅਕਲ ਤਾਂ ਹੁੰਦੀ ਨਹੀਂ, (ਉਹ) ਅਪਣੇ ਆਪ ਨੂੰ ਬਹੁਤ ਚੰਗਾ ਕਰਕੇ ਜਾਣਦੇ ਹਨ।ਉਹ ਸਾਧੂ ਜਨਾਂ ਦੀ ਨਿੰਦਾ ਕਰਨ ਵਿਚ ਲੱਗੇ ਰਹਿੰਦੇ ਹਨ, (ਜਿਸ ਕਰਕੇ ਉਹ ਅਪਣਾ ਮਨੁੱਖਾਂ) ਜਨਮ ਬਿਰਥਾ ਗੁਆ ਕੇ ਚਲੇ ਜਾਂਦੇ ਹਨ।ਰਾਮ ਦਾ ਨਾਮ ਕਦੇ ਚੇਤੇ ਨਹੀਂ ਕਰਦੇ, ਅੰਤ ਵਿਚ (ਪ੍ਰਲੋਕ ਵਿਚ) ਗਏ ਪਛਤਾਉਂਦੇ ਹਨ।੩।(ਪ੍ਰਭੂ ਨੇ) ਆਪ ਹੀ ਗੁਰੂ ਦੀ ਸੇਵਾ ਵਿਚ ਲਾ ਕੇ ਭਗਤਾਂ ਦਾ ਮਨੁੱਖਾ ਜਨਮ ਸਫਲ ਕਰ ਦਿਤਾ ਹੈ।(ਉਹ ਗੁਰੂ ਦੇ) ਸ਼ਬਦ ਵਿਚ ਰੰਗੇ ਹੋਏ ਸਹਿਜ ਅਵਸਥਾ ਵਿਚ ਮਗਨ ਹੋਏ ਹੋਏ ਹਰ ਰੋਜ ਹਰੀ ਦੇ ਗੁਣ ਗਾਉਂਦੇ ਹਨ।ਦਾਸ ਨਾਨਕ ਬੇਨਤੀ ਆਖਦਾ ਹੈ ਕਿ (ਹੇ ਪ੍ਰਭੂ! ਕ੍ਰਿਪਾ ਕਰੋ) ਮੈਂ ਉਨ੍ਹਾਂ ਭਗਤਾਂ ਦੇ ਪੈਰੀਂ ਲੱਗਾ ਰਹਾਂ।੪।੫।

ਪਦਾਰਥ = ਗੁਰਮੁਖਿ–ਗੁਰੂ ਦੀ ਸ਼ਰਣ ਵਿਚ ਰਹਿਣ ਵਾਲਾ ਮਨੁੱਖ।ਭਾਵਹਿ–ਚੰਗੇ ਲਗਦੇ ਹਨ।ਅਨਦਿਨੁ–ਹਰ ਰੋਜ।ਵਖਾਣੇ–ਉਚਾਰਦੇ ਹਨ।ਸਾਰ ਕਰਹਿ–ਸੰਭਾਲ ਕਰਦਾ ਹੈ।ਰਾਖਹਿ–ਰੱਖਿਆ ਕਰਦਾ ਹੈਂ।ਮਨਿ–ਮਨ ਵਿਚ।ਭਾਣੇ–ਚੰਗੇ ਲਗਦੇ ਹਨ।ਸਬਦਿ–ਸ਼ਬਦ ਦੁਆਰਾ।ਗੁਣ ਕਹਿ–ਗੁਣ ਗਾ ਕੇ।ਗੁਣੀ–ਗੁਣਾਂ ਵਾਲੇ ਪ੍ਰਭੂ ਵਿਚ।ਸਮਾਣੇ–ਮਿਲ ਗਏ ਹਨ।੧।ਸਮਾਲਿ–ਯਾਦ ਕਰ।ਅੰਤਿ ਕਾਲਿ–ਅੰਤ ਸਮੇਂ।ਬੇਲੀ–ਸਹਾਇਕ; ਮਿਤ੍ਰ।ਰਹਾਉ।ਦੁਸਟ ਚਉਕੜੀ–ਦੁਸ਼ਟਾਂ ਦੀ ਟੋਲੀ।ਨ ਬੂਝਹਿ–ਨਹੀਂ ਸਮਝਦੇ।ਵੀਚਾਰੇ–ਵਿਚਾਰ ਕਰਦੇ ਹਨ।ਦੁਸਟੀ–ਬਦੀ; ਨੀਚਤਾਈ।ਕਿਨਿ–ਕਿਸ ਨੇ।ਨਖਹਿ–ਨਹੁਆਂ ਨਾਲ।ਬਿਦਾਰੇ–ਚੀਰ ਦਿਤਾ।ਜਨੁ–ਭਗਤ।ਲਏ ਉਬਾਰ–ਬਚਾ ਲਿਆ।੨।ਆਪਸ ਕਉ–ਅਪਣੇ ਆਪ ਨੂੰ।ਬਹੁ–ਬਹੁਤ।ਭਲਾ ਕਰਿ–ਚੰਗਾ ਕਰਕੇ।ਮਤਿ–ਅਕਲ।ਕਾਈ–ਕੋਈ।ਵਿਆਪੇ–ਲੱਗੇ ਰਹਿੰਦੇ ਹਨ।ਜਾਸਨਿ–ਚਲੇ ਜਾਂਦੇ ਹਨ।ਗਵਾਈ–ਗੁਆ ਕੇ।ਚੇਤਹਿ ਨਾਹੀ–ਸਿਮਰਦੇ ਨਹੀਂ।ਅੰਤਿ–ਅੰਤ ਵਿਚ।੩।ਸਬਦੇ–ਸ਼ਬਦ ਵਿਚ।ਰਾਤੇ–ਰੰਗੇ ਹੋਏ।ਸਹਜੇ–ਸਹਿਜ ਅਵਸਥਾ ਵਿਚ।ਮਾਤੇ–ਮਗਨ ਹੋਏ।ਹਉ–ਮੈਂ।ਤਿਨ ਕੈ–ਉਨ੍ਹਾਂ ਦੇ।ਪਾਏ–ਪੈਰੀਂ।੪।੫।

ਹਰਣਾਖਸ਼ = ਇਕ ਬਹੁਤ ਭੈੜਾ ਜਾਲਮ ਰਾਜ ਹੋਇਆ ਹੈ, ਜੋ ਅਪਣੇ ਪੁਤ੍ਰ ਪ੍ਰਹਿਲਾਦ ਨੂੰ ਉਸ ਦੇ ਪ੍ਰਭੂ ਦੀ ਭਗਤ ਕਰਨ ਕਰਕੇ ਬਹੁਤ ਦੁੱਖ ਦੇਂਦਾ ਸੀ।ਪ੍ਰਭੂ ਨੇ ਇਸ ਨੂੰ ਨਰ ਸਿੰਘ ਰੂਪ ਧਾਰ ਕੇ ਨੌਹਾਂ ਨਾਲ ਪਾੜ ਦਿਤਾ ਤੇ ਪ੍ਰਹਿਲਾਦ ਦੀ ਰੱਖਿਆ ਕੀਤੀ।

ਸੋਰਠਿ ਮਹਲਾ ੩ ॥ ਸੋ ਸਿਖੁ ਸਖਾ ਬੰਧਪੁ ਹੈ ਭਾਈ, ਜਿ ਗੁਰ ਕੇ ਭਾਣੇ ਵਿਚਿ ਆਵੈ ॥ ਆਪਣੈ ਭਾਣੈ ਜੋ ਚਲੈ ਭਾਈ, ਵਿਛੁੜਿ ਚੋਟਾ ਖਾਵੈ ॥ ਹੇ ਭਾਈ! ਉਹ ਮਨੁੱਖ ਗੁਰੂ ਦਾ ਸਿਖ ਹੈ, ਗੁਰੂ ਦਾ ਮਿਤ੍ਰ ਤੇ ਰਿਸ਼ਤੇਦਾਰ ਹੈ, ਜਿਹੜਾ ਗੁਰੂ ਦੇ ਭਾਣੇ ਵਿਚ ਆਉਂਦਾ ਹੈ (ਹੁਕਮ ਵਿਚ ਚਲਦਾ ਹੈ)।ਜੋ ਮਨੁੱਖ ਅਪਣੀ ਮਰਜੀ ਅਨੁਸਾਰ ਚਲਦਾ ਹੈ, ਉਹ ਹਰੀ ਤੋਂ ਵਿਛੜ ਕੇ ਚੋਟਾਂ ਖਾਂਦਾ (ਦੁਖ ਭੋਗਦਾ) ਹੈ।

ਅੰਗ ੬੦੨ = ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ, ਫਿਰਿ ਫਿਰਿ ਪਛੋਤਾਵੈ ॥੧॥ ਹਰਿ ਕੇ ਦਾਸ ਸੁਹੇਲੇ ਭਾਈ ॥ ਜਨਮ ਜਨਮ ਕੇ ਕਿਲਵਿਖ ਦੁਖ ਕਾਟੇ, ਆਪੇ ਮੇਲਿ ਮਿਲਾਈ ॥ਰਹਾਉ॥ ਇਹੁ ਕੁਟੰਬੁ ਸਭੁ ਜੀਅ ਕੇ ਬੰਧਨ ਭਾਈ, ਭਰਮਿ ਭੁਲਾ ਸੈਂਸਾਰਾ ॥ ਬਿਨੁ ਗੁਰ ਬੰਧਨ ਟੂਟਹਿ ਨਾਹੀ, ਗੁਰਮੁਖਿ ਮੋਖ ਦੁਆਰਾ ॥ ਕਰਮ ਕਰਹਿ ਗੁਰ ਸਬਦੁ ਨ ਪਛਾਣਹਿ, ਮਰਿ ਜਨਮਹਿ ਵਾਰੋ ਵਾਰਾ ॥੨॥ ਹਉ ਮੇਰਾ ਜਗੁ ਪਲਚਿ ਰਹਿਆ ਭਾਈ, ਕੋਇ ਨ ਕਿਸਹੀ ਕੇਰਾ ॥ ਗੁਰਮੁਖਿ ਮਹਲੁ ਪਾਇਨਿ ਗੁਣ ਗਾਵਨਿ, ਨਿਜ ਘਰਿ ਹੋਇ ਬਸੇਰਾ ॥ ਐਥੈ ਬੂਝੈ ਸੁ ਆਪੁ ਪਛਾਣੈ, ਹਰਿ ਪ੍ਰਭੁ ਹੈ ਤਿਸੁ ਕੇਰਾ ॥੩॥ ਸਤਿਗੁਰੂ ਸਦਾ ਦਇਆਲੁ ਹੈ ਭਾਈ, ਵਿਣੁ ਭਾਗਾ

ਕਿਆ ਪਾਈਐ ॥ ਏਕ ਨਦਰਿ ਕਰਿ ਵੇਖੈ ਸਭ ਊਪਰਿ, ਜੇਹਾ ਭਾਉ ਤੇਹਾ ਫਲੁ ਪਾਈਐ ॥ ਨਾਨਕ ਨਾਮੁ ਵਸੈ ਮਨ ਅੰਤਰਿ, ਵਿਚਹੁ ਆਪੁ ਗਵਾਈਐ ॥੪॥੬॥ ਹੇ ਭਾਈ! ਸਤਿਗੁਰੂ (ਦੀ ਮਰਜੀ ਅਨੁਸਾਰ ਚੱਲੇ) ਤੋਂ ਬਿਨਾ (ਕੋਈ ਵੀ ਮਨੁੱਖ) ਕਦੇ ਸੁਖ ਨਹੀਂ ਪਾ ਸਕਦਾ (ਅਪਣੀ ਮਰਜੀ ਨਾਲ ਚਲ ਕੇ ਮਨੁੱਖ ਦੁਖੀ ਹੋ ਕੇ) ਮੁੜ ਮੁੜ ਪਛਤਾਉਂਦਾ ਹੈ।੧।ਹੇ ਭਾਈ! ਹਰੀ ਦੇ ਦਾਸ ਸਦਾ ਹੀ ਸੁਖੀ ਰਹਿੰਦੇ ਹਨ।(ਪ੍ਰਭੂ ਉਨ੍ਹਾਂ ਦੇ) ਜਨਮਾਂ ਜਨਮਾਂ ਦੇ ਦੁਖ ਤੇ ਪਾਪ ਕੱਟ ਦਿੰਦਾ ਹੈ, ਪ੍ਰਭੂ ਆਪੇ (ਉਨ੍ਹਾਂ ਨੂੰ ਗੁਰੂ ਨਾਲ) ਮਿਲਾ ਕੇ ਅਪਣੇ ਨਾਲ ਮਿਲਾ ਲੈਂਦਾ ਹੈ।ਰਹਾਉ।ਹੇ ਭਾਈ! ਇਹ ਸਾਰਾ ਪ੍ਰਵਾਰ ਆਤਮਾ ਦੇ ਲਈ ਬੰਧਨ ਹੈ, ਸੰਸਾਰ ਭਰਮ ਵਿਚ ਪੈ ਕੇ ਭੁੱਲਿਆ ਹੋਇਆ ਹੈ।ਇਹ ਬੰਧਨ ਗੁਰੂ ਤੋਂ ਬਿਨਾ ਟੁੱਟ ਨਹੀਂ ਸਕਦੇ, ਮੁਕਤੀ ਦਾ ਦੁਆਰ ਗੁਰੂ ਦੀ ਸ਼ਰਣ ਵਿਚ ਪੈ ਕੇ ਮਿਲਦਾ ਹੈ।(ਜੋ ਮਨੁੱਖ ਧਰਮ) ਕਰਮ ਤਾਂ ਕਰਦੇ ਹਨ, ਪਰ ਗੁਰੂ ਦੇ ਸ਼ਬਦ ਨੂੰ ਨਹੀਂ ਪਛਾਣਦੇ, ਉਹ ਵਾਰੋ ਵਾਰ ਜੰਮਦੇ ਮਰਦੇ ਰਹਿੰਦੇ ਹਨ।੨।ਹੇ ਭਾਈ! ਸਾਰਾ ਜਗਤ ਮੈਂ ਮੇਰੀ (ਹਉਮੈ ਮਮਤਾ) ਵਿਚ ਫਸ ਰਿਹਾ ਹੈ, (ਪਰ ਅੰਤ ਵਿਚ) ਕੋਈ ਕਿਸੇ ਦਾ ਸਹਾਈ ਨਹੀਂ ਹੁੰਦਾ।ਗੁਰਮੁਖ ਜਨ ਹਰੀ ਦੇ ਗੁਣ ਗਾਉਂਦੇ ਹਨ ਤੇ ਹਰੀ ਦਾ ਮਹਿਲ ਪਾ ਲੈਂਦੇ ਹਨ, ਉਨ੍ਹਾਂ ਦਾ ਵਾਸਾ ਅਪਣੇ ਆਤਮ ਸਰੂਪ ਵਿਚ ਹੋ ਜਾਂਦਾ ਹੈ।(ਇਸ ਗੱਲ ਨੂੰ ਜਿਹੜਾ ਮਨੁੱਖ) ਇਥੇ ਅਪਣੇ ਵਰਤਮਾਨ ਜੀਵਨ ਵਿਚ ਸਮਝ ਜਾਂਦਾ ਹੈ, ਉਹ ਅਪਣੇ ਆਪ ਨੂੰ ਪਛਾਣ ਲੈਂਦਾ ਹੈ, (ਇਉਂ) ਹਰੀ ਪ੍ਰਭੂ ਉਸ ਦਾ ਹੋ ਜਾਂਦਾ ਹੈ।੩।ਹੇ ਭਾਈ! ਸਤਿਗੁਰੂ ਸਦਾ ਹੀ ਦਇਆ ਦਾ ਘਰ ਹੈ, ਪਰ ਭਾਗਾਂ ਤੋਂ ਬਿਨਾ (ਗੁਰੂ ਤੋਂ) ਕੀ ਪਾਇਆ ਜਾ ਸਕਦਾ ਹੈ? (ਸਤਿਗੁਰੂ) ਸਾਰਿਆਂ ਉਤੇ ਇਕੋ ਨਜਰ ਕਰਕੇ ਦੇਖਦਾ ਹੈ, ਪਰ ਜਿਹੋ ਜਿਹੀ (ਕਿਸੇ ਮਨੁੱਖ ਦੀ) ਭਾਵਨਾ ਹੁੰਦੀ ਹੈ, ਉਹੋ ਜਿਹਾ ਫਲ (ਉਸ ਨੂੰ ਗੁਰੂ ਪਾਸੋਂ) ਪ੍ਰਾਪਤ ਹੋ ਜਾਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਮਨ ਦੇ ਅੰਦਰ ਪ੍ਰਭੂ ਦਾ ਨਾਮ ਤਾਂ ਵਸਦਾ ਹੈ, ਜੇ (ਅਪਣੇ ਮਨ) ਵਿਚੋਂ ਆਪਾ ਭਾਵ ਗਵਾ ਦੇਈਏ।੪।੬।

ਪਦਾਰਥ = ਸੋ–ਉਹ।ਸਖਾ–ਮਿਤ੍ਰ।ਬੰਧਪੁ–ਰਿਸ਼ਤੇਦਾਰ।ਭਾਈ–ਹੇ ਭਾਈ!।ਜਿ–ਜਿਹੜਾ।ਭਾਣੇ ਵਿਚ–ਹੁਕਮ ਵਿਚ।ਚੋਟਾ ਖਾਵੈ–(ਜਮ ਦੀ) ਮਾਰ ਖਾਂਦਾ ਹੈ; ਦੁੱਖ ਭੋਗਦਾ ਹੈ।ਫਿਰਿ ਫਿਰਿ–ਮੁੜ ਮੁੜ।੧।ਸੁਹੇਲੇ–ਸੁਖੀ।ਕਿਲਵਿਖ–ਪਾਪ।ਰਹਾਉ।ਕੁਟੰਬੁ–ਪ੍ਰਵਾਰ। ਜੀਅ ਕੇ–ਆਤਮਾ ਦੇ ਲਈ।ਸੈਂਸਾਰਾ–ਸੰਸਾਰ।ਗੁਰਮੁਖਿ–ਗੁਰੂ ਦੀ ਸ਼ਰਣ ਵਿਚ ਪੈ ਕੇ।ਕਰਮ–ਧਰਮ ਕਰਮ; ਕੰਮ ਧੰਦੇ; ਵਾਰੋ ਵਾਰਾ–ਬਾਰ ਬਾਰ।੨।ਹਉ–ਮੈ; ਹਉਮੈ।ਮੇਰਾ–ਮੇਰਾਪਣ (ਮਮਤਾ; ਅਪਣੱਤ)।ਜਗੁ–ਜਗਤ।ਪਲਚਿ ਰਹਿਆ–ਉਲਝ ਰਿਹਾ ਹੈ। ਕਿਸ ਕੇਰਾ–ਕਿਸੇ ਦਾ।ਮਹਲੁ–ਪ੍ਰਭੂ ਦਾ ਮਹਿਲ (ਹਜੂਰੀ)।ਪਾਇਨਿ–ਪਾ ਲੈਂਦੇ ਹਨ।ਨਿਜ ਘਰਿ–ਅਪਣੇ ਆਤਮ ਸਰੂਪ ਵਿਚ।ਬਸੇਰਾ–ਵਾਸਾ।ਐਥੈ–ਇਥੇ ਸੰਸਾਰ (ਵਰਤਮਾਨ ਜੀਵਨ) ਵਿਚ।ਸੁ–ਉਹ।ਆਪੁ–ਅਪਣੇ ਆਪ ਨੂੰ।੩।ਦਇਆਲੁ–ਦਇਆ ਦਾ ਘਰ (ਮੇਹਰਵਾਨ)।ਵਿਣੁ ਭਾਗਾ–ਚੰਗੇ ਭਾਗਾਂ ਤੋਂ ਬਿਨਾ।ਭਾਉ–ਭਾਵਨਾ; ਨੀਅਤ।ਜੇਹਾ–ਜਿਹੋ ਜਿਹਾ।ਤੇਹਾ–ਉਹੋ ਜਿਹਾ।ਆਪੁ–ਆਪਾ ਭਾਵ।੪।੬।

ਸੋਰਠਿ ਮਹਲਾ ੩ ਚੌਤੁਕੇ ॥ ਸਚੀ ਭਗਤਿ ਸਤਿਗੁਰ ਤੇ ਹੋਵੈ, ਸਚੀ ਹਿਰਦੈ ਬਾਣੀ ॥ ਸਤਿਗੁਰੁ ਸੇਵੇ ਸਦਾ ਸੁਖੁ ਪਾਏ, ਹਉਮੈ ਸਬਦਿ ਸਮਾਣੀ ॥ ਬਿਨੁ ਗੁਰ ਸਾਚੇ ਭਗਤਿ ਨ ਹੋਵੀ, ਹੋਰ ਭੂਲੀ ਫਿਰੈ ਇਆਣੀ ॥ ਮਨਮੁਖਿ ਫਿਰਹਿ ਸਦਾ ਦੁਖੁ ਪਾਵਹਿ, ਡੂਬਿ ਮੁਏ ਵਿਣੁ ਪਾਣੀ ॥੧॥ ਭਾਈ ਰੇ ਸਦਾ ਰਹਹੁ ਸਰਣਾਈ ॥ ਆਪਣੀ ਨਦਰਿ ਕਰੇ ਪਤਿ ਰਾਖੈ, ਹਰਿ ਨਾਮੋ ਦੇ ਵਡਿਆਈ ॥ਰਹਾਉ॥ ਪੂਰੇ ਗੁਰ ਤੇ ਆਪੁ ਪਛਾਤਾ, ਸਬਦਿ ਸਚੈ ਵੀਚਾਰਾ ॥ ਹਿਰਦੈ ਜਗ ਜੀਵਨੁ ਸਦ ਵਸਿਆ, ਤਜਿ ਕਾਮੁ ਕ੍ਰੋਧੁ ਅਹੰਕਾਰਾ ॥ ਸਦਾ ਹਜੂਰਿ ਰਵਿਆ ਸਭ ਠਾਈ, ਹਿਰਦੈ ਨਾਮੁ ਅਪਾਰਾ ॥ ਜੁਗਿ ਜੁਗਿ ਬਾਣੀ ਸਬਦਿ ਪਛਾਣੀ, ਨਾਉ ਮੀਠਾ ਮਨਹਿ ਪਿਆਰਾ ॥੨॥ ਸਤਿਗੁਰੁ ਸੇਵਿ ਜਿਨਿ ਨਾਮੁ ਪਛਾਤਾ, ਸਫਲ ਜਨਮੁ ਜਗਿ ਆਇਆ ॥ ਹਰਿ ਰਸੁ ਚਾਖਿ ਸਦਾ ਮਨੁ ਤ੍ਰਿਪਤਿਆ, ਗੁਣ ਗਾਵੈ ਗੁਣੀ ਅਘਾਇਆ ॥ ਕਮਲੁ ਪ੍ਰਗਾਸਿ ਸਦਾ ਰੰਗਿ ਰਾਤਾ, ਅਨਹਦ ਸਬਦੁ ਵਜਾਇਆ ॥ ਤਨੁ ਮਨੁ ਨਿਰਮਲੁ ਨਿਰਮਲ ਬਾਣੀ, ਸਚੇ ਸਚਿ ਸਮਾਇਆ ॥੩॥ ਰਾਮ ਨਾਮ ਕੀ ਗਤਿ ਕੋਇ ਨ ਬੂਝੈ, ਗੁਰਮਤਿ ਰਿਦੈ ਸਮਾਈ ॥ ਗੁਰਮੁਖਿ ਹੋਵੈ ਸੁ ਮਗੁ ਪਛਾਣੈ, ਹਰਿ ਰਸਿ ਰਸਨ ਰਸਾਈ ॥ ਜਪੁ ਤਪੁ ਸੰਜਮੁ ਸਭੁ ਗੁਰ ਤੇ ਹੋਵੈ, ਹਿਰਦੈ ਨਾਮੁ ਵਸਾਈ ॥ ਨਾਨਕ ਨਾਮੁ ਸਮਾਲਹਿ ਸੇ ਜਨ ਸੋਹਨਿ, ਦਰਿ ਸਾਚੈ ਪਤਿ ਪਾਈ ॥੪॥੭॥ (ਹੇ ਭਾਈ! ਜਦ ਗੁਰੂ ਦੀ) ਸੱਚੀ ਬਾਣੀ ਹਿਰਦੈ ਵਿਚ ਵਸ ਜਾਂਦੀ ਹੈ, (ਤਦ ਹਰੀ ਦੀ) ਸੱਚੀ ਭਗਤੀ ਸਤਿਗੁਰੂ ਤੋਂ ਪ੍ਰਾਪਤ ਹੁੰਦੀ ਹੈ।(ਜੋ ਮਨੁੱਖ) ਸਤਿਗੁਰੂ ਦੀ ਸੇਵਾ ਕਰਦਾ ਹੈ, ਉਹ ਸਦਾ ਸੁਖ ਪਾਉਂਦਾ ਹੈ, (ਕਿਉਂਕਿ ਉਸ ਦੀ) ਹਉਮੈ ਗੁਰੂ ਦੇ ਸ਼ਬਦ ਦੁਆਰਾ ਮੁਕ ਜਾਂਦੀ ਹੈ।ਸੱਚੇ ਗੁਰੂ ਤੋਂ ਬਿਨਾ (ਪ੍ਰਭੂ ਦੀ) ਭਗਤੀ ਨਹੀਂ ਹੋ ਸਕਦੀ, (ਇਸ ਗੱਲ ਨੂੰ ਸਮਝੇ ਬਿਨਾ) ਹੋਰ ਬੇਸਮਝ ਦੁਨੀਆਂ ਭੁੱਲੀ ਫਿਰਦੀ ਹੈ।(ਅਜੇਹੇ) ਮਨਮੁਖ ਬੇਅਰਥ ਭਟਕਦੇ ਫਿਰਦੇ ਹੋਏ ਦੁਖ ਪਾਉਂਦੇ ਹਨ, ਉਹ ਪਾਣੀ ਤੋਂ ਬਿਨਾ ਡੁਬ ਮਰਦੇ ਹਨ (ਅਪਣੀ ਮੂਰਖਤਾ ਵਿਚ ਨਾਸ਼ ਹੋ ਜਾਂਦੇ ਹਨ; ਬਿਨਾ ਕੁਛ ਪ੍ਰਾਪਤ ਕੀਤੇ ਮਰ ਜਾਂਦੇ ਹਨ)।੧।ਹੇ ਭਾਈ! ਸਦਾ (ਗੁਰੂ ਦੀ)

ਸ਼ਰਣ ਵਿਚ ਟਿਕਿਆ ਰਹੁ। (ਗੁਰੂ) ਅਪਣੀ ਮੇਹਰ ਦੀ ਨਜਰ ਕਰਕੇ ਤੇਰੀ ਪੱਤ ਰੱਖੇਗਾ ਅਤੇ (ਤੈਨੂੰ) ਹਰੀ ਦੇ ਨਾਮ ਦੀ ਵਡਿਆਈ ਦੇਵੇਗਾ।ਰਹਾਉ।(ਜਿਸ ਮਨੁੱਖ ਨੇ) ਪੂਰੇ ਗੁਰੂ ਦੇ ਰਾਹੀਂ ਅਪਣੇ ਆਪ ਨੂੰ ਪਛਾਣਿਆ ਹੈ ਅਤੇ ਸੱਚੇ ਗੁਰੂ ਦੇ ਸ਼ਬਦ ਦੁਆਰਾ (ਹਰੀ ਦੇ ਗੁਣਾਂ ਦੀ) ਵਿਚਾਰ ਕੀਤੀ ਹੈ। (ਉਸ ਦੇ) ਹਿਰਦੇ ਵਿਚ ਜਗਤ ਨੂੰ ਜੀਵਨ ਦੇਣ ਵਾਲਾ ਪ੍ਰਭੂ ਸਦਾ ਲਈ ਵਸ ਗਿਆ ਹੈ ਅਤੇ (ਉਸ ਨੇ) ਕਾਮ ਕ੍ਰੋਧ ਤੇ ਹੰਕਾਰ (ਆਦਿ ਵਿਕਾਰ) ਛਡ ਦਿਤੇ ਹਨ।(ਕਿਉਂਕਿ ਉਸ) ਬੇਅੰਤ ਪ੍ਰਭੂ ਦਾ ਨਾਮ (ਉਸ ਦੇ) ਹਿਰਦੇ ਵਿਚ ਟਿਕ ਗਿਆ ਹੈ, ਜੋ ਸਭ ਜਗ੍ਹਾ ਰਮਿਆ ਹੋਇਆ ਹੈ ਤੇ ਸਦਾ ਹਾਜਰਾ ਹਜੂਰ ਹੈ।ਹਰੇਕ ਜੁਗ ਵਿਚ ਮੌਜੂਦ ਜੋ ਨਾਮ ਬਾਣੀ ਹੈ, (ਉਸ ਨੇ ਗੁਰੂ ਦੇ) ਸ਼ਬਦ ਵਿਚ ਜੁੜ ਕੇ ਪਛਾਣ ਲਈ ਹੈ, (ਜਿਸ ਕਰਕੇ ਉਸ ਦੇ) ਮਨ ਵਿਚ ਪ੍ਰਭੂ ਦਾ ਨਾਮ ਮਿੱਠਾ ਅਤੇ ਪਿਆਰਾ ਲਗਣ ਲਗ ਪਿਆ ਹੈ।੨।ਜਿਸ ਮਨੁੱਖ ਨੇ ਸਤਿਗੁਰੂ ਦੀ ਸੇਵਾ ਕਰਕੇ ਹਰੀ ਦੇ ਨਾਮ ਨੂੰ ਪਛਾਣਿਆ ਹੈ, (ਉਸ ਦਾ) ਜਗਤ ਵਿਚ ਜਨਮ ਲੈ ਕੇ ਆਇਆ ਸਫਲ ਹੈ।(ਉਸ ਦਾ) ਮਨ ਹਰੀ ਦੇ ਨਾਮ ਰਸ ਨੂੰ ਛਕ ਕੇ ਸਦਾ ਰੱਜਿਆ ਰਹਿੰਦਾ ਹੈ, (ਕਿਉਂਕਿ ਜੋ ਮਨੁੱਖ) ਗੁਣਾਂ ਵਾਲੇ ਹਰੀ ਦੇ ਗੁਣ ਗਾਉਂਦਾ ਹੈ, ਉਹ ਰੱਜ ਜਾਂਦਾ ਹੈ (ਕਿਸੇ ਕਿਸਮ ਦੀ ਭੁੱਖ ਨਹੀਂ ਰਹਿੰਦੀ।ਉਸ ਦਾ) ਹਿਰਦਾ ਕਮਲ ਖਿੜ ਜਾਂਦਾ ਹੈ, (ਉਹ ਸਦਾ ਹਰੀ ਦੇ) ਪ੍ਰੇਮ ਰੰਗ ਵਿਚ ਰੰਗਿਆ ਰਹਿੰਦਾ ਹੈ, ਉਹ ਆਤਮਕ ਅਨੰਦ ਦੀ ਸੰਗੀਤਕ ਧੁਨ ਵਜਦੀ ਅਨੁਭਵ ਕਰਦਾ ਹੈ।(ਉਸ ਦਾ) ਤਨ ਮਨ ਨਿਰਮਲ ਹੋ ਜਾਂਦਾ ਹੈ ਤੇ ਬੋਲ ਬਾਣੀ ਵੀ ਨਿਰਮਲ ਹੁੰਦੀ ਹੈ; ਨਿਰਮਲ ਬਾਣੀ ਦੀ ਬਰਕਤ ਨਾਲ (ਉਸ ਦਾ) ਤਨ ਮਨ ਨਿਰਮਲ ਹੋ ਗਿਆ ਹੈ ਅਤੇ ਉਹ ਸੱਚੇ ਨਾਮ ਨੂੰ ਜਪ ਕੇ ਸੱਚ ਸਰੂਪ ਹਰੀ ਵਿਚ ਸਮਾ ਗਿਆ।੩।ਰਾਮ ਨਾਮ ਜਪਣ ਦਾ ਤਰੀਕਾ ਕੋਈ ਨਹੀਂ ਸਮਝਦਾ, ਗੁਰਮਤ ਦੁਆਰਾ (ਇਹ ਰੀਤੀ) ਹਿਰਦੇ ਵਿਚ ਆ ਸਮਾਉਂਦੀ ਹੈ।ਜੋ ਗੁਰਮੁਖ ਹੋ ਜਾਂਦਾ ਹੈ, ਉਹ (ਗੁਰਮਤਿ ਦਾ) ਰਸਤਾ ਪਛਾਣਦਾ ਹੈ, ਹਰੀ ਦੇ ਨਾਮ ਰਸ ਨਾਲ (ਉਸ ਨੇ) ਰਸਨਾ ਰਸਮਈ ਕਰ ਲਈ ਹੈ।ਸਿਮਰਨ, ਤਪੱਸਿਆ ਤੇ ਵਿਸ਼ੇ ਵਿਕਾਰਾਂ ਤੋਂ ਇੰਦ੍ਰੀਆਂ ਨੂੰ ਰੋਕਣ ਦੇ ਸਾਰੇ ਗੁਣ ਗੁਰੂ ਤੋਂ ਪ੍ਰਾਪਤ ਹੁੰਦੇ ਹਨ ਅਤੇ ਹਿਰਦੇ ਵਿਚ ਨਾਮ ਵਸ ਜਾਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਮਨੁੱਖ ਸੋਹਣੇ ਲਗਦੇ ਹਨ, (ਜਿਹੜੇ) ਨਾਮ ਸਿਮਰਦੇ ਹਨ, (ਫਿਰ ਉਹ) ਸੱਚੇ ਪ੍ਰਭੂ ਦੇ ਦਰ ਤੇ ਇੱਜਤ ਪਾਉਂਦੇ ਹਨ।੪।੭।

ਪਦਾਰਥ = ਚੌਤੁਕੇ–ਚਾਰ ਚਾਰ ਤੁਕਾਂ ਵਾਲੇ ਬੰਦ (ਪਦੇ)।ਤੇ–ਤੋਂ; ਦੇ ਰਾਹੀਂ।ਸਬਦਿ–ਸ਼ਬਦ ਦੁਆਰਾ।ਸਮਾਣੀ–ਮੁੱਕ ਜਾਂਦੀ ਹੈ। ਭੂਲੀ ਫਿਰੈ–ਭੁੱਲੀ ਫਿਰਦੀ (ਕੁਰਾਹੇ ਪਈ ਹੋਈ) ਹੈ।ਇਆਣੀ–ਗਿਆਨ ਹੀਣ; ਅਣਜਾਣ।੧।ਡੂਬਿ ਮੁਏ–ਡੁਬ ਮਰਦੇ ਹਨ।੧।ਭਾਈ ਰੇ–ਹੇ ਭਾਈ!।ਨਦਰਿ–ਮੇਹਰ ਦੀ ਨਜਰ।ਪਤਿ–ਇੱਜਤ।ਦੇ–ਦੇਵੇਗਾ।ਰਹਾਉ।ਆਪੁ–ਅਪਣੇ ਆਪ ਨੂੰ।ਸਚੈ–ਸੱਚੇ ਗੁਰੂ ਦੇ।ਹਿਰਦੈ–ਹਿਰਦੇ ਵਿਚ।ਜਗ ਜੀਵਨੁ–ਜਗਤ ਨੂੰ ਜੀਵਨ ਦੇਣ ਵਾਲਾ ਪ੍ਰਭੂ।ਤਜਿ–ਛਡ ਦਿਤੇ।ਰਵਿਆ–ਵਿਆਪਕ।ਸਭ ਠਾਈ–ਸਭ ਜਗ੍ਹਾ।ਅਪਾਰਾ ਬੇਅੰਤ।ਜੁਗਿ ਜੁਗਿ–ਹਰੇਕ ਜੁਗ ਵਿਚ।ਮਨਹਿ–ਮਨ ਵਿਚ।੨।ਜਿਨਿ–ਜਿਸ ਨੇ।ਪਛਾਤਾ–ਪਛਾਣਿਆ। ਜਗਿ–ਜਗਤ ਵਿਚ।ਚਾਖਿ–ਛਕ ਕੇ।ਤ੍ਰਿਪਤਿਆ–ਰੱਜਿਆ ਹੈ।ਗੁਣੀ–ਗੁਣਾਂ ਵਾਲੇ ਪ੍ਰਭੂ ਦੇ।ਅਘਾਇਆ–ਰੱਜ ਜਾਂਦਾ ਹੈ।ਕਮਲੁ–ਹਿਰਦਾ।ਪ੍ਰਗਾਸਿ–ਖਿੜ ਜਾਂਦਾ ਹੈ।ਰੰਗਿ ਰਾਤਾ–ਪ੍ਰੇਮ ਰੰਗ ਵਿਚ ਰੰਗਿਆ ਹੈ।ਅਨਹਦ ਸਬਦੁ–ਆਤਮਕ ਮੰਡਲ ਦੀ ਸੰਗੀਤਕ ਧੁਨ ਵਜਦੀ ਅਨੁਭਵ ਹੁੰਦੀ ਹੈ (ਇਹ ਕੰਨਾਂ ਦਾ ਵਿਸ਼ਾ ਨਹੀਂ, ਮਨ ਦੀ ਇਕਾਗਰਤਾ ਕਰਕੇ ਸੁਣਦਾ ਹੈ)।੩।ਗਤਿ–ਰੀਤ; ਤਰੀਕਾ; ਅਸਲੀਅਤ।ਗੁਰਮਤਿ–ਗੁਰੂ ਦੀ ਮੱਤ ਦੁਆਰਾ।ਸਮਾਈ–ਸਮਾ ਜਾਂਦੀ ਹੈ।ਸੁ–ਉਹ।ਮਗੁ–ਰਸਤਾ।ਰਸਿ–ਰਸ ਨਾਲ।ਰਸਾਈ–ਰਸ ਮਈ ਕਰ ਲਈ ਹੈ।ਸਮਾਲਹਿ–ਸਿਮਰਦੇ ਹਨ।ਸੇ ਜਨ–ਉਹ ਮਨੁੱਖ।ਸੋਹਨਿ–ਸੋਹਣੇ ਹਨ; ਸੋਭਦੇ ਹਨ।ਦਰਿ ਸਾਚੈ–ਸੱਚੇ ਪ੍ਰਭੂ ਦੇ ਦਰ ਤੇ।ਪਤਿ–ਇੱਜਤ।੪।੭।

ਸੋਰਠਿ ਮਃ ੩ ਦੁਤੁਕੇ ॥ ਸਤਿਗੁਰ ਮਿਲਿਐ ਉਲਟੀ ਭਈ ਭਾਈ, ਜੀਵਤ ਮਰੈ ਤਾ ਬੂਝ ਪਾਇ ॥ ਸੋ ਗੁਰੂ ਸੋ ਸਿਖੁ ਹੈ ਭਾਈ, ਜਿਸੁ ਜੋਤੀ ਜੋਤਿ ਮਿਲਾਇ ॥੧॥ ਮਨ ਰੇ ਹਰਿ ਹਰਿ ਸੇਤੀ ਲਿਵ ਲਾਇ ॥ ਹੇ ਭਾਈ! ਸਤਿਗੁਰੂ ਦੇ ਮਿਲਣ ਨਾਲ (ਮਨੁੱਖ ਦੀ) ਮੱਤ ਸੰਸਾਰ ਵੱਲੋਂ ਉਲਟੀ ਹੋ ਜਾਂਦੀ ਹੈ, ਇਹ ਸਮਝ ਤਾਂ ਪ੍ਰਾਪਤ ਹੁੰਦੀ ਹੈ, ਜੇ (ਉਹ) ਜੀਵਤ ਭਾਵ ਤੋਂ ਮਰ ਜਾਵੇ।ਹੇ ਭਾਈ! ਗੁਰੂ ਉਹ ਹੈ, ਜਿਸ ਦੀ ਆਤਮ ਜੋਤ, ਜੋਤ ਸਰੂਪ ਪ੍ਰਭੂ ਵਿਚ ਮਿਲੀ ਹੋਈ ਹੋਵੇ ਅਤੇ ਸਿੱਖ ਉਹ ਹੈ, ਜਿਸ ਦੀ ਆਤਮ ਜੋਤ (ਗੁਰੂ ਦੀ ਸ਼ਰਣ ਵਿਚ ਪੈ ਕੇ) ਜੋਤੀ ਸਰੂਪ ਪ੍ਰਭੂ ਵਿਚ ਮਿਲ ਜਾਵੇ।੧।ਹੇ ਮੇਰੇ ਮਨ! ਹਰਿ ਹਰਿ ਨਾਮ ਨਾਲ ਲਿਵ ਲਗਾ ਲੈ।

ਅੰਗ ੬੦੩ = ਮਨ ਹਰਿ ਜਪਿ ਮੀਠਾ ਲਾਗੈ ਭਾਈ, ਗੁਰਮੁਖਿ ਪਾਏ ਹਰਿ ਥਾਇ ॥ਰਹਾਉ॥ ਬਿਨੁ ਗੁਰ ਪ੍ਰੀਤਿ ਨ ਊਪਜੈ ਭਾਈ, ਮਨਮੁਖਿ ਦੂਜੈ ਭਾਇ ॥ ਤੁਹ ਕੁਟਹਿ ਮਨਮੁਖ ਕਰਮ ਕਰਹਿ ਭਾਈ, ਪਲੈ ਕਿਛੂ ਨ ਪਾਇ ॥੨॥ ਗੁਰ ਮਿਲਿਐ ਨਾਮੁ ਮਨਿ ਰਵਿਆ ਭਾਈ, ਸਾਚੀ ਪ੍ਰੀਤਿ ਪਿਆਰਿ ॥ ਸਦਾ ਹਰਿ ਕੇ ਗੁਣ ਰਵੈ ਭਾਈ, ਗੁਰ ਕੈ ਹੇਤਿ ਅਪਾਰਿ ॥੩॥ ਆਇਆ ਸੋ ਪਰਵਾਣੁ ਹੈ ਭਾਈ,

ਜਿ ਗੁਰ ਸੇਵਾ ਚਿਤੁ ਲਾਇ ॥ ਨਾਨਕ ਨਾਮੁ ਹਰਿ ਪਾਈਐ ਭਾਈ, ਗੁਰ ਸਬਦੀ ਮੇਲਾਇ ॥੪॥੮॥ ਹੇ ਮਨ! ਨਾਮ ਜਪਣ ਨਾਲ ਹਰੀ ਮਿੱਠਾ ਲੱਗਣ ਲਗ ਪੈਂਦਾ ਹੈ, (ਪਰ) ਹੇ ਭਾਈ! ਗੁਰੂ ਦੁਆਰਾ ਹਰੀ (ਨਾਮ ਜਪਣ ਦੀ ਘਾਲ) ਥਾਂ ਪਾਉਂਦਾ (ਪ੍ਰਵਾਨ ਕਰਦਾ) ਹੈ; ਗੁਰੂ ਦੀ ਸ਼ਰਣ ਵਿਚ ਪਿਆ ਮਨੁੱਖ ਹਰੀ ਦੀ ਹਜ਼ੂਰੀ ਵਿਚ ਥਾਂ ਪ੍ਰਾਪਤ ਕਰਦਾ ਹੈ (ਦਰਪਣ)।ਰਹਾਉ।ਹੇ ਭਾਈ! ਗੁਰੂ ਤੋਂ ਬਿਨਾ (ਹਰੀ ਦੀ) ਪ੍ਰੀਤ ਪੈਦਾ ਨਹੀਂ ਹੁੰਦੀ, (ਪਰ) ਮਨਮੁਖ ਦ੍ਵੈਤ ਭਾਵ ਵਿਚ ਲੱਗਾ ਰਹਿੰਦਾ ਹੈ।ਮਨਮੁਖ ਜੋ ਵੀ (ਧਾਰਮਕ) ਕਰਮ ਕਰਦੇ ਹਨ, ਉਹ ਛਿਲਕਾ ਹੀ ਕੁੱਟਦੇ ਹਨ (ਫੋਕਟ ਕਰਮ ਕਰਦੇ ਹਨ, ਇਸ ਲਈ ਉਨ੍ਹਾਂ ਦੇ) ਪੱਲੇ ਕੁਛ ਨਹੀਂ ਪੈਂਦਾ (ਲਾਭ ਪ੍ਰਾਪਤ ਨਹੀਂ ਹੁੰਦਾ)।੨।ਹੇ ਭਾਈ! ਗੁਰੂ ਦੇ ਮਿਲਣ ਨਾਲ (ਜਿਸ ਮਨੁੱਖ ਦੇ) ਮਨ ਵਿਚ ਹਰੀ ਦਾ ਨਾਮ ਰਮ (ਰਚ) ਗਿਆ ਹੈ, (ਉਹ ਗੁਰੂ ਦੀ) ਸੱਚੀ ਪ੍ਰੀਤ ਤੇ (ਪ੍ਰਭੂ ਦੇ) ਸੱਚੇ ਪਿਆਰ ਵਿਚ ਮਗਨ ਰਹਿੰਦਾ ਹੈ।ਹੇ ਭਾਈ! (ਅਜੇਹਾ ਮਨੁੱਖ) ਗੁਰੂ ਦੇ ਅਤੁੱਟ ਪਿਆਰ ਨਾਲ ਸਦਾ ਹਰੀ ਦੇ ਗੁਣ ਉਚਾਰਦਾ ਰਹਿੰਦਾ ਹੈ।੩।ਹੇ ਭਾਈ! (ਜਗਤ ਵਿਚ ਜਨਮ ਲੈ ਕੇ) ਆਇਆ ਉਹ ਮਨੁੱਖ ਪ੍ਰਵਾਨ ਹੁੰਦਾ ਹੈ, ਜਿਹੜਾ ਚਿਤ ਲਾ ਕੇ ਗੁਰੂ ਦੀ ਸੇਵਾ ਕਰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਭਾਈ! ਗੁਰੂ ਦੇ ਸ਼ਬਦ ਦੁਆਰਾ ਹਰੀ ਦਾ ਨਾਮ ਪ੍ਰਾਪਤ ਹੁੰਦਾ ਹੈ ਅਤੇ (ਨਾਮ ਜਪਣ ਵਾਲੇ ਮਨੁੱਖ ਨੂੰ ਹਰੀ ਅਪਣੇ ਨਾਲ) ਮਿਲਾ ਲੈਂਦਾ ਹੈ।੪।੮।

ਪਦਾਰਥ = ਉਲਟੀ ਭਈ–ਉਲਟੀ ਹੋ (ਮੁੜ) ਜਾਂਦੀ ਹੈ।ਭਾਈ–ਹੇ ਭਾਈ!।ਜੀਵਤ ਮਰੈ–ਜੇ ਜੀਵਤ ਭਾਵ ਤੋਂ ਮਰ ਜਾਵੇ (ਅਪਣੱਤ ਨੂੰ ਮਾਰ ਦੇਵੇ)।ਤਾ–ਤਾਂ।ਬੂਝ–ਸਮਝ; ਗਿਆਨ।ਸੋ–ਉਹ।ਜਿਸੁ ਜੋਤੀ–ਜਿਸ ਦੀ ਆਤਮਾ ਨੂੰ।ਜੋਤਿ ਮਿਲਾਇ–ਜੋਤ ਸਰੂਪ ਹਰੀ ਵਿਚ ਮਿਲ ਜਾਵੇ।੧।ਮਨ ਰੇ–ਹੇ ਮਨ!।ਸੇਤੀ–ਨਾਲ।ਲਿਵ ਲਾਇ–ਬਿਰਤੀ ਜੋੜ ਲੈ।ਮੀਠਾ ਲਾਗੈ–ਪਿਆਰਾ ਲਗਣ ਲਗ ਪੈਂਦਾ ਹੈ। ਪਾਇ ਥਾਇ–ਪ੍ਰਵਾਨ ਹੁੰਦਾ ਹੈ; ਪ੍ਰਭੂ ਦੀ ਹਜ਼ੂਰੀ ਵਿਚ ਥਾਂ ਪਾ ਲੈਂਦਾ ਹੈ।ਰਹਾਉ।ਨ ਊਪਜੈ–ਪੈਦਾ ਨਹੀਂ ਹੁੰਦੀ।ਦੂਜੈ ਭਾਇ–ਇਕ ਹਰੀ ਨੂੰ ਛਡ ਕੇ ਦੂਜੇ ਇਸ਼ਟ ਨਾਲ ਪ੍ਰੇਮ ਹੋਣਾ।ਤੁਹ–ਦਾਣਿਆਂ ਦੇ ਉਪਰ ਦਾ ਛਿਲਕਾ।ਕੁਟਹਿ–ਕੁੱਟਦੇ ਹਨ।ਪਲੈ–ਪੱਲੇ ਵਿਚ।੨।ਮਨਿ–ਮਨ ਵਿਚ।ਰਵਿਆ–ਰਚ ਗਿਆ।ਪ੍ਰੀਤਿ ਪਿਆਰਿ–ਪ੍ਰੀਤ ਤੇ ਪਿਆਰ ਵਿਚ।ਰਵੈ–ਉਚਾਰਦਾ ਹੈ।ਹੇਤਿ ਅਪਾਰਿ–ਬੇਅੰਤ (ਅਤੁੱਟ) ਪਿਆਰ ਨਾਲ।੩।ਆਇਆ–ਜਗਤ ਵਿਚ ਆਇਆ।ਸੋ–ਉਹ।ਜਿ–ਜਿਹੜਾ।ਸਬਦੀ–ਉਪਦੇਸ਼ ਦੁਆਰਾ।੪।੮।

ਸੋਰਠਿ ਮਹਲਾ ੩ ਘਰੁ ੧ ॥ ਤਿਹੀ ਗੁਣੀ ਤ੍ਰਿਭਵਣੁ ਵਿਆਪਿਆ ਭਾਈ, ਗੁਰਮੁਖਿ ਬੂਝ ਬੁਝਾਇ ॥ ਰਾਮ ਨਾਮਿ ਲਗਿ ਛੂਟੀਐ ਭਾਈ, ਪੂਛਹੁ ਗਿਆਨੀਆ ਜਾਇ ॥੧॥ ਮਨ ਰੇ, ਤ੍ਰੈ ਗੁਣ ਛੋਡਿ ਚਉਥੈ ਚਿਤੁ ਲਾਇ ॥ ਹਰਿ ਜੀਉ ਤੇਰੈ ਮਨਿ ਵਸੈ ਭਾਈ, ਸਦਾ ਹਰਿ ਕੇ ਗੁਣ ਗਾਇ ॥ਰਹਾਉ॥ ਨਾਮੈ ਤੇ ਸਭਿ ਊਪਜੇ ਭਾਈ, ਨਾਇ ਵਿਸਰਿਐ ਮਰਿ ਜਾਇ ॥ ਅਗਿਆਨੀ ਜਗਤੁ ਅੰਧੁ ਹੈ ਭਾਈ, ਸੂਤੇ ਗਏ ਮੁਹਾਇ ॥੨॥ ਗੁਰਮੁਖਿ ਜਾਗੇ ਸੇ ਉਬਰੇ ਭਾਈ, ਭਵਜਲੁ ਪਾਰਿ ਉਤਾਰਿ ॥ ਜਗ ਮਹਿ ਲਾਹਾ ਹਰਿ ਨਾਮੁ ਹੈ ਭਾਈ, ਹਿਰਦੈ ਰਖਿਆ ਉਰ ਧਾਰਿ ॥੩॥ ਗੁਰ ਸਰਣਾਈ ਉਬਰੇ ਭਾਈ, ਰਾਮ ਨਾਮਿ ਲਿਵ ਲਾਇ ॥ ਨਾਨਕ ਨਾਉ ਬੇੜਾ ਨਾਉ ਤੁਲਹੜਾ ਭਾਈ, ਜਿਤੁ ਲਗਿ ਪਾਰਿ ਜਨ ਪਾਇ ॥੪॥੯॥ ਹੇ ਭਾਈ! ਤਿੰਨੇ ਭਵਨ (ਸਾਰਾ ਜਗਤ) ਤਿੰਨਾਂ ਗੁਣਾਂ ਵਿਚ ਫਸਿਆ ਪਿਆ ਹੈ, (ਪਰ ਇਹ) ਸਮਝ ਮੁਖੀ ਗੁਰੂ ਹੀ ਸਮਝਾਉਂਦਾ ਹੈ।ਹੇ ਭਾਈ! (ਤਿੰਨਾਂ ਗੁਣਾਂ ਤੋਂ) ਪ੍ਰਭੂ ਦੇ ਨਾਮ ਵਿਚ ਲਗ ਕੇ ਛੁੱਟਿਆ ਜਾ ਸਕਦਾ ਹੈ, (ਬੇਸ਼ਕ ਇਹ ਗਲ) ਗਿਆਨੀਆਂ ਕੋਲੋਂ ਜਾ ਕੇ ਪੁਛ ਲਵੋ।੧।ਹੇ ਮੇਰੇ ਮਨ! ਤਿੰਨ ਗੁਣ ਛਡ ਕੇ ਚਉਥੇ ਪਦ ਵਿਚ ਚਿਤ ਨੂੰ ਲਗਾ ਲੈ।ਹੇ ਭਾਈ! ਤੂੰ ਸਦਾ ਹਰੀ ਦੇ ਗੁਣ ਗਾ, ਹਰੀ ਜੀ ਤੇਰੇ ਮਨ ਵਿਚ ਆ ਵਸੇਗਾ।ਰਹਾਉ।ਹੇ ਭਾਈ! ਨਾਮ ਤੋਂ ਹੀ ਸਾਰੇ (ਜੀਵ ਜੰਤ) ਪੈਦਾ ਹੋਏ ਹਨ (ਸਾਰੀ ਸ੍ਰਿਸਟੀ ਹਰੀ ਤੋਂ ਪੈਦਾ ਹੋਈ ਹੈ, ਪਰ) ਨਾਮ ਦੇ ਭੁੱਲ ਜਾਣ ਕਰਕੇ (ਆਤਮਕ ਜੀਵਨ) ਮਰ ਜਾਂਦਾ ਹੈ।ਹੇ ਭਾਈ! ਜਗਤ ਅਗਿਆਨੀ ਹੈ, (ਮਾਇਆ ਦੇ ਮੋਹ ਵਿਚ ਪੈ ਕੇ) ਅੰਨ੍ਹਾ ਹੋਇਆ ਪਿਆ ਹੈ, (ਲੋਕ ਮੋਹ ਮਾਇਆ ਦੀ ਨੀਂਦ ਵਿਚ) ਸੁਤੇ ਪਏ ਲੁੱਟੇ ਗਏ ਹਨ (ਅਗਿਆਨ ਵਿਚ ਫਸੇ ਹੋਏ ਦੈਵੀ ਗੁਣ ਲੁਟਾ ਬੈਠੇ ਹਨ)।੨।ਹੇ ਭਾਈ! (ਜਿਹੜੇ ਮਨੁੱਖ) ਗੁਰੂ ਦੀ ਸ਼ਰਣ ਵਿਚ ਪੈ ਕੇ (ਗਿਆਨ ਅਵਸਥਾ ਵਿਚ) ਜਾਗ ਪਏ ਹਨ, ਉਹ (ਮਾਇਆ ਦੇ ਤਿੰਨ ਗੁਣਾਂ ਤੋਂ) ਬਚ ਗਏ ਹਨ, (ਗੁਰੂ ਨੇ ਉਨ੍ਹਾਂ ਨੂੰ) ਸੰਸਾਰ ਸਮੁੰਦਰ ਤੋਂ ਪਾਰ ਉਤਾਰ ਦਿਤਾ ਹੈ।ਹੇ ਭਾਈ! ਜਗਤ ਵਿਚ ਲਾਹਾ ਹਰੀ ਦਾ ਨਾਮ ਸਿਮਰਨ ਹੈ, (ਉਹ ਨਾਮ ਗੁਰਮੁਖਾਂ ਨੇ) ਧੁਰ ਹਿਰਦੇ ਵਿਚ ਧਾਰ ਕੇ ਰੱਖਿਆ ਹੋਇਆ ਹੈ।੩।ਹੇ ਭਾਈ! (ਜਿਨ੍ਹਾਂ ਪੁਰਖਾਂ ਨੇ) ਗੁਰੂ ਦੀ ਸ਼ਰਣ ਵਿਚ ਪੈ ਕੇ ਰਾਮ ਦੇ ਨਾਮ ਵਿਚ ਲਿਵ ਲਾਈ ਹੈ, ਉਹ (ਭਵਜਲ ਵਿਚ ਡੁਬਣੋਂ) ਬਚ ਗਏ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਭਾਈ! (ਹਰੀ ਦਾ) ਨਾਮ ਹੀ ਬੇੜਾ ਹੈ, ਨਾਮ ਹੀ ਤੁਲਹਾ ਹੈ, ਜਿਸ ਨਾਮ ਦੇ ਆਸਰੇ ਲਗ ਕੇ ਸੇਵਕ ਜਨ (ਭਵਜਲ ਤੋਂ) ਪਾਰ ਪਏ ਹਨ।੪।੯।

ਨਾਮੈ ਤੇ ਸਭਿ ਊਪਜੇ = ੧. ਨਾਮ ਤੋਂ ਸਾਰੇ ਸ਼ੁੱਭ ਗੁਣ ਉਪਜਦੇ ਹੁੰਦੇ ਹਨ (ਫ.ਸ.)।੨. ਨਾਮ ਜਪਣ ਕਰਕੇ ਸਾਰੇ ਸੁਖ ਪੈਦਾ ਹੁੰਦੇ ਹਨ (ਸੰ.ਸ.)।੩. ਸਾਰੀ (ਆਤਮਕ ਜੀਵਨੀ) ਨਾਮ ਤੋਂ ਪੈਦਾ ਹੁੰਦੀ ਹੈ (ਸੰ.ਪੋ.)।

ਪਦਾਰਥ = ਤਿਹੀ ਗੁਣੀ–ਮਾਇਆ ਦੇ ਤਿੰਨਾਂ (ਰਜੋ, ਸਤੋ ਤੇ ਤਮੋ) ਗੁਣਾਂ ਵਿਚ। ਤ੍ਰਿਭਵਣੁ–ਤਿੰਨ ਭਵਨ (ਸਾਰਾ ਜਗਤ)। ਵਿਆਪਿਆ –ਫਸਿਆ ਪਿਆ ਹੈ। ਭਾਈ–ਹੇ ਭਾਈ! (ਮਨ ਨੂੰ ਵੀ ਕਿਹਾ ਹੈ)। ਬੂਝ ਬੁਝਾਇ–ਗਿਆਨ ਸਮਝਾਉਂਦਾ ਹੈ। ਨਾਮਿ–ਨਾਮ ਵਿਚ। ਗਿਆਨੀਆ–ਗਿਆਨ ਵਾਨ ਪੁਰਖਾਂ ਨੂੰ। ਜਾਇ–ਜਾ ਕੇ।੧। ਮਨ ਰੇ–ਹੇ ਮਨ!। ਚਉਥੈ–ਚਉਥੇ ਪਦ (ਗਿਆਨ ਅਵਸਥਾ) ਵਿਚ। ਮਨਿ –ਮਨ ਵਿਚ। ਰਹਾਉ। ਨਾਮੈ ਤੇ–ਨਾਮ ਤੋਂ ਹੀ। ਊਪਜੇ–ਪੈਦਾ ਹੋਏ। ਨਾਇ ਵਿਸਰਿਐ–ਨਾਮ ਦੇ ਭੁੱਲ ਜਾਣ ਕਰਕੇ। ਮਰਿ ਜਾਇ–ਆਤਮਕ ਜੀਵਨ ਮਰ ਜਾਂਦਾ ਹੈ। ਅੰਧੁ–ਅੰਨ੍ਹਾ। ਸੂਤੇ–ਸੁੱਤੇ ਪਏ। ਗਏ ਮੁਹਾਇ–ਲੁੱਟੇ ਗਏ।੨। ਸੇ–ਉਹ। ਉਬਰੇ–ਬਚ ਗਏ। ਭਵਜਲੁ –ਸੰਸਾਰ ਸਮੁੰਦਰ। ਪਾਰਿ ਉਤਾਰਿ–ਪਾਰ ਉਤਾਰ ਦੇਂਦਾ ਹੈ। ਲਾਹਾ–ਲਾਭ। ਹਿਰਦੈ–ਹਿਰਦੇ ਵਿਚ। ਉਰ ਧਾਰਿ–(ਹਿਰਦੇ ਦੇ) ਧੁਰ ਅੰਦਰ ਟਿਕਾ ਕੇ।੩। ਲਿਵ ਲਾਇ–ਬ੍ਰਿਤੀ ਜੋੜ ਕੇ। ਬੇੜਾ–ਜਹਾਜ। ਤੁਲਹੜਾ– ਕੱਖਾਂ ਕਾਨਿਆਂ ਨੂੰ ਰੱਸੀਆਂ ਨਾਲ ਬੰਨ੍ਹ ਕੇ ਨਦੀ ਪਾਰ ਕਰਨ ਲਈ ਬਣਾਇਆ ਆਸਰਾ। ਜਿਤੁ–ਜਿਸ ਦੇ ਆਸਰੇ ਨਾਲ। ਜਨ–ਸੇਵਕ। ਪਾਰਿ ਪਾਇ–ਪਾਰ ਹੁੰਦੇ ਹਨ।੪।੯।

ਸੋਰਠਿ ਮਹਲਾ ੩ ਘਰੁ ੧ ॥ ਸਤਿਗੁਰੁ ਸੁਖ ਸਾਗਰੁ ਜਗ ਅੰਤਰਿ, ਹੋਰ ਥੈ ਸੁਖੁ ਨਾਹੀ ॥ ਹਉਮੈ ਜਗਤੁ ਦੁਖਿ ਰੋਗਿ ਵਿਆਪਿਆ, ਮਰਿ ਜਨਮੈ ਰੋਵੈ ਧਾਹੀ ॥੧॥ ਪ੍ਰਾਣੀ ਸਤਿਗੁਰੁ ਸੇਵਿ ਸੁਖੁ ਪਾਇ ॥ ਸਤਿਗੁਰੁ ਸੇਵਹਿ ਤਾ ਸੁਖੁ ਪਾਵਹਿ, ਨਾਹਿ ਤ ਜਾਹਿਗਾ ਜਨਮੁ ਗਵਾਇ ॥ਰਹਾਉ॥ ਤ੍ਰੈ ਗੁਣ ਧਾਤੁ ਬਹੁ ਕਰਮ ਕਮਾਵਹਿ, ਹਰਿ ਰਸ ਸਾਦੁ ਨ ਆਇਆ ॥ ਸੰਧਿਆ ਤਰਪਣੁ ਕਰਹਿ ਗਾਇਤ੍ਰੀ, ਬਿਨੁ ਬੂਝੇ ਦੁਖੁ ਪਾਇਆ ॥੨॥ ਸਤਿਗੁਰੁ ਸੇਵੇ ਸੋ ਵਡਭਾਗੀ, ਜਿਸ ਨੋ ਆਪਿ ਮਿਲਾਏ ॥ ਹਰਿ ਰਸੁ ਪੀ ਜਨ ਸਦਾ ਤ੍ਰਿਪਤਾਸੇ, ਵਿਚਹੁ ਆਪੁ ਗਵਾਏ ॥੩॥ ਇਹੁ ਜਗੁ ਅੰਧਾ ਸਭੁ ਅੰਧੁ ਕਮਾਵੈ, ਬਿਨੁ ਗੁਰ ਮਗੁ ਨ ਪਾਏ ॥ ਨਾਨਕ ਸਤਿਗੁਰੁ ਮਿਲੈ ਤ ਅਖੀ ਵੇਖੈ, ਘਰੈ ਅੰਦਰਿ ਸਚੁ ਪਾਏ ॥੪॥੧੦॥ (ਹੇ ਭਾਈ!) ਜਗਤ ਦੇ ਅੰਦਰ ਸਤਿਗੁਰੂ ਸੁਖਾਂ ਦਾ ਸਾਗਰ ਹੈ, (ਸਤਿਗੁਰੂ ਤੋਂ ਬਿਨਾ) ਹੋਰ ਕਿਸੇ ਜਗ੍ਹਾ ਸੁਖ ਨਹੀਂ ਮਿਲ ਸਕਦਾ। (ਸਾਰਾ) ਜਗਤ ਹਉਮੈ ਦੇ ਰੋਗ ਵਿਚ ਫਸਿਆ ਹੋਇਆ ਦੁਖੀ ਹੋ ਰਿਹਾ ਹੈ, (ਜਿਸ ਕਰਕੇ) ਮਰ ਕੇ ਜੰਮਦਾ ਹੈ ਤੇ ਧਾਹਾਂ ਮਾਰ ਕੇ ਰੋਂਦਾ ਹੈ।੧। ਹੇ ਪ੍ਰਾਣੀ! ਸਤਿਗੁਰੂ ਦੀ ਸੇਵਾ ਕਰਕੇ ਸੁਖ ਪ੍ਰਾਪਤ ਕਰ ਲੈ। (ਜੇ ਤੂੰ) ਸਤਿਗੁਰੂ ਦੀ ਸੇਵਾ ਕਰੇਂਗਾ ਤਾਂ ਸੁਖ ਪਾਵੇਂਗਾ, ਨਹੀਂ ਤਾਂ (ਜਗਤ ਵਿਚੋਂ ਅਪਣਾ ਅਮੋਲਕ ਮਨੁੱਖਾ) ਜਨਮ ਬਿਅਰਥ ਗੁਆ ਜਾਵੇਂਗਾ। ਰਹਾਉ। ਤਿੰਨ ਗੁਣਾਂ ਵਾਲੀ ਸੰਸਾਰੀ ਦੌੜ ਭੱਜ ਕਰਨ ਵਾਲੇ ਮਨੁੱਖ ਬਹੁਤ ਤਰ੍ਹਾਂ ਦੇ ਕਰਮ ਵੀ ਕਰਦੇ ਹਨ, (ਪਰ ਉਨ੍ਹਾਂ ਨੂੰ) ਹਰੀ ਦੇ ਨਾਮ ਰਸ ਦਾ ਸੁਆਦ ਨਹੀਂ ਆਇਆ। (ਭਾਵੇਂ ਉਹ) ਸੰਧਿਆ, ਤਰਪਣ ਤੇ ਗਾਇਤ੍ਰੀ ਮੰਤ੍ਰ ਦਾ ਪਾਠ ਵੀ ਕਰਦੇ ਹਨ, (ਪਰ ਉਨ੍ਹਾਂ ਨੇ) ਗਿਆਨ ਤੋਂ ਬਿਨਾ ਦੁਖ ਹੀ ਪਾਇਆ ਹੈ।੨। ਜਿਸ ਮਨੁੱਖ ਨੂੰ ਪ੍ਰਭੂ ਆਪ (ਗੁਰੂ ਨਾਲ) ਮਿਲਾਉਂਦਾ ਹੈ, ਉਹ ਵੱਡੇ ਭਾਗਾਂ ਵਾਲਾ ਸਤਿਗੁਰੂ ਦੀ ਸੇਵਾ ਕਰਦਾ ਹੈ ।(ਇਹੋ ਜਿਹੇ) ਸੇਵਕ ਹਰਿ ਰਸ ਪੀ ਕੇ ਸਦਾ ਰੱਜੇ ਰਹਿੰਦੇ ਹਨ ਅਤੇ ਅਪਣੇ ਵਿਚਹੁ ਆਪਾ ਭਾਵ (ਅਪਣੱਤ) ਗੁਆ ਦੇਂਦੇ ਹਨ।੩। (ਹੇ ਭਾਈ!) ਇਹ ਜਗਤ ਅੰਨ੍ਹਾਂ ਹੈ ਤੇ ਅੰਨ੍ਹੇ ਕੰਮ ਕਰਦਾ ਹੈ, ਗੁਰੂ ਤੋਂ ਬਿਨਾ (ਮੁਕਤੀ ਦਾ) ਰਸਤਾ ਪ੍ਰਾਪਤ ਨਹੀਂ ਕਰ ਸਕਦਾ। ਨਾਨਕ ਗੁਰੂ ਜੀ ਆਖਦੇ ਹਨ (ਕਿ ਜੇ ਮਨੁੱਖ ਨੂੰ) ਸਤਿਗੁਰੂ ਮਿਲ ਪਵੇ, (ਤਾਂ ਉਹ ਹਰੀ ਨੂੰ ਦੈਵੀ) ਅੱਖਾਂ ਨਾਲ ਦੇਖ ਲੈਂਦਾ ਹੈ ਅਤੇ ਹਿਰਦੇ ਦੇ ਅੰਦਰ ਹੀ ਸੱਚੇ ਹਰੀ ਨੂੰ ਪ੍ਰਾਪਤ ਕਰ ਲੈਂਦਾ ਹੈ।੪।੧੦।

ਪਦਾਰਥ = ਸੁਖ ਸਾਗਰੁ–ਸੁੱਖਾਂ ਦਾ ਸਮੁੰਦਰ। ਜਗ ਅੰਤਰਿ–ਜਗਤ ਦੇ ਅੰਦਰ। ਹੋਰ ਥੈ–ਕਿਸੇ ਹੋਰ ਥਾਂ। ਵਿਆਪਿਆ–ਫਸਿਆ (ਗ੍ਰਸਿਆ) ਹੈ। ਰੋਗਿ–ਰੋਗ ਵਿਚ। ਮਰਿ–ਮਰ ਕੇ। ਧਾਹੀ–ਧਾਹਾਂ ਮਾਰ ਕੇ।੧। ਪ੍ਰਾਣੀ–ਹੇ ਪ੍ਰਾਣੀ!। ਸੇਵਿ–ਸੇਵਾ ਕਰਕੇ। ਪਾਇ–ਪ੍ਰਾਪਤ ਕਰ ਲੈ। ਨਾਹਿ ਤ–ਨਹੀਂ ਤਾਂ। ਗਵਾਇ–ਗਵਾ ਕੇ। ਰਹਾਉ। ਤ੍ਰੈ ਗੁਣ–ਮਾਇਆ ਦੇ ਤਿੰਨ (ਰਜੋ, ਸਤੋ ਤੇ ਤਮੋ) ਗੁਣ। ਧਾਤੁ–ਦੌੜ ਭੱਜ । ਬਹੁ–ਬਹੁਤ ਤਰ੍ਹਾਂ ਦੇ। ਕਰਮ–ਧਾਰਮਕ ਕਰਮ। ਕਮਾਵਹਿ–ਕਰਦੇ ਹਨ। ਹਰਿ ਰਸ–ਹਰੀ ਦੇ ਨਾਮ ਦਾ ਰਸ। ਸਾਦੁ–ਸੁਆਦ। ਸੰਧਿਆ–ਸ਼ਾਸਤ੍ਰ ਅਨੁਸਾਰ ਸੂਰਜ ਚੜ੍ਹਨ ਵੇਲੇ, ਦੁਪਹਿਰ ਸਮੇਂ ਤੇ ਸੂਰਜ ਛਿਪਣ ਵੇਲੇ ਕਰਨ ਵਾਲੀ ਪੂਜਾ। ਤਰਪਣ–ਦੇਵਤਿਆਂ ਤੇ ਪਿੱਤਰਾਂ ਨੂੰ ਤ੍ਰਿਪਤ ਕਰਨ ਲਈ ਹੱਥ ਨਾਲ ਜਲ ਭੇਟ ਕਰਨ ਦਾ ਕਰਮ। ਗਾਇਤ੍ਰੀ–ਹਿੰਦੂਆਂ ਦਾ ਪਵਿਤ੍ਰ ਮੰਤ੍ਰ। ਬਿਨੁ ਬੂਝੇ–ਗਿਆਨ ਤੋਂ ਬਿਨਾ।੨। ਸੋ–ਉਹ। ਜਿਸੁ ਨੋ–ਜਿਸ ਨੂੰ। ਪੀ–ਪੀ ਕੇ। ਜਨ–ਸੇਵਕ। ਤ੍ਰਿਪਤਾਸੇ–ਰੱਜੇ ਰਹਿੰਦੇ ਹਨ। ਵਿਚਹੁ–ਅਪਣੇ ਵਿਚੋਂ। ਆਪੁ–ਆਪਾ ਭਾਵ (ਅਪਣੱਤ)।੩। ਅੰਧਾ–ਅਗਿਆਨੀ। ਅੰਧੁ ਕਮਾਵੈ–ਅਗਿਆਨਤਾ ਵਾਲੇ ਕੰਮ ਕਰਦਾ ਹੈ। ਮਗੁ–(ਮੁਕਤੀ ਦਾ) ਰਸਤਾ। ਤ–ਤਾਂ। ਅਖੀ–(ਦੈਵੀ) ਅੱਖਾਂ ਨਾਲ। ਘਰੈ ਅੰਦਰਿ–ਹਿਰਦੇ ਦੇ ਅੰਦਰ। ਸਚੁ–ਸੱਚ ਸਰੂਪ ਹਰੀ ਨੂੰ। ਪਾਏ–ਪ੍ਰਾਪਤ ਕਰ ਲੈਂਦਾ ਹੈ।੪ ।੧੦।

ਸੋਰਠਿ ਮਹਲਾ ੩ ॥ ਬਿਨੁ ਸਤਿਗੁਰ ਸੇਵੇ ਬਹੁਤਾ ਦੁਖੁ ਲਾਗਾ, ਜੁਗ ਚਾਰੇ ਭਰਮਾਈ ॥ ਹਮ ਦੀਨ ਤੁਮ ਜੁਗੁ ਜੁਗੁ ਦਾਤੇ, ਸਬਦੇ ਦੇਹਿ ਬੁਝਾਈ ॥੧॥ ਹਰਿ ਜੀਉ ਕ੍ਰਿਪਾ ਕਰਹੁ ਤੁਮ ਪਿਆਰੇ ॥ ਸਤਿਗੁਰੁ ਦਾਤਾ ਮੇਲਿ ਮਿਲਾਵਹੁ ,ਹਰਿ ਨਾਮੁ ਦੇਵਹੁ ਆਧਾਰੇ

॥ਰਹਾਉ॥ (ਹੇ ਹਰਿ ਜੀ!) ਸਤਿਗੁਰੂ ਦੀ ਸੇਵਾ ਕੀਤੇ ਬਿਨਾ (ਜੀਵ ਨੂੰ ਜੰਮਣ ਮਰਨ ਦਾ) ਬਹੁਤ ਦੁਖ ਲਗਾ ਹੋਇਆ ਹੈ, (ਜਿਸ ਕਰਕੇ ਇਹ ਜੀਵ) ਚਾਰੇ ਜੁਗਾਂ (ਹਰੇਕ ਜਮਾਨੇ) ਵਿਚ ਭਟਕਦਾ ਰਹਿੰਦਾ ਹੈ।ਅਸੀਂ ਗਰੀਬ ਹਾਂ, ਤੁਸੀਂ ਹਰੇਕ ਜੁਗ ਦੇ ਦਾਤੇ ਹੋ, (ਸਾਨੂੰ ਗੁਰੂ ਦੇ) ਸ਼ਬਦ ਵਿਚ ਜੋੜ ਕੇ ਗਿਆਨ ਬਖਸ਼ ਦਿਓ।੧।ਹੇ ਪਿਆਰੇ ਹਰਿ ਜੀਉ! (ਸਾਡੇ ਉਤੇ) ਤੁਸੀਂ ਕ੍ਰਿਪਾ ਕਰੋ।(ਸਾਨੂੰ) ਸਤਿਗੁਰੂ ਦਾਤੇ ਦੇ ਸੰਗ ਵਿਚ ਮਿਲਾ ਦਿਓ ਅਤੇ ਹਰਿ ਨਾਮ ਦਾ ਆਸਰਾ ਦਿਓ।ਰਹਾਉ।

ਅੰਗ ੬੦੪ = ਮਨਸਾ ਮਾਰਿ ਦੁਬਿਧਾ ਸਹਜਿ ਸਮਾਣੀ, ਪਾਇਆ ਨਾਮੁ ਅਪਾਰਾ ॥ ਹਰਿ ਰਸੁ ਚਾਖਿ ਮਨੁ ਨਿਰਮਲੁ ਹੋਆ, ਕਿਲਬਿਖ ਕਾਟਣਹਾਰਾ ॥੨॥ ਸਬਦਿ ਮਰਹੁ ਫਿਰਿ ਜੀਵਹੁ ਸਦ ਹੀ, ਤਾ ਫਿਰਿ ਮਰਣਾ ਨ ਹੋਈ ॥ ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ, ਸਬਦੇ ਪਾਵੈ ਕੋਈ ॥੩॥ ਦਾਤੈ ਦਾਤਿ ਰਖੀ ਹਥਿ ਅਪਣੈ, ਜਿਸੁ ਭਾਵੈ ਤਿਸੁ ਦੇਈ ॥ ਨਾਨਕ ਨਾਮਿ ਰਤੇ ਸੁਖੁ ਪਾਇਆ, ਦਰਗਹ ਜਾਪਹਿ ਸੇਈ ॥੪॥੧੧॥ (ਜਿਸ ਪੁਰਖ ਨੇ ਗੁਰੂ ਤੋਂ) ਬੇਅੰਤ ਪ੍ਰਭੂ ਦਾ ਨਾਮ ਪ੍ਰਾਪਤ ਕੀਤਾ ਹੈ, (ਨਾਮ ਨੇ ਉਸਦੀ) ਵਾਸ਼ਨਾ ਮਾਰ ਕੇ ਦੁਬਿਧਾ ਸਹਿਜ ਅਵਸਥਾ ਵਿਚ ਮਿਲਾ ਦਿਤੀ ਹੈ (ਨਾਮ ਜਪਣ ਵਾਲਾ ਮਨੁੱਖ ਸਹਿਜ ਅਵਸਥਾ ਵਿਚ ਚਲਾ ਗਿਆ, ਵਾਸ਼ਨਾ ਤੇ ਦੁਬਿਧਾ ਅਪਣੇ ਆਪ ਨਾਸ਼ ਹੋ ਗਈ।ਉਸ ਦਾ) ਮਨ ਹਰੀ ਦਾ ਨਾਮ ਰਸ ਚਖ ਕੇ ਨਿਰਮਲ ਹੋ ਗਿਆ ਹੈ, (ਇਹ ਨਾਮ ਰਸ) ਪਾਪ ਕੱਟਣ ਵਾਲਾ ਹੈ। ੨।(ਹੇ ਭਾਈ! ਗੁਰੂ ਦੇ) ਸ਼ਬਦ ਦੁਆਰਾ ਜੀਵਤ ਭਾਵ ਤੋਂ ਮਰ ਜਾਓ, ਤਾਂ ਫਿਰ ਸਦਾ ਜਿਉਂਦੇ ਰਹੋਗੇ ਅਤੇ ਮੁੜ ਕੇ (ਆਤਮਕ) ਮੌਤ ਨਹੀਂ ਹੋਵੇਗੀ।(ਹਰੀ ਦਾ) ਅੰਮ੍ਰਿਤ ਨਾਮ ਜੋ ਸਦਾ ਹੀ ਮਨ ਵਿਚ ਮਿੱਠਾ ਲਗਦਾ ਹੈ, (ਇਹ ਨਾਮ ਗੁਰੂ ਦੇ) ਸ਼ਬਦ ਦੁਆਰਾ ਕੋਈ ਵਿਰਲਾ ਮਨੁੱਖ ਹੀ ਪ੍ਰਾਪਤ ਕਰਦਾ ਹੈ।੩।ਹਰੀ ਦਾਤੇ ਨੇ (ਨਾਮ ਦੀ) ਦਾਤ ਅਪਣੇ ਹੱਥ ਵਿਚ ਰੱਖੀ ਹੋਈ ਹੈ, (ਇਹ ਦਾਤ) ਉਸ ਨੂੰ ਦੇਂਦਾ ਹੈ, ਜਿਸ ਨੂੰ ਉਹ ਚਾਹੁੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਮਨੁੱਖ ਹਰੀ ਦੇ) ਨਾਮ ਵਿਚ ਰੰਗੇ ਹੋਏ ਹਨ, (ਉਨ੍ਹਾਂ ਨੇ ਆਤਮਕ) ਸੁਖ ਪਾਇਆ ਹੈ ਅਤੇ ਉਹ ਹੀ ਰੱਬੀ ਦਰਗਾਹ ਵਿਚ (ਪ੍ਰਵਾਨ ਹੋਏ) ਜਾਣੇ ਜਾਂਦੇ ਹਨ।੪।੧੧।

ਪਦਾਰਥ = ਜੁਗ ਚਾਰੇ–ਚਾਰੇ ਜੁਗਾਂ (ਹਰੇਕ ਜਮਾਨੇ) ਵਿਚ।ਭਰਮਾਈ–ਭਟਕਦਾ ਰਹਿੰਦਾ ਹੈ।ਹਮ–ਅਸੀਂ।ਦੀਨ–ਗਰੀਬ; ਅਨਾਥ। ਜੁਗੁ ਜੁਗੁ–ਹਰੇਕ ਜੁਗ ਦੇ।ਸਬਦੇ–ਸ਼ਬਦ ਵਿਚ ਜੋੜ ਕੇ।ਦੇਹਿ ਬੁਝਾਈ–ਗਿਆਨ ਬਖਸ਼ ਦੇਹ।੧।ਮੇਲਿ ਮਿਲਾਵਹੁ–ਸੰਗ ਵਿਚ ਮਿਲਾ ਦੇਹ।ਆਧਾਰੇ–ਆਸਰਾ।ਰਹਾਉ।ਮਨਸਾ–ਵਾਸ਼ਨਾ; ਤ੍ਰਿਸ਼ਨਾ।ਮਾਰਿ–ਮਾਰ ਕੇ।ਦੁਬਿਧਾ–ਦੁਚਿੱਤਾਪਣ।ਸਹਜਿ–ਸਹਿਜ ਅਵਸਥਾ ਵਿਚ।ਸਮਾਣੀ–ਸਮਾ (ਮਿਲਾ) ਦਿਤੀ।ਅਪਾਰਾ–ਬੇਅੰਤ ਪ੍ਰਭੂ ਦਾ।ਕਿਲਬਿਖ–ਪਾਪ।੨।ਸਬਦਿ–ਸ਼ਬਦ ਦੁਆਰਾ।ਮਰਹੁ–(ਆਪਾ ਭਾਵ ਤੋਂ) ਮਰ ਜਾਵੋ।ਸਦ ਹੀ–ਸਦਾ ਹੀ।ਫਿਰਿ–ਮੁੜ ਕੇ।ਤਾ–ਤਾਂ; ਤਦ।ਮਰਣੁ–ਮੌਤ।ਮਨਿ–ਮਨ ਵਿਚ।ਸਬਦੇ–ਸ਼ਬਦ ਦੁਆਰਾ। ੩।ਦਾਤੈ–(ਹਰੀ) ਦਾਤੇ ਨੇ।ਹਥਿ ਅਪਣੈ–ਅਪਣੇ ਹੱਥ ਵਿਚ।ਭਾਵੈ–ਚਾਹੁੰਦਾ ਹੈ; ਪਸੰਦ ਕਰਦਾ ਹੈ।ਦੇਈ–ਦੇਂਦਾ ਹੈ।ਰਤੇ–ਰੰਗੇ ਹੋਏ ਹਨ।ਦਰਗਹ–ਰੱਬੀ ਦਰਗਾਹ ਵਿਚ।ਜਾਪਹਿ–(ਪ੍ਰਵਾਨ ਹੋਏ) ਜਾਣੇ ਜਾਂਦੇ ਹਨ।ਸੇਈ–ਉਹ ਹੀ।੪।੧੧।

ਸੋਰਠਿ ਮਹਲਾ ੩ ॥ ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ, ਗਤਿ ਮਤਿ ਤਦ ਹੀ ਪਾਏ ॥ ਹਰਿ ਕਾ ਨਾਮੁ ਸਚਾ ਮਨਿ ਵਸਿਆ, ਨਾਮੇ ਨਾਮਿ ਸਮਾਏ ॥੧॥ ਬਿਨੁ ਸਤਿਗੁਰ ਸਭੁ ਜਗੁ ਬਉਰਾਨਾ ॥ ਮਨਮੁਖਿ ਅੰਧਾ ਸਬਦੁ ਨ ਜਾਣੈ, ਝੂਠੈ ਭਰਮਿ ਭੁਲਾਨਾ ॥ਰਹਾਉ॥ ਤ੍ਰੈ ਗੁਣ ਮਾਇਆ ਭਰਮਿ ਭੁਲਾਇਆ, ਹਉਮੈ ਬੰਧਨ ਕਮਾਏ ॥ ਜੰਮਣੁ ਮਰਣੁ ਸਿਰ ਊਪਰਿ ਊਭਉ ,ਗਰਭ ਜੋਨਿ ਦੁਖੁ ਪਾਏ ॥੨॥ ਤ੍ਰੈ ਗੁਣ ਵਰਤਹਿ ਸਗਲ ਸੰਸਾਰਾ, ਹਉਮੈ ਵਿਚਿ ਪਤਿ ਖੋਈ ॥ ਗੁਰਮੁਖਿ ਹੋਵੈ ਚਉਥਾ ਪਦੁ ਚੀਨੈ, ਰਾਮ ਨਾਮਿ ਸੁਖੁ ਹੋਈ ॥੩॥ ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ, ਜੋ ਤੂ ਕਰਹਿ ਸੁ ਹੋਈ ॥ ਨਾਨਕ ਰਾਮ ਨਾਮਿ ਨਿਸਤਾਰਾ, ਸਬਦੇ ਹਉਮੈ ਖੋਈ ॥੪॥੧੨॥ (ਹੇ ਭਾਈ! ਜਦੋਂ ਜੀਵ) ਸਤਿਗੁਰੂ ਦੀ ਸੇਵਾ ਕਰਦਾ ਹੈ ਤਾਂ (ਉਸ ਦੇ ਹਿਰਦੇ ਵਿਚੋਂ) ਅਖੰਡ ਨਾਮ ਸਿਮਰਨ ਦੀ ਧੁਨ ਉਠਦੀ ਹੈ, ਤਦੋਂ ਹੀ (ਉਹ) ਮੁਕਤੀ ਵਾਲਾ ਗਿਆਨ ਪ੍ਰਾਪਤ ਕਰਦਾ ਹੈ।ਹਰੀ ਦਾ ਸੱਚਾ ਨਾਮ (ਉਸ ਦੇ) ਮਨ ਵਿਚ ਵਸ ਗਿਆ ਹੈ, ਉਹ ਨਾਮ ਜਪਣ ਨਾਲ ਨਾਮੀ (ਹਰੀ) ਵਿਚ ਸਮਾ ਜਾਂਦਾ ਹੈ।੧।(ਹੇ ਭਾਈ!) ਸਤਿਗੁਰੂ ਤੋਂ ਬਿਨਾ ਸਾਰਾ ਜਗਤ ਕਮਲਾ ਹੈ।ਮਨਮੁਖ ਅਗਿਆਨੀ ਹੈ, (ਉਹ ਗੁਰੂ ਦੇ) ਸ਼ਬਦ ਨੂੰ ਨਹੀਂ ਜਾਣਦਾ ਅਤੇ ਝੂਠੇ ਭਰਮ ਵਿਚ ਭੁੱਲਿਆ ਫਿਰਦਾ ਹੈ।ਰਹਾਉ।ਤਿੰਨਾਂ ਗੁਣਾਂ ਵਾਲੀ ਮਾਇਆ ਨੇ (ਮਨਮੁਖ ਨੂੰ) ਭਰਮ ਵਿਚ ਪਾ ਕੇ ਭੁਲਾਇਆ ਹੋਇਆ ਹੈ, (ਉਹ) ਹਉਮੈ ਦੇ ਬੰਧਨ ਪੈਣ ਵਾਲੇ ਕੰਮ ਕਰਦਾ ਹੈ।ਜਨਮ ਮਰਨ (ਇਸ ਦੇ) ਸਿਰ ਉਤੇ ਖੜਾ ਰਹਿੰਦਾ ਹੈ ਅਤੇ ਗਰਭ ਜੋਨ ਵਿਚ ਪੈ ਕੇ (ਇਹ) ਦੁਖ ਪਾਉਂਦਾ ਹੈ।੨।(ਹੇ ਭਾਈ!) ਸਾਰਾ ਸੰਸਾਰ ਤਿੰਨ ਗੁਣਾਂ ਵਿਚ ਵਰਤ ਰਿਹਾ ਹੈ, ਹਉਮੈ ਵਿਚ ਲਗ ਕੇ (ਇਸ ਨੇ) ਇੱਜਤ ਗੁਆ ਲਈ ਹੈ।ਜੋ ਗੁਰਮੁਖ ਹੁੰਦਾ ਹੈ, ਉਹ ਚਉਥੇ ਪਦ ਨੂੰ ਜਾਣਦਾ ਹੈ, (ਉਸ ਨੂੰ) ਹਰੀ ਦੇ ਨਾਮ ਵਿਚ ਜੁੜ ਕੇ ਸੁਖ ਪ੍ਰਾਪਤ ਹੁੰਦਾ ਹੈ।੩।(ਹੇ ਪ੍ਰਭੂ!) ਤਿੰਨ ਗੁਣ ਸਭ ਤੇਰੇ ਹੀ ਬਣਾਏ

ਹੋਏ ਹਨ, ਤੂੰ ਆਪ ਹੀ (ਸਭ ਦਾ) ਰਚਨਹਾਰ, ਜੋ ਤੂੰ ਕਰਦਾ ਹੈਂ, (ਜਗਤ ਵਿਚ) ਉਹ ਹੁੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਸੰਸਾਰ ਵਿਚ ਜੀਵ ਦਾ) ਨਿਸਤਾਰਾ ਰਾਮ ਦੇ ਨਾਮ ਦੁਆਰਾ ਹੁੰਦਾ ਹੈ ਅਤੇ (ਗੁਰੂ ਦੇ) ਸ਼ਬਦ ਦੁਆਰਾ ਹਉਮੈ ਨਾਸ਼ ਹੁੰਦੀ ਹੈ।੪।੧੨।

ਪਦਾਰਥ = ਤਾ–ਤਾਂ; ਤਦੋਂ। ਸਹਜ ਧੁਨਿ–ਅਖੰਡ ਨਾਮ ਚਿੰਤਨ ਦੀ ਧੁਨ; ਆਤਮਕ ਅਨੰਦ ਦੀ ਸੰਗੀਤਕ ਧੁਨ। ਉਪਜੈ–ਉਠਦੀ ਹੈ; ਪੈਦਾ ਹੰਦੀ ਹੈ। ਗਤਿ ਮਤਿ–ਮੁਕਤੀ ਵਾਲਾ ਗਿਆਨ। ਮਨਿ–ਮਨ ਵਿਚ। ਨਾਮੇ–ਨਾਮ ਜਪਣ ਨਾਲ। ਨਾਮਿ–ਨਾਮੀ ਪ੍ਰਭੂ ਵਿਚ। ਸਮਾਏ–ਸਮਾ ਜਾਂਦਾ ਹੈ।੧। ਬਉਰਾਨਾ–ਝੱਲਾ ;ਕਮਲਾ। ਅੰਧਾ–ਅੰਨ੍ਹਾ (ਅਗਿਆਨੀ)। ਭੁਲਾਨਾ–ਭੁੱਲਿਆ ਹੈ। ਰਹਾਉ। ਤ੍ਰੈ ਗੁਣ–ਰਜੋ, ਸਤੋ ਤੇ ਤਮੋ ਗੁਣ। ਭੁਲਾਇਆ–ਕੁਰਾਹੇ ਪਾਇਆ ਹੈ। ਊਭਉ–ਖੜਾ ਹੈ। ਪਾਏ–ਪਾਉਂਦਾ ਹੈ।੨। ਸਗਲ–ਸਾਰਾ। ਪਤਿ–ਇੱਜਤ। ਖੋਈ–ਗੁਆ ਲਈ ਹੈ। ਚਉਥਾ ਪਦੁ–ਤਿੰਨ ਗੁਣਾਂ ਤੋਂ ਉਪਰ ਵਾਲੀ ਗਿਆਨ ਅਵਸਥਾ। ਚੀਨੈ–ਜਾਣਦਾ ਹੈ।੩। ਕਰਤਾ–ਰਚਨਹਾਰ। ਕਰਹਿ–ਕਰਦਾ ਹੈਂ। ਸੁ–ਉਹ। ਨਿਸਤਾਰਾ–ਮੁਕਤੀ; ਛੁਟਕਾਰਾ। ਸਬਦੇ–ਸ਼ਬਦ ਦੁਆਰਾ।੪।੧੨।

ਸੋਰਠਿ ਮਹਲਾ ੪ ਘਰੁ ੧ ੴ ਸਤਿਗੁਰ ਪ੍ਰਸਾਦਿ ॥ ਆਪੇ ਆਪਿ ਵਰਤਦਾ ਪਿਆਰਾ, ਆਪੇ ਆਪਿ ਅਪਾਹੁ ॥ ਵਣਜਾਰਾ ਜਗੁ ਆਪਿ ਹੈ ਪਿਆਰਾ, ਆਪੇ ਸਾਚਾ ਸਾਹੁ ॥ ਆਪੇ ਵਣਜੁ ਵਾਪਾਰੀਆ ਪਿਆਰਾ, ਆਪੇ ਸਚੁ ਵੇਸਾਹੁ ॥੧॥ ਜਪਿ ਮਨ ਹਰਿ ਹਰਿ ਨਾਮੁ ਸਲਾਹ ॥ ਗੁਰ ਕਿਰਪਾ ਤੇ ਪਾਈਐ ਪਿਆਰਾ, ਅੰਮ੍ਰਿਤੁ ਅਗਮ ਅਥਾਹ ॥ਰਹਾਉ॥ ਆਪੇ ਸੁਣਿ ਸਭ ਵੇਖਦਾ ਪਿਆਰਾ, ਮੁਖਿ ਬੋਲੇ ਆਪਿ ਮੁਹਾਹੁ ॥ ਆਪੇ ਉਝੜਿ ਪਾਇਦਾ ਪਿਆਰਾ, ਆਪਿ ਵਿਖਾਲੇ ਰਾਹੁ ॥ ਆਪੇ ਹੀ ਸਭੁ ਆਪਿ ਹੈ ਪਿਆਰਾ, ਆਪੇ ਵੇ ਪਰਵਾਹੁ ॥੨॥ ਆਪੇ ਆਪਿ ਉਪਾਇਦਾ ਪਿਆਰਾ, ਸਿਰਿ ਆਪੇ ਧੰਧੜੈ ਲਾਹੁ ॥ ਆਪਿ ਕਰਾਏ ਸਾਖਤੀ ਪਿਆਰਾ, ਆਪਿ ਮਾਰੇ ਮਰਿ ਜਾਹੁ ॥ ਆਪੇ ਪਤਣੁ ਪਾਤਣੀ ਪਿਆਰਾ, ਆਪੇ ਪਾਰਿ ਲੰਘਾਹੁ ॥੩॥ ਆਪੇ ਸਾਗਰੁ ਬੋਹਿਥਾ ਪਿਆਰਾ, ਗੁਰੁ ਖੇਵਟੁ ਆਪਿ ਚਲਾਹੁ ॥ ਆਪੇ ਹੀ ਚੜਿ ਲੰਘਦਾ ਪਿਆਰਾ, ਕਰਿ ਚੋਜ ਵੇਖੈ ਪਾਤਿਸਾਹੁ ॥ ਆਪੇ ਆਪਿ ਦਇਆਲੁ ਹੈ ਪਿਆਰਾ, ਜਨ ਨਾਨਕ ਬਖਸਿ ਮਿਲਾਹੁ ॥੪॥੧॥ (ਸਾਰੇ ਜਗਤ ਵਿਚ) ਪਿਆਰਾ ਪ੍ਰਭੂ ਆਪੇ ਆਪ ਵਰਤ ਰਿਹਾ ਹੈ ਅਤੇ ਆਪੇ ਆਪ (ਪੈਦਾ ਕੀਤੇ ਸਾਰੇ ਪਸਾਰੇ ਤੋਂ) ਨਿਰਲੇਪ ਹੈ। ਪਿਆਰਾ ਪ੍ਰਭੂ ਜਗਤ ਰੂਪ ਵਪਾਰੀ ਆਪ ਹੈ ਅਤੇ ਆਪੇ ਸੱਚਾ ਸ਼ਾਹ ਹੈ (ਜੋ ਵਪਾਰ ਕਰਨ ਲਈ ਧਨ ਦੇਂਦਾ ਹੈ)। ਪਿਆਰਾ ਪ੍ਰਭੂ ਆਪ ਹੀ ਵਣਜ ਰੂਪ ਹੈ, ਆਪ ਹੀ ਵਪਾਰੀ ਰੂਪ ਹੈ ਅਤੇ ਆਪ ਹੀ ਸੱਚ ਰੂਪ ਇਤਬਾਰ ਹੈ; ਸੱਚਾ ਵਿਸ਼ਵਾਸ ਪਾਤ੍ਰ ਹੈ।੧। ਹੇ ਮੇਰੇ ਮਨ! (ਰਸਨਾ ਨਾਲ) ਹਰੀ ਦਾ ਨਾਮ ਜਪ, (ਬਾਣੀ ਦੁਆਰਾ) ਹਰੀ ਦੀ ਸਿਫਤ ਸਲਾਹ ਕਰ। ਪਿਆਰਾ ਪ੍ਰਭੂ ਗੁਰੂ ਦੀ ਕ੍ਰਿਪਾ ਨਾਲ ਪਾਈਦਾ ਹੈ, ਜੋ ਅੰਮ੍ਰਿਤ ਰੂਪ ਹੈ, ਪਹੁੰਚ ਤੋਂ ਪਰੇ ਹੈ ਅਤੇ ਅਥਾਹ ਹੈ। ਰਹਾਉ। ਪਿਆਰਾ ਪ੍ਰਭੂ ਆਪੇ (ਸਭ ਜੀਵਾਂ ਦੇ ਕੰਨਾਂ ਰਾਹੀਂ) ਸੁਣਦਾ ਹੈ ਤੇ (ਸਭ ਜੀਵਾਂ ਦੇ ਨੇਤ੍ਰਾਂ ਰਾਹੀਂ) ਦੇਖਦਾ ਹੈ ਅਤੇ (ਸਾਰੇ ਜੀਵਾਂ ਦੇ) ਮੂੰਹਾਂ ਦੁਆਰਾ ਮਾਨੋ ਆਪ ਹੀ ਮੂਹੋਂ ਬੋਲਦਾ ਹੈ। ਪਿਆਰਾ ਪ੍ਰਭੂ ਆਪ ਹੀ (ਕਈ ਜੀਵਾਂ ਨੂੰ) ਕੁਰਾਹੇ ਪਾਉਂਦਾ ਹੈ ਅਤੇ ਆਪ ਹੀ (ਕਈ ਜੀਵਾਂ ਨੂੰ ਗੁਰੂ ਰੂਪ ਹੋ ਕੇ ਗਿਆਨ ਦਾ) ਰਸਤਾ ਦਿਖਾਲਦਾ ਹੈ। ਸਭ ਕੁਛ ਪਿਆਰਾ ਪ੍ਰਭੂ ਆਪੇ ਆਪ ਹੈ ਅਤੇ ਆਪੇ ਬੇਪ੍ਰਵਾਹ ਹੈ।੨। ਪਿਆਰਾ ਪ੍ਰਭੂ (ਅਪਣੇ ਤੋਂ ਸਭ ਨੂੰ) ਪੈਦਾ ਕਰਦਾ ਹੈ ਅਤੇ ਆਪੇ ਹਰ ਇਕ ਜੀਵ ਨੂੰ (ਆਪੋ ਅਪਣੇ) ਧੰਧਿਆਂ ਵਿਚ ਲਾਉਂਦਾ ਹੈ। ਪਿਆਰਾ ਪ੍ਰਭੂ ਆਪ ਹੀ ਰਚਨਾ ਰਚਦਾ ਹੈ ਆਪ ਹੀ (ਜੀਵਾਂ ਨੂੰ ਜਦ) ਮਾਰਦਾ ਹੈ ਤਾਂ (ਜੀਵ) ਮਰ ਜਾਂਦਾ ਹੈ {ਆਪਿ ਕਰਾਏ ਸਾਖਤੀ ਫਿਰਿ ਆਪਿ ਕਾਰੇ ਮਾਰ ੪੭੫}। ਪਿਆਰਾ ਪ੍ਰਭੂ ਆਪ ਹੀ (ਸੰਸਾਰ ਨਦੀ ਉਤੇ) ਪੱਤਣ ਹੈ, ਆਪੇ (ਗੁਰੂ ਰੂਪ) ਮਲਾਹ ਹੈ ਤੇ ਆਪੇ (ਜੀਵਾਂ ਨੂੰ) ਪਾਰ ਲੰਘਾਉਂਦਾ ਹੈ ।੩। ਪਿਆਰਾ ਪ੍ਰਭੂ ਆਪ ਹੀ (ਜਗਤ ਰੂਪ) ਸਮੁੰਦਰ ਹੈ ਆਪ ਹੀ (ਨਾਮ ਰੂਪ) ਜਹਾਜ ਹੈ ਅਤੇ ਆਪ ਹੀ ਗੁਰੂ ਰੂਪ ਮਲਾਹ ਹੋ ਕੇ ਜਹਾਜ ਨੂੰ ਤੋਰਦਾ ਹੈ। ਪਿਆਰਾ ਪ੍ਰਭੂ ਆਪ ਹੀ (ਜੀਵ ਰੂਪ ਹੋ ਕੇ ਜਹਾਜ ਵਿਚ) ਚੜ੍ਹ ਕੇ (ਸੰਸਾਰ ਸਮੁੰਦਰ ਤੋਂ) ਪਾਰ ਲੰਘਦਾ ਹੈ, (ਇਉਂ ਉਹ) ਪਾਤਸ਼ਾਹ ਚੋਜ ਕਰਕੇ (ਅਪਣੀ ਖੇਡ ਨੂੰ) ਦੇਖ ਰਿਹਾ ਹੈ। ਪਿਆਰਾ ਪ੍ਰਭੂ ਆਪੇ ਆਪ ਦਇਆ ਦਾ ਘਰ ਹੈ, ਨਾਨਕ ਗੁਰੂ ਜੀ ਆਖਦੇ ਹਨ ਕਿ ਆਪੇ ਹੀ ਸੇਵਕਾਂ ਨੂੰ ਬਖਸ਼ ਕੇ (ਅਪਣੇ ਨਾਲ) ਮਿਲਾ ਲੈਂਦਾ ਹੈ।੪।੧।

ਪਦਾਰਥ = ਆਪੇ–ਆਪ ਹੀ। ਵਰਤਦਾ–ਵਰਤ ਰਿਹਾ (ਵਿਆਪਕ) ਹੈ। ਅਪਾਹੁ–(ਮਾਇਆ ਦੀ) ਪਾਹ ਜਾਂ ਲਾਗ ਤੋਂ ਰਹਿਤ (ਨਿਰਲੇਪ)। ਵਣਜਾਰਾ–ਵਪਾਰੀ। ਸਾਹੁ–ਸ਼ਾਹੂਕਾਰ (ਵਪਾਰੀਆਂ ਨੂੰ ਵਪਾਰ ਕਰਨ ਲਈ ਧਨ ਦੇਣ ਵਾਲਾ)। ਵਣਜੁ–ਵਪਾਰ। ਵੇਸਾਹੁ–ਵਿਸ਼ਵਾਸ ਪਾਤ੍ਰ (ਵਿਸ਼ਵਾਸ਼ ਕਰਕੇ ਉਧਾਰ ਦਿਤਾ ਜਾਂਦਾ ਹੈ, ਉਹ ਵਿਸ਼ਵਾਸ਼ ਗਵਾਹੀ ਦਾ ਕੰਮ ਕਰਦਾ ਹੈ)।੧। ਮਨ–ਹੇ ਮੇਰੇ ਮਨ!। ਸਲਾਹ–ਹਰੀ ਦੀ ਸਿਫਤ ਸਲਾਹ। ਤੇ–ਤੋਂ; ਨਾਲ। ਅਗਮ–ਪਹੁੰਚ ਤੋਂ ਪਰੇ। ਅਥਾਹ–ਜਿਸ ਦੀ ਹੋਂਦ ਦੀ ਡੂੰਘਾਈ ਦਾ ਪਤਾ ਨਹੀਂ ਲਗ ਸਕਦਾ। ਰਹਾਉ। ਮੁਖਿ–ਮੂੰਹ ਤੋਂ। ਮੁਹਾਹੁ–ਮੂੰਹ ਦੁਆਰਾ। ਉਝੜਿ ਪਾਇਦਾ–ਔਝੜਾਂ ਵਿਚ (ਕੁਰਾਹੇ) ਪਾਉਂਦਾ ਹੈ। ਵਿਖਾਲੇ–ਦਿਖਾਲਦਾ ਹੈ। ਰਾਹੁ–ਰਸਤਾ।੨। ਉਪਾਇਦਾ–ਪੈਦਾ ਕਰਦਾ ਹੈ। ਸਿਰਿ–ਹਰੇਕ ਜੀਵ ਨੂੰ; ਹਰੇਕ ਸਿਰ ਪ੍ਰਤੀ। ਧੰਧੜੈ–ਕੰਮ

ਧੰਧਿਆਂ ਵਿਚ।ਲਾਹੁ–ਲਾਉਂਦਾ ਹੈ।ਸਾਖਤੀ–ਰਚਨਾ (ਬਣਤਰ)।ਮਾਰੇ–ਮਾਰਦਾ ਹੈ।ਮਰਿ ਜਾਹੁ–ਮਰ ਜਾਂਦਾ ਹੈ।ਪਤਣੁ–ਘਾਟ (ਨਦੀ ਦੇ ਕਿਨਾਰੇ ਬੇੜੀ ਠਹਿਰਨ ਦਾ ਅਸਥਾਨ)।ਪਾਤਣੀ–ਮਲਾਹ।ਲੰਘਾਹੁ–ਲੰਘਾਉਂਦਾ ਹੈ।੩।ਸਾਗਰੁ–ਸਮੁੰਦਰ।ਬੋਹਿਥਾ–ਜਹਾਜ। ਖੇਵਟੁ–ਮਲਾਹ।ਚਲਾਹੁ –ਤੋਰਦਾ ਹੈ।ਚੜਿ–ਚੜ ਕੇ।ਚੋਜ–ਕੌਤਕ; ਤਮਾਸ਼ੇ।ਬਖਸਿ–ਬਖਸ਼ ਕੇ।ਮਿਲਾਹੁ–ਮਿਲਾ ਲੈਂਦਾ ਹੈ।੪।੧।

ਵਿਸ਼ੇਸ਼ = ਅਗਲੇ ੬ ਸ਼ਬਦਾਂ ਵਿਚ ਗੁਰੂ ਰਾਮਦਾਸ ਜੀ ਦਸਦੇ ਹਨ ਕਿ ਪ੍ਰਮਾਤਮਾ ਸਭ ਕੁਝ ਆਪ ਹੀ ਹੈ, ਸਾਡੇ ਵਿਚ ਉਸੇ ਦੀ ਬਖਸ਼ੀ ਹੋਈ ਤਾਕਤ ਹੈ।ਵੱਡੇ ਵੱਡੇ ਅਵਤਾਰ ਅਖਵਾਉਣ ਵਾਲਿਆਂ ਵਿਚ ਵੀ ਅਪਣੀ ਕੋਈ ਤਾਕਤ ਨਹੀਂ ਸੀ, ਉਹ ਵੀ ਸਾਰੇ ਪ੍ਰਭੂ ਦੇ ਪੈਦਾ ਕੀਤੇ ਹੋਏ ਸਨ।ਉਨ੍ਹਾਂ ਨੇ ਜੋ ਕੁਝ ਵੀ ਕੀਤਾ, ਪ੍ਰਭੂ ਦੇ ਦਿਤੇ ਬਲ ਨਾਲ ਹੀ ਕੀਤਾ ਹੈ।ਸਭ ਕੁਝ ਪ੍ਰਭੂ ਹੀ ਕਰਦਾ ਹੈ (ਸ਼ਬਦਾਰਥ)।ਇੰਦ੍ਰ ,ਸਿੱਖ ਰੂਪ ਵਿਚ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ, ਇਨ੍ਹਾਂ ੬ ਸ਼ਬਦਾਂ ਰਾਹੀਂ ਉਸ ਨੂੰ ਸਿੱਖਿਆ ਦਿਤੀ ਹੈ (ਸੰ.ਸ. ; ਫ.ਸ.)।

ਅੰਗ ੬੦੫ = ਸੋਰਠਿ ਮਹਲਾ ੪ ਚਉਥਾ ॥ ਆਪੇ ਅੰਡਜ ਜੇਰਜ ਸੇਤਜ ਉਤਭੁਜ, ਆਪੇ ਖੰਡ ਆਪੇ ਸਭ ਲੋਇ ॥ ਆਪੇ ਸੂਤੁ ਆਪੇ ਬਹੁ ਮਣੀਆ, ਕਰਿ ਸਕਤੀ ਜਗਤੁ ਪਰੋਇ ॥ ਆਪੇ ਹੀ ਸੂਤਧਾਰੁ ਹੈ ਪਿਆਰਾ, ਸੂਤੁ ਖਿੰਚੇ ਢਹਿ ਢੇਰੀ ਹੋਇ ॥੧॥ ਮੇਰੇ ਮਨ ਮੈ ਹਰਿ ਬਿਨੁ ਅਵਰੁ ਨ ਕੋਇ ॥ ਸਤਿਗੁਰ ਵਿਚ ਨਾਮੁ ਨਿਧਾਨੁ ਹੈ ਪਿਆਰਾ, ਕਰਿ ਦਇਆ ਅੰਮ੍ਰਿਤੁ ਮੁਖਿ ਚੋਇ ॥ਰਹਾਉ॥ ਆਪੇ ਜਲ ਥਲਿ ਸਭਤੁ ਹੈ ਪਿਆਰਾ, ਪ੍ਰਭੁ ਆਪੇ ਕਰੇ ਸੁ ਹੋਇ ॥ ਸਭਨਾ ਰਿਜਕੁ ਸਮਾਹਦਾ ਪਿਆਰਾ, ਦੂਜਾ ਅਵਰੁ ਨ ਕੋਇ ॥ ਆਪੇ ਖੇਲ ਖੇਲਾਇਦਾ ਪਿਆਰਾ, ਆਪੇ ਕਰੇ ਸੁ ਹੋਇ ॥੨॥ ਆਪੇ ਹੀ ਆਪਿ ਨਿਰਮਲਾ ਪਿਆਰਾ, ਆਪੇ ਨਿਰਮਲ ਸੋਇ ॥ ਆਪੇ ਕੀਮਤਿ ਪਾਇਦਾ ਪਿਆਰਾ, ਆਪੇ ਕਰੇ ਸੁ ਹੋਇ ॥ ਆਪੇ ਅਲਖੁ ਨ ਲਖੀਐ ਪਿਆਰਾ, ਆਪਿ ਲਖਾਵੈ ਸੋਇ ॥੩॥ ਆਪੇ ਗਹਿਰ ਗੰਭੀਰੁ ਹੈ ਪਿਆਰਾ, ਤਿਸੁ ਜੇਵਡੁ ਅਵਰੁ ਨ ਕੋਇ ॥ ਸਭਿ ਘਟ ਆਪੇ ਭੋਗਵੈ ਪਿਆਰਾ, ਵਿਚਿ ਨਾਰੀ ਪੁਰਖ ਸਭੁ ਸੋਇ ॥ ਨਾਨਕ ਗੁਪਤੁ ਵਰਤਦਾ ਪਿਆਰਾ, ਗੁਰਮੁਖਿ ਪਰਗਟੁ ਹੋਇ ॥੪॥੨॥ ਪ੍ਰਭੂ ਆਪ ਹੀ ਅੰਡਜ, ਜੇਰਜ, ਸੇਤਜ ਤੇ ਉਤਭੁਜ ਰੂਪ ਹੈ, ਉਹ ਆਪ ਹੀ ਧਰਤੀ ਦੇ ਨੌ ਖੰਡ ਤੇ ਆਪੇ ਅਨੇਕਾਂ ਲੋਕ ਰੂਪ (ਬ੍ਰਹਿਮੰਡ ਦੇ ਹਿੱਸੇ) ਹੈ।ਆਪ ਹੀ ਸੱਤਾ ਰੂਪ ਧਾਗਾ ਹੈ, ਆਪ ਹੀ ਅਣਗਿਣਤ ਮਣਕੇ (ਬ੍ਰਹਮੰਡ ਦੇ ਅਕਾਰ) ਰੂਪ ਹੈ ਅਤੇ ਅਪਣੀ ਸ਼ਕਤੀ ਕਰਕੇ ਜਗਤ ਨੂੰ ਪਰੋ ਕੇ ਰੱਖਿਆ ਹੋਇਆ ਹੈ (ਜਿਵੇਂ ਧਾਗਾ ਮਾਲਾ ਦੇ ਮਣਕਿਆਂ ਨੂੰ ਇਕ ਲੜੀ ਵਿਚ ਟਿਕਾਈ ਰਖਦਾ ਹੈ, ਬਿਖਰਨ ਨਹੀਂ ਦਿੰਦਾ, ਠੀਕ ਇਸੇ ਤਰ੍ਹਾਂ ਪ੍ਰਭੂ ਨੇ ਅਪਣੀ ਤਾਕਤ ਨਾਲ ਸਾਰੇ ਬ੍ਰਹਮੰਡਾਂ ਨੂੰ ਥੰਮ੍ਹ ਰਖਿਆ ਹੈ)।ਆਪੇ ਹੀ (ਸੱਤਾ ਰੂਪ) ਧਾਗੇ ਨੂੰ ਹੱਥ ਵਿਚ (ਜਗਤ ਨੂੰ ਅਪਣੀ ਸੱਤਾ ਦੇ ਸਹਾਰੇ ਕਾਇਮ) ਰੱਖਣ ਵਾਲਾ ਹੈ, (ਜੇ ਉਹ ਸੱਤਾ ਰੂਪ) ਧਾਗੇ ਨੂੰ ਖਿੱਚ ਲਵੇ (ਤਾਂ ਧਾਗੇ ਵਿਚ ਪ੍ਰੋਇਆ ਸਾਰਾ ਜਗਤ) ਢਹਿ ਕੇ ਢੇਰੀ ਹੋ ਸਕਦਾ ਹੈ।੧।ਹੇ ਮੇਰੇ ਮਨ! ਮੈਨੂੰ ਪ੍ਰਭੂ ਤੋਂ ਬਿਨਾ (ਅਜੇਹੀ ਤਾਕਤ ਰੱਖਣ ਵਾਲਾ) ਹੋਰ ਕੋਈ ਨਹੀਂ ਦਿਸਦਾ।ਪਿਆਰੇ ਪ੍ਰਭੂ ਦਾ ਨਾਮ ਰੂਪ ਖਜਾਨਾ ਸਤਿਗੁਰੂ ਵਿਚ ਮੌਜੂਦ ਹੈ, (ਸਤਿਗੁਰੂ) ਦਇਆ ਕਰਕੇ ਅੰਮ੍ਰਿਤ (ਰੂਪ ਨਾਮ ਜਲ ਸਿੱਖ ਦੇ) ਮੂੰਹ ਵਿਚ ਚੋ ਦਿੰਦਾ ਹੈ।ਰਹਾਉ।ਪਿਆਰਾ ਪ੍ਰਭੂ ਆਪੇ ਜਲ ਤੇ ਥਲ ਵਿਚ ਸਭ ਜਗ੍ਹਾ ਵਿਆਪਕ ਹੈ, ਪ੍ਰਭੂ ਜੋ ਕੁਝ ਆਪੇ ਕਰਦਾ ਹੈ, ਉਹ ਹੀ ਹੁੰਦਾ ਹੈ।ਪਿਆਰਾ ਪ੍ਰਭੂ ਸਭ ਜੀਵਾਂ ਨੂੰ ਰਿਜਕ ਪਹੁੰਚਾ ਰਿਹਾ ਹੈ, (ਰਿਜਕ ਦੇਣ ਵਾਲਾ ਉਸ ਤੋਂ ਬਿਨਾ) ਦੂਜਾ ਹੋਰ ਕੋਈ ਨਹੀਂ।ਪਿਆਰਾ ਪ੍ਰਭੂ ਆਪੇ (ਜਗਤ ਦੇ ਸਾਰੇ) ਖੇਡ ਖਿਡਾ ਰਿਹਾ ਹੈ ,(ਜੋ ਕੁਝ ਉਹ) ਆਪੇ ਕਰਦਾ ਹੈ ਉਹੋ ਹੁੰਦਾ ਹੈ।੨।ਪਿਆਰਾ ਪ੍ਰਭੂ ਆਪਣੇ ਆਪ ਹੀ ਪਵਿਤ੍ਰ ਹੈ, ਆਪੇ ਪਵਿਤ੍ਰ ਸੋਭਾ ਵਾਲਾ ਹੈ। ਪਿਆਰਾ ਪ੍ਰਭੂ ਅਪਣੀ ਕੀਮਤ ਆਪੇ ਪਾਉਂਦਾ ਹੈ (ਉਸ ਦੀ ਕੀਮਤ ਹੋਰ ਦੂਜੇ ਕਿਸੇ ਪਾਸੋਂ ਨਹੀਂ ਪੈ ਸਕਦੀ, ਉਹ) ਆਪੇ ਜੋ ਕੁਛ ਕਰਦਾ ਹੈ, ਉਹੋ ਹੁੰਦਾ ਹੈ।ਪਿਆਰਾ ਪ੍ਰਭੂ ਆਪ ਅਲੱਖ ਹੈ, ਕਿਸੇ ਪਾਸੋਂ ਲਖਿਆ ਨਹੀਂ ਜਾਂਦਾ, ਉਹ ਆਪ ਹੀ ਅਪਣੇ ਆਪ ਨੂੰ ਲਖਾਉਂਦਾ ਹੈ।੩।ਪਿਆਰਾ ਪ੍ਰਭੂ ਆਪ ਹੀ ਅਥਾਹ ਡੂੰਘਾ ਹੈ, ਉਸ ਦੇ ਜਿੰਨਾ ਵੱਡਾ ਹੋਰ ਕੋਈ ਨਹੀਂ।ਸਾਰੇ ਸਰੀਰਾਂ ਵਿਚ ਆਪੇ ਹੀ ਪਿਆਰਾ ਪ੍ਰਭੂ ਰਸ ਭੋਗ (ਅਨੰਦ ਮਾਣ) ਰਿਹਾ ਹੈ, ਇਸਤ੍ਰੀਆਂ ਪੁਰਖਾਂ ਸਭ ਵਿਚ ਉਹ ਹੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਪਿਆਰਾ ਪ੍ਰਭੂ ਗੁਪਤ ਹੋ ਕੇ ਵਰਤ (ਵਿਆਪਕ ਹੋ) ਰਿਹਾ ਹੈ, (ਪਰ ਉਹ) ਗੁਰੂ ਰਾਹੀਂ ਪ੍ਰਗਟ ਹੋ ਜਾਂਦਾ ਹੈ।੪।੨।

ਪਦਾਰਥ = ਆਪੇ–ਆਪ ਹੀ।ਅੰਡਜ–ਆਂਡਿਆਂ ਤੋਂ ਪੈਦਾ ਹੋਣ ਵਾਲੇ ਪੰਛੀ, ਮੱਛੀ ਤੇ ਸੱਪ ਆਦਿ ਜੀਵ।ਜੇਰਜ–ਜੇਰ ਤੋਂ ਪੈਦਾ ਹੋਣ ਵਾਲੇ ਮਨੁੱਖ, ਜਾਨਵਰ ਤੇ ਪਸ਼ੂ ਆਦਿ ਜੀਵ।ਸੇਤਜ–ਮੁੜ੍ਹਕੇ ਤੋ ਪੈਦਾ ਹੋਣ ਵਾਲੇ ਜੂੰ ਤੇ ਗੰਡੋਏ ਆਦਿ ਜੀਵ।ਉਤਭੁਜ–ਬਨਸਪਤੀ। ਖੰਡ–ਧਰਤੀ ਦੇ ਨੌਂ ਹਿਸੇ।ਲੋਇ–ਲੋਕ (ਭਵਨ; ਪੁਰੀਆਂ)।ਸੂਤੁ–ਧਾਗਾ (ਹਰੀ ਦੀ ਸੱਤਾ); ਜੀਵਾਂ ਦੇ ਪ੍ਰਾਣ ਰੂਪ ਧਾਗਾ।ਬਹੁ–ਅਣ ਗਿਣਤ।ਮਣੀਆ–ਮਣਕੇ (ਜੀਵਾਂ ਦੇ ਜਾਂ ਬ੍ਰਹਮੰਡ ਦੇ ਅਕਾਰ)।ਸਕਤੀ–ਤਾਕਤ (ਸੱਤਾ)।ਪਰੋਇ–ਪਰੋ ਕੇ ਰੱਖਿਆ ਹੈ।ਸੂਤਧਾਰ–

ਸੂਤ ਨੂੰ ਹੱਥ ਵਿਚ ਫੜੀ (ਅਪਣੀ ਤਾਕਤ ਨਾਲ ਕਾਇਮ) ਰੱਖਣ ਵਾਲਾ। ਖਿੰਚੇ–ਜੇ ਖਿੱਚ ਲਵੇ। ਢਹਿ ਢੇਰੀ–ਢਹਿ ਢੇਰੀ ਹੋ ਜਾਂਦਾ ਹੈ।੧। ਅਵਰੁ–ਹੋਰ। ਨਿਧਾਨੁ–ਖਜਾਨਾ। ਮੁਖਿ–ਮੂੰਹ ਵਿਚ। ਚੋਇ–ਚੋ ਦੇਂਦਾ ਹੈ। ਰਹਾਉ। ਜਲ ਥਲਿ–ਜਲ ਤੇ ਸੁੱਕੀ ਧਰਤੀ ਵਿਚ। ਸਭਤੁ–ਸਭ ਜਗ੍ਹਾ। ਸੁ–ਉਹ। ਰਿਜਕੁ–ਖਾਣਾ। ਸਭਨਾ–ਸਭ (ਜੀਵਾਂ) ਨੂੰ। ਸਮਾਹਦਾ–ਪਹੁੰਚਾਉਂਦਾ ਹੈ। ਅਵਰੁ–ਹੋਰ।੨। ਨਿਰਮਲਾ–ਮੈਲ ਰਹਿਤ (ਪਵਿਤ੍ਰ)। ਸੋਇ–ਸੋਭਾ ਵਾਲਾ। ਅਲਖੁ–(ਅਲੱਖ ਬੋਲੋ) ਅਦ੍ਰਿਸ਼ਟ; ਜੋ ਮਨ ਬੁੱਧੀ ਕਰਕੇ ਜਾਣਿਆ ਨਾ ਜਾਵੇ । ਨ ਲਖੀਐ–ਜਾਣਿਆ ਨਹੀਂ ਜਾਂਦਾ। ਲਖਾਵੇ–ਸਮਝ ਬਖਸ਼ਦਾ ਹੈ। ਸੋਇ–ਉਹ ਹੀ।੩। ਗਹਿਰ–ਡੂੰਘਾ; ਸਿਆਣਾ। ਗੰਭੀਰੁ–ਅਥਾਹ; ਧੀਰਜ ਵਾਲਾ। ਤਿਸੁ ਜੇਵਡੁ–ਉਸ ਦੇ ਜਿੰਨਾ ਵੱਡਾ। ਘਟ–ਸਰੀਰਾਂ ਵਿਚ। ਭੋਗਵੈ–ਪਦਾਰਥਾਂ ਦਾ ਰਸ ਮਾਣਦਾ ਹੈ; ਦੁਖ ਸੁਖ ਅਨੁਭਵ ਕਰਦਾ ਹੈ। ਵਿਚਿ ਨਾਰੀ–ਇਸਤ੍ਰੀਆਂ ਵਿਚ। ਗੁਰਮੁਖਿ–ਗੁਰੂ ਰਾਹੀਂ।੪।੨।

ਚਉਥਾ = ਮਹਲਾ ੪ ਤੋਂ ਅੱਗੇ ਅੱਖਰਾਂ ਵਿਚ ਲਿਖੇ ਚਉਥਾ ਤੋਂ ਇਹ ਭਾਵ ਹੈ ਕਿ ਮਹੱਲਾ ੪ ਨੂੰ ਮਹੱਲਾ ਚਾਰ ਨਾ ਪੜ੍ਹਿਆ ਜਾਵੇ, ਮਹੱਲਾ ਚਉਥਾ ਪੜ੍ਹਿਆ ਜਾਵੇ। ਨਾਲ ਇਹ ਵੀ ਸਾਬਤ ਹੁੰਦਾ ਹੈ ਕਿ ਜਿ ਇਹ ਮਹੱਲਾ, ਮਹਿਲਾ (ਇਸਤ੍ਰੀ ਰੂਪ ਵਿਚ) ਹੁੰਦਾ, ਤਾਂ ਮਹਲਾ ੪ ਤੋਂ ਬਾਦ ਚਉਥਾ ਦੀ ਜਗ੍ਹਾ ਚਉਥੀ ਲਿਖਿਆ ਹੋਣਾ ਸੀ।

ਸੋਰਠਿ ਮਹਲਾ ੪ ॥ ਆਪੇ ਹੀ ਸਭੁ ਆਪਿ ਹੈ ਪਿਆਰਾ, ਆਪੇ ਥਾਪਿ ਉਥਾਪੈ ॥ ਆਪੇ ਵੇਖਿ ਵਿਗਸਦਾ ਪਿਆਰਾ, ਕਰਿ ਚੋਜ ਵੇਖੈ ਪ੍ਰਭੁ ਆਪੈ ॥ ਆਪੇ ਵਣਿ ਤਿਣਿ ਸਭਤੁ ਹੈ ਪਿਆਰਾ, ਆਪੇ ਗੁਰਮੁਖਿ ਜਾਪੈ ॥੧॥ ਜਪਿ ਮਨ ਹਰਿ ਹਰਿ ਨਾਮ ਰਸਿ ਧ੍ਰਾਪੈ ॥ ਅੰਮ੍ਰਿਤੁ ਨਾਮੁ ਮਹਾ ਰਸੁ ਮੀਠਾ, ਗੁਰ ਸਬਦੀ ਚਖਿ ਜਾਪੈ ॥ਰਹਾਉ॥ ਆਪੇ ਤੀਰਥੁ ਤੁਲਹੜਾ ਪਿਆਰਾ, ਆਪਿ ਤਰੈ ਪ੍ਰਭੁ ਆਪੈ ॥ ਆਪੇ ਜਾਲੁ ਵਤਾਇਦਾ ਪਿਆਰਾ, ਸਭੁ ਜਗੁ ਮਛੁਲੀ ਹਰਿ ਆਪੈ ॥ ਆਪਿ ਅਭੁਲੁ ਨ ਭੁਲਈ ਪਿਆਰਾ, ਅਵਰੁ ਨ ਦੂਜਾ ਜਾਪੈ ॥੨॥ ਆਪੇ ਸਿੰਙੀ ਨਾਦੁ ਹੈ ਪਿਆਰਾ, ਧੁਨਿ ਆਪਿ ਵਜਾਏ ਆਪੈ ॥ ਆਪੇ ਜੋਗੀ ਪੁਰਖੁ ਹੈ ਪਿਆਰਾ, ਆਪੇ ਹੀ ਤਪੁ ਤਾਪੈ ॥ ਆਪੇ ਸਤਿਗੁਰੁ ਆਪਿ ਹੈ ਚੇਲਾ, ਉਪਦੇਸੁ ਕਰੈ ਪ੍ਰਭੁ ਆਪੈ ॥੩॥ ਆਪੇ ਨਾਉ ਜਪਾਇਦਾ ਪਿਆਰਾ, ਆਪੇ ਹੀ ਜਪੁ ਜਾਪੈ ॥ ਆਪੇ ਅੰਮ੍ਰਿਤੁ ਆਪਿ ਹੈ ਪਿਆਰਾ, ਆਪੇ ਹੀ ਰਸੁ ਆਪੈ ॥ ਆਪੇ ਆਪਿ ਸਲਾਹਦਾ ਪਿਆਰਾ, ਜਨ ਨਾਨਕ ਹਰਿ ਰਸਿ ਧ੍ਰਾਪੈ ॥੪॥੩॥

(ਹੇ ਭਾਈ!) ਸਭ ਜਗ੍ਹਾ ਪਿਆਰਾ ਪ੍ਰਭੂ ਆਪ ਹੀ ਆਪ ਹੈ, ਉਹ ਆਪੇ ਜਗਤ ਨੂੰ ਬਣਾ ਕੇ ਢਾਹੁੰਦਾ ਹੈ। ਪਿਆਰਾ ਆਪ ਹੀ (ਜਗਤ ਰਚਨਾ ਨੂੰ) ਦੇਖ ਕੇ ਖੁਸ਼ ਹੁੰਦਾ ਹੈ, ਪ੍ਰਭੂ ਆਪੇ ਕੌਤਕ ਕਰਕੇ ਦੇਖਦਾ ਹੈ। ਪਿਆਰਾ ਪ੍ਰਭੂ ਵਣ ਵਿਚ ਤੇ ਘਾਹ ਵਿਚ ਸਰਬ ਰੂਪ ਆਪ ਹੀ ਹੈ, (ਉਹ ਪ੍ਰਭੂ) ਆਪ ਹੀ ਗੁਰੂ ਦੁਆਰਾ ਜਾਣਿਆ ਜਾਂਦਾ ਹੈ।੧। ਹੇ ਮੇਰੇ ਮਨ! ਹਰਿ ਹਰਿ ਨਾਮ ਜਪ, (ਇਸ ਨਾਮ) ਰਸ ਨਾਲ ਤੂੰ ਰੱਜ ਜਾਵੇਂਗਾ (ਸਭ ਤਰ੍ਹਾਂ ਦੀ ਭੁੱਖ ਮਿਟ ਜਾਏਗੀ)। ਅੰਮ੍ਰਿਤ ਨਾਮ ਰੂਪ ਰਸ ਬਹੁਤ ਮਿੱਠਾ ਹੈ, ਗੁਰੂ ਦੇ ਸ਼ਬਦ ਰਾਹੀਂ ਚਖ ਕੇ (ਨਾਮ ਦਾ ਸੁਆਦ) ਜਾਣਿਆ ਜਾਂਦਾ ਹੈ। ਰਹਾਉ। ਪਿਆਰਾ ਆਪੇ ਦਰਿਆ ਰੂਪ ਹੈ ਤੇ ਆਪੇ (ਦਰਿਆ ਤੋਂ ਪਾਰ ਕਰਨ ਵਾਲਾ) ਤੁਲਹਾ ਰੂਪ ਹੈ ਅਤੇ ਪ੍ਰਭੂ ਆਪੇ ਜੀਵ ਰੂਪ ਹੋ ਕੇ ਤਰਦਾ ਹੈ। ਪਿਆਰਾ ਪ੍ਰਭੂ (ਸੰਸਾਰ ਰੂਪ ਦਰਿਆ ਵਿਚ ਮਾਇਆ ਦਾ ਮੋਹ ਰੂਪ) ਜਾਲ ਆਪ ਹੀ ਸੁੱਟਦਾ ਹੈ, ਹਰੀ ਆਪ ਹੀ (ਜਾਲ ਵਿਚ ਫਸਣ ਵਾਲਾ) ਸਾਰਾ ਜਗਤ ਰੂਪ ਮੱਛੀ ਹੈ। ਪਿਆਰਾ ਪ੍ਰਭੂ ਆਪ ਅਭੁੱਲ ਹੈ, ਕਦੇ ਭੁਲਦਾ ਨਹੀਂ, (ਉਸ ਵਰਗਾ ਅਭੁੱਲ) ਦੂਜਾ ਹੋਰ ਕੋਈ ਨਹੀਂ ਦਿਸਦਾ।੨। ਪਿਆਰਾ ਆਪ ਹੀ (ਜੋਗੀਆਂ ਦੇ ਵਜਾਉਣ ਵਾਲੀ) ਸਿੰਗੀ ਰੂਪ ਹੈ, ਆਪ ਹੀ ਨਾਦ ਰੂਪ ਹੈ, (ਸਿੰਗੀ ਵਿਚੋਂ) ਧੁਨ ਵੀ ਆਪ ਹੀ ਵਜਾਉਂਦਾ ਹੈ। ਸਰਬ ਵਿਆਪਕ ਪਿਆਰਾ ਪ੍ਰਭੂ ਆਪ ਹੀ ਜੋਗੀ ਹੈ ਅਤੇ ਆਪ ਹੀ ਤਪ ਤਾਪਦਾ ਹੈ। ਪ੍ਰਭੂ ਆਪ ਹੀ ਸਤਿਗੁਰੂ ਰੂਪ ਹੈ, ਆਪ ਹੀ ਚੇਲਾ ਰੂਪ ਹੈ, ਆਪ ਹੀ (ਗੁਰੂ ਰੂਪ ਵਿਚ) ਪ੍ਰਭੂ ਉਪਦੇਸ਼ ਕਰਦਾ ਹੈ। ੩। ਪਿਆਰਾ ਆਪੇ (ਜੀਵਾਂ ਤੋਂ) ਨਾਮ ਜਪਾਉਂਦਾ ਹੈ ਅਤੇ (ਜੀਵ ਵਿਚ ਵਸਦਾ ਹੋਣ ਕਰਕੇ) ਆਪ ਹੀ ਅਪਣਾ ਜਾਪ ਜਪਦਾ ਹੈ। ਪਿਆਰਾ ਆਪ ਹੀ ਆਪ ਅੰਮ੍ਰਿਤ ਰੂਪ ਹੈ ਅਤੇ ਆਪ ਹੀ ਨਾਮ ਰਸ ਨੂੰ ਪੀਂਦਾ ਹੈ। ਪ੍ਰਭੂ ਆਪ ਹੀ (ਸੇਵਕ ਰੂਪ ਵਿਚ) ਅਪਣੀ ਸਿਫਤ ਸਲਾਹ ਕਰਦਾ ਹੈ, ਦਾਸ ਨਾਨਕ ਆਖਦਾ ਹੈ ਕਿ ਹਰੀ ਆਪ ਹੀ (ਸੇਵਕ ਰੂਪ ਵਿਚ ਨਾਮ) ਰਸ ਨਾਲ ਰੱਜਦਾ ਹੈ।੪।੩।

ਪਦਾਰਥ = ਸਭੁ–ਸਭ ਜਗ੍ਹਾ। ਥਾਪਿ–ਬਣਾ ਕੇ। ਉਥਾਪੈ–ਢਾਹੁੰਦਾ ਹੈ। ਵਿਗਸਦਾ–ਖੁਸ਼ ਹੁੰਦਾ ਹੈ। ਕਰਿ ਚੋਜ–ਕੌਤਕ ਕਰਕੇ। ਵਣਿ–ਵਣ ਵਿਚ। ਤਿਣਿ–ਘਾਹ ਦੇ ਤੀਲੇ ਵਿਚ। ਸਭਤੁ–ਸਭ ਜਗ੍ਹਾ। ਗੁਰਮੁਖਿ–ਗੁਰੂ ਰਾਹੀਂ। ਜਾਪੈ–ਜਾਣਿਆ ਜਾਂਦਾ ਹੈ।੧। ਰਸਿ–ਰਸ ਨਾਲ । ਧ੍ਰਾਪੈ–ਰੱਜ ਜਾਵੇਂਗਾ। ਗੁਰ ਸਬਦੀ–ਗੁਰੂ ਦੇ ਸ਼ਬਦ ਰਾਹੀਂ। ਚਖਿ–ਚਖ ਕੇ। ਰਹਾਉ। ਤੀਰਥੁ–ਦਰਿਆ (ਦਰਪਣ; ਬਾ.ਪ੍ਰ.)। ਤੁਲਹੜਾ–ਨਦੀ ਪਾਰ ਕਰਨ ਲਈ ਲੱਕੜਾ ਨੂੰ ਰੱਸਿਆਂ ਨਾਲ ਬੰਨ੍ਹ ਕੇ ਬਣਾਇਆ ਬੇੜਾ। ਤਰੈ–ਤਰਦਾ ਹੈ। ਵਤਾਇਦਾ–ਸੁੱਟਦਾ (ਫੈਲਾਉਂਦਾ) ਹੈ। ਅਭੁਲ–ਨਾ ਭੁੱਲਣ ਵਾਲਾ। ਅਵਰੁ–ਹੋਰ।੨। ਸਿੰਙੀ–ਵਲਦਾਰ ਸਿੰਗ ਦਾ ਬਣਿਆ ਵਾਜਾ, ਜੋ ਜੋਗੀ ਵਜਾਉਂਦੇ

ਹਨ।ਨਾਦੁ–(ਸਿੰਗੀ ਦੀ) ਆਵਾਜ ।ਧੁਨਿ–ਸੁਰਾਂ ਦਾ ਆਲਾਪ।ਪੁਰਖੁ–ਸਰਬ ਵਿਆਪਕ ਪ੍ਰਭੂ।ਤਪੁ ਤਾਪੈ–ਤਪ ਤਾਪਦਾ ਹੈ।੩।ਪਿਆਰਾ–ਪਿਆਰਾ ਪ੍ਰਭੂ; ਪਿਆਲਾ (ਸੰ.ਸ.; ਫ.ਸ.)।ਆਪੈ–ਪੀਂਦਾ ਹੈ (ਸੰ.ਸ.; ਫ.ਸ.; ਸੰ.ਪੋ.)।ਸਲਾਹਦਾ–ਸਿਫਤ ਸਲਾਹ ਕਰਦਾ ਹੈ।੪।੩।

ਸੋਰਠਿ ਮਹਲਾ ੪ ॥ ਆਪੇ ਕੰਡਾ ਆਪਿ ਤਰਾਜੀ, ਪ੍ਰਭਿ ਆਪੇ ਤੋਲਿ ਤੋਲਾਇਆ ॥ ਆਪੇ ਸਾਹੁ ਆਪੇ ਵਣਜਾਰਾ, ਆਪੇ ਵਣਜੁ ਕਰਾਇਆ ॥ ਆਪੇ ਧਰਤੀ ਸਾਜੀਅਨੁ ਪਿਆਰੈ, ਪਿਛੈ ਟੰਕੁ ਚੜਾਇਆ ॥੧॥ ਮੇਰੇ ਮਨ ਹਰਿ ਹਰਿ ਧਿਆਇ ਸੁਖੁ ਪਾਇਆ ॥ ਹਰਿ ਹਰਿ ਨਾਮੁ ਨਿਧਾਨੁ ਹੈ ਪਿਆਰਾ, ਗੁਰਿ ਪੂਰੈ ਮੀਠਾ ਲਾਇਆ ॥ਰਹਾਉ॥ ਆਪੇ ਧਰਤੀ ਆਪਿ ਜਲੁ ਪਿਆਰਾ, ਆਪੇ ਕਰੇ ਕਰਾਇਆ ॥ (ਤੀਜੀ ਤੁਕ ਦਾ ਅਰਥ ਪਹਿਲਾਂ ਲੱਗੇਗਾ।ਹੇ ਭਾਈ!) ਉਸ ਪਿਆਰੇ ਪ੍ਰਭੂ ਨੇ ਆਪੇ ਧਰਤੀ ਸਾਜੀ ਹੈ, ਆਪੇ (ਉਸ ਨੇ ਤੱਕੜੀ ਦੇ) ਪਿੱਛੇ ਪੱਲੜੇ ਵਿਚ ਚਾਰ ਮਾਸੇ ਦਾ ਵੱਟਾ ਚੜ੍ਹਾਇਆ ਹੈ।ਪ੍ਰਭੂ ਆਪੇ (ਧਰਤੀ ਨੂੰ ਤੋਲਣ ਵਾਸਤੇ) ਕੰਡਾ ਹੈ, ਆਪ ਹੀ ਤੱਕੜੀ ਹੈ ਅਤੇ ਪ੍ਰਭੂ ਨੇ ਆਪੇ ਹੀ ਵੱਟੇ ਨਾਲ (ਧਰਤੀ ਨੂੰ) ਤੋਲਾਇਆ ਹੈ।(ਸਾਜੀ ਹੋਈ ਧਰਤੀ ਤੇ ਵਣਜ ਕਰਨ ਵਾਲਾ) ਸ਼ਾਹੂਕਾਰ ਆਪ ਹੀ ਹੈ, (ਜੀਵ ਰੂਪ ਹੋ ਕੇ) ਵਪਾਰ ਕਰਨ ਵਾਲਾ ਆਪ ਹੀ ਹੈ ਅਤੇ ਆਪੇ (ਉਸ ਨੇ ਵਿਚ ਪੈ ਕੇ) ਵਪਾਰ ਕਰਾਇਆ ਹੈ।੧।ਹੇ ਮੇਰੇ ਮਨ! (ਜਿਸ ਕਿਸੇ ਮਨੁੱਖ ਨੇ) ਸੁਖ ਪਾਇਆ ਹੈ, ਹਰਿ ਹਰਿ ਨਾਮ ਧਿਆ ਕੇ ਹੀ ਪਾਇਆ ਹੈ।ਪਿਆਰੇ ਪ੍ਰਭੂ ਦਾ ਹਰਿ ਹਰਿ ਨਾਮ (ਸਾਰੇ ਸੁੱਖਾਂ ਦਾ) ਖਜਾਨਾ ਹੈ, ਪੂਰੇ ਗੁਰੂ ਨੇ ਮਿੱਠਾ (ਨਾਮ ਮੈਨੂੰ ਜਪਣ) ਲਗਾ ਦਿਤਾ ਹੈ।ਰਹਾਉ।ਪਿਆਰਾ ਪ੍ਰਭੂ ਆਪ ਹੀ ਧਰਤੀ ਰੂਪ ਹੈ, ਆਪੇ ਜਲ ਰੂਪ ਹੈ ਅਤੇ ਆਪੇ (ਸਭ ਕੁਛ) ਕਰਦਾ ਹੈ ਅਤੇ (ਆਪੇ ਜੀਵਾਂ ਤੋਂ) ਕਰਾ ਰਿਹਾ ਹੈ।

ਅੰਗ ੬੦੬ = ਆਪੇ ਹੁਕਮਿ ਵਰਤਦਾ ਪਿਆਰਾ, ਜਲੁ ਮਾਟੀ ਬੰਧਿ ਰਖਾਇਆ ॥ ਆਪੇ ਹੀ ਭਉ ਪਾਇਦਾ ਪਿਆਰਾ, ਬੰਨਿ ਬਕਰੀ ਸੀਹੁ ਹਢਾਇਆ ॥੨॥ ਆਪੇ ਕਾਸਟ ਆਪਿ ਹਰਿ ਪਿਆਰਾ, ਵਿਚਿ ਕਾਸਟ ਅਗਨਿ ਰਖਾਇਆ ॥ ਆਪੇ ਹੀ ਆਪਿ ਵਰਤਦਾ ਪਿਆਰਾ, ਭੈ ਅਗਨਿ ਨ ਸਕੈ ਜਲਾਇਆ ॥ ਆਪੇ ਮਾਰਿ ਜੀਵਾਇਦਾ ਪਿਆਰਾ, ਸਾਹ ਲੈਦੇ ਸਭਿ ਲਵਾਇਆ ॥੩॥ ਆਪੇ ਤਾਣੁ ਦੀਬਾਣੁ ਹੈ ਪਿਆਰਾ, ਆਪੇ ਕਾਰੈ ਲਾਇਆ ॥ ਜਿਉ ਆਪਿ ਚਲਾਏ ਤਿਉ ਚਲੀਐ ਪਿਆਰੇ, ਜਿਉ ਹਰਿ ਪ੍ਰਭ ਮੇਰੇ ਭਾਇਆ ॥ ਆਪੇ ਜੰਤੀ ਜੰਤੁ ਹੈ ਪਿਆਰਾ, ਜਨ ਨਾਨਕ ਵਜਹਿ ਵਜਾਇਆ ॥੪॥੪॥ ਪਿਆਰਾ ਪ੍ਰਭੂ ਆਪੇ ਅਪਣੇ ਬਣਾਏ ਹੁਕਮ ਰੂਪ ਵਿਚ (ਹਰ ਥਾਂ) ਵਰਤ ਰਿਹਾ ਹੈ ਅਤੇ (ਉਸ ਨੇ) ਪਾਣੀ ਤੇ ਮਿੱਟੀ (ਜਿਹੇ ਵਿਰੋਧੀ ਤੱਤਾਂ) ਨੂੰ ਬੰਨ੍ਹ ਕੇ ਰੱਖਿਆ ਹੋਇਆ।ਪਿਆਰਾ ਪ੍ਰਭੂ ਆਪ ਹੀ (ਸਭ ਵਿਚ ਅਪਣਾ) ਭੈ ਪਾ ਰਿਹਾ ਹੈ, (ਉਸ ਨੇ) ਬੱਕਰੀ ਤੇ ਸ਼ੇਰ ਨੂੰ ਇਕੱਠਾ ਬੰਨ੍ਹ ਕੇ ਫੇਰਿਆ ਹੈ।੨।ਪਿਆਰਾ ਹਰੀ ਆਪ ਹੀ ਲੱਕੜੀ ਰੂਪ ਹੈ, (ਉਸ ਨੇ) ਆਪ ਹੀ ਲੱਕੜੀ ਵਿਚ ਅੱਗ ਨੂੰ ਰੱਖਿਆ ਹੋਇਆ ਹੈ।ਪਿਆਰਾ ਪ੍ਰਭੂ ਆਪ ਹੀ ਆਪ ਵਰਤ ਰਿਹਾ ਹੈ, (ਉਸ ਦੇ) ਭੈ ਕਰ ਕੇ ਅੱਗ (ਲੱਕੜੀ ਦੇ ਅੰਦਰ ਹੁੰਦਿਆਂ ਵੀ) ਲੱਕੜੀ ਨੂੰ ਜਲਾ ਨਹੀਂ ਸਕਦੀ।ਪਿਆਰਾ ਆਪ ਹੀ ਮਾਰ ਕੇ ਜਿਵਾਲਦਾ ਹੈ, ਸਾਰੇ ਜੀਵ ਉਸ ਦੇ ਲਵਾਏ ਸਾਹ ਲੈਂਦੇ ਹਨ (ਸਾਰੇ ਜੀਵ ਸਾਹ ਤਦ ਲੈਂਦੇ ਹਨ, ਜੇ ਉਹ ਦਿਵਾਉਂਦਾ ਹੈ ਭਾਵ ਉਸ ਦੇ ਆਸਰੇ ਜਿਉਂਦੇ ਹਨ)।੩।ਪਿਆਰਾ ਪ੍ਰਭੂ ਆਪ ਹੀ ਤਾਕਤ ਰੂਪ ਹੈ ਤੇ ਆਪ ਹੀ ਤਾਕਤ ਵਰਤਣ ਵਾਲਾ ਹਾਕਮ ਹੈ ਅਤੇ ਆਪੇ ਹੀ (ਉਸ ਨੇ ਸਭ ਜੀਵਾਂ ਨੂੰ) ਕੰਮਾਂ ਧੰਧਿਆਂ ਵਿਚ ਲਾਇਆ ਹੋਇਆ ਹੈ।ਹੇ ਪਿਅਰੇ ਮਿਤ੍ਰ! ਜਿਵੇਂ ਮੇਰੇ ਹਰੀ ਪ੍ਰਭੂ ਨੂੰ ਭਾਉਂਦਾ ਹੈ ਅਤੇ ਜਿਵੇਂ ਪ੍ਰਭੂ ਆਪ (ਸਾਨੂੰ ਸਭ ਨੂੰ) ਚਲਾਉਂਦਾ ਹੈ, ਤਿਵੇਂ ਚਲ ਸਕੀਦਾ ਹੈ।ਪਿਆਰਾ ਪ੍ਰਭੂ ਆਪੇ (ਜੀਵ ਰੂਪ) ਵਾਜਾ ਹੈ ਤੇ ਆਪ ਹੀ (ਜੀਵ ਰੂਪ ਵਾਜਿਆਂ ਨੂੰ) ਵਜਾਉਣ ਵਾਲਾ ਹੈ, ਦਾਸ ਨਾਨਕ ਆਖਦਾ ਹੈ ਕਿ ਸਭ (ਜੀਵ ਰੂਪ) ਵਾਜੇ ਉਸ ਦੇ ਵਜਾਏ ਵਜਦੇ ਹਨ।੪।੪।

ਪਦਾਰਥ = ਆਪੇ–ਆਪ ਹੀ।ਕੰਡਾ–ਭਾਰੀ ਚੀਜਾਂ ਤੋਲਣ ਵਾਸਤੇ ਕੰਡਾ ਹੁੰਦਾ ਹੈ; ਸੋਨਾ ਆਦਿ ਤੋਲਣ ਵਾਸਤੇ ਛੋਟੀ ਤੱਕੜੀ; ਤੱਕੜੀ ਦੀ ਡੰਡੀ ਦੇ ਵਿਚਕਾਰ ਇਕ ਵੱਡੇ ਸੂਏ ਜਿਹੇ ਵਰਗਾ ਕੰਡਾ ਹੁੰਦਾ ਹੈ, ਉਹ ਜਿਆਦਾ ਭਾਰ ਵਾਲੇ ਪਾਸੇ ਝੁਕ ਜਾਂਦਾ ਹੈ।ਤਰਾਜੀ–ਤੱਕੜੀ।ਪ੍ਰਭਿ–ਪ੍ਰਭੂ ਨੇ।ਤੋਲਿ–ਵੱਟੇ ਨਾਲ।ਸਾਹੁ–ਸ਼ਾਹੂਕਾਰ।ਵਣਜਾਰਾ–ਵਪਾਰੀ।ਵਣਜੁ–ਵਪਾਰ।ਸਾਜੀਅਨੁ–ਉਸ ਨੇ ਸਾਜੀ ਹੈ। ਪਿਆਰੈ–ਪਿਆਰੇ ਨੇ।ਪਿਛੈ–(ਤੱਕੜੀ ਦੇ) ਪਿਛਲੇ ਪਲੜੇ ਵਿਚ।ਟੰਕੁ–ਚਾਰ ਮਾਸੇ ਦਾ ਵੱਟਾ।੧।ਮੇਰੇ ਮਨ–ਹੇ ਮੇਰੇ ਮਨ!।ਨਿਧਾਨੁ–ਖਜਾਨਾ।ਗੁਰਿ ਪੂਰੈ–ਪੂਰੇ ਗੁਰੂ ਨੇ।ਰਹਾਉ।ਹੁਕਮਿ–ਹੁਕਮ ਰੂਪ ਵਿਚ।ਜਲੁ ਮਾਟੀ–ਪਾਣੀ ਤੇ ਮਿੱਟੀ (ਸਮੁੰਦਰ ਤੇ ਧਰਤੀ)।ਬੰਧਿ–ਬੰਨ੍ਹ ਕੇ।ਭਉ–ਡਰ।ਬੰਨਿ–ਬੰਨ੍ਹ ਕੇ।ਸੀਹੁ–ਸ਼ੇਰ।ਹਢਾਇਆ–ਫੇਰਿਆ ਹੈ।੨।ਕਾਸਟ–ਲੱਕੜੀ।ਅਗਨਿ–ਅੱਗ।ਮਾਰਿ–ਮਾਰ ਕੇ। ਜੀਵਾਇਦਾ–ਜਿਵਾਲਦਾ ਹੈ।ਸਾਹ–ਸੁਆਸ।੩।ਤਾਣ–ਬਲ; ਤਾਕਤ।ਦੀਬਾਣੁ–ਹਾਕਮ; ਦਰਬਾਰ; ਆਸਰਾ।ਕਾਰੈ–ਕੰਮਾਂ ਕਾਰਾਂ ਵਿਚ ।ਚਲੀਐ–ਚਲ ਸਕੀਦਾ ਹੈ।ਪਿਆਰੇ–ਹੇ ਪਿਆਰੇ ਮਿਤ੍ਰ (ਹੇ ਭਾਈ)!।ਭਾਇਆ–ਚੰਗਾ ਲਗਦਾ ਹੈ।ਜੰਤੀ–ਵਾਜਾ ਵਜਾਉਣ ਵਾਲਾ।

ਜੰਤੁ-(ਜੀਵ ਰੂਪ) ਵਾਜਾ। ਵਜਹਿ ਵਜਾਇਆ-ਵਜਾਏ ਵਜਦੇ ਹਨ।੪।੪।

ਭਾਵ ਅਰਥ = ਰੱਬ ਦੇ ਤੋਲਾਂ ਦੇ ਮੁਕਾਬਲੇ ਧਰਤੀ ਨਿੱਕੀ ਜਿਹੀ ਹੈ, ਧਰਤੀ ਤੇ ਜੀਵ ਜੰਤ ਪੈਦਾ ਕਰਕੇ ਧਰਤੀ ਨੂੰ ਸਫਲ ਕਰ ਦਿਤਾ ਹੈ। ਹੋਰ ਕਿਸੇ ਧਰਤੀ ਤੇ ਜੀਵਨ ਨਹੀਂ ਹੈ, ਇਸ ਧਰਤੀ ਤੇ ਹਵਾ, ਪਾਣੀ ਅੱਗ ਤੇ ਅਕਾਸ਼ ਆਦਿ ਤੱਤ ਪੈਦਾ ਕਰਕੇ ਮਾਨੋ ਇਸ ਧਰਤੀ ਨੂੰ ਪ੍ਰਭੂ ਨੇ ਚਾਰ ਤੱਤ ਰੂਪ ਵੱਟਿਆਂ ਨਾਲ ਤੋਲਿਆ ਹੈ। ਕਿਉਂਕਿ ਜੀਵਨ ਲਈ ਇਹ ਤੱਤ ਜਰੂਰੀ ਹਨ, ਮਿੱਟੀ ਦਾ ਤੱਤ ਤਾਂ ਸਾਰੀਆਂ ਧਰਤੀਆਂ ਤੇ ਹੈ, ਪਰ ਬਾਕੀ ਦੂਜੇ ਤੱਤ ਨਾ ਹੋਣ ਕਰਕੇ ਦੂਜੀਆਂ ਧਰਤੀਆਂ ਤੇ ਜੀਵਨ ਨਹੀਂ। ਇਸ ਕਰਕੇ ਅਪਣੀ ਚੇਤਨ ਸੱਤਾ ਰੂਪ ਤੱਕੜੀ ਦੇ ਇਕ ਪੱਲੜੇ ਵਿਚ ਧਰਤੀ ਨੂੰ ਰੱਖਿਆ ਹੈ ਤੇ ਦੂਜੇ ਪੱਲੜੇ ਵਿਚ ਚਾਰ ਤੱਤ ਰੂਪ ਵੱਟੇ ਰੱਖ ਕੇ ਸਫਲ ਬਣਾ ਦਿਤਾ ਹੈ। ਅਪਣੀ ਤਾਕਤ ਦੀ ਤੱਕੜੀ ਵਿਚ ਸਾਰੀ ਧਰਤੀ ਨੂੰ ਰੱਖਿਆ ਹੋਇਆ ਹੈ। ਪ੍ਰਭੂ ਆਪ ਹੀ ਗੁਰੂ ਰੂਪ ਸ਼ਾਹ ਹੈ, ਆਪ ਹੀ ਸਿੱਖ ਰੂਪ ਵਣਜਾਰਾ ਹੈ ਅਤੇ ਆਪ ਹੀ ਨਾਮ ਰੂਪ ਵਣਜ ਕਰਾਇਆ ਹੈ (ਗੁਰੂ ਰਾਹੀਂ ਸਿੱਖ ਤੋਂ ਨਾਮ ਜਪਾਉਂਦਾ ਹੈ)।੧। ਪਾਣੀ ਧਰਤੀ ਤੋਂ ਜਿਆਦਾ ਹੋਣ ਦੇ ਬਾਵਜੂਦ ਵੀ ਧਰਤੀ ਨੂੰ ਖੋਰ ਨਹੀਂ ਸਕਦਾ, ਕਿਉਂਕਿ ਸਾਰੇ ਤੱਤ ਰੱਬ ਦੇ ਹੁਕਮ ਵਿਚ ਕੰਮ ਕਰਦੇ ਹਨ। ਰੱਬ ਦੇ ਭੈ ਤੇ ਹੁਕਮ ਵਿਚ ਹੋਣ ਕਰਕੇ ਸ਼ੇਰ ਬਕਰੀ ਨੂੰ ਖਾਂਦਾ ਨਹੀਂ। ਧਰਤੀ ਦੇ ਅੰਦਰ ਅੱਗ ਹੈ ਤੇ ਆਲੇ ਦੁਆਲੇ ਪਾਣੀ ਹੈ, ਅੱਗ ਤੇ ਪਾਣੀ ਇਕੱਠੇ ਸੂਰਜ ਦੀ ਪ੍ਰਕਰਮਾ ਕਰਦੇ ਹਨ, ਪਾਣੀ ਅੱਗ ਨੂੰ ਬੁਝਾ ਨਹੀਂ ਸਕਦਾ। ਧਰਤੀ ਬੱਕਰੀ ਦੇ ਰੂਪ ਵਿਚ ਨਿਮ੍ਰਤਾ ਦਾ ਪ੍ਰਤੀਕ ਹੈ ਅਤੇ ਅੱਗ ਹਿੰਸਕ ਸ਼ੇਰ ਦਾ ਪ੍ਰਤੀਕ ਹੈ ਜਾਂ ਪਾਣੀ ਨੂੰ ਵੀ ਸ਼ੇਰ ਕਿਹਾ ਜਾ ਸਕਦਾ ਹੈ ਜੋ ਧਰਤੀ ਨੂੰ ਖੋਰ ਸਕਦਾ ਹੈ। ਪਾਣੀ ਤੇ ਅੱਗ ਦਾ ਧਰਤੀ ਤੇ ਜੋ ਮੇਲ ਕਰਾ ਦਿਤਾ ਹੈ, ਉਹ ਮਾਨੋਂ ਬੱਕਰੀ ਤੇ ਸ਼ੇਰ ਨੂੰ ਇਕੱਠਾ ਬੰਨ੍ਹ ਦਿਤਾ ਹੈ।੨। ਲੱਕੜੀ ਨੂੰ ਲਕੜੀ ਨਾਲ ਘਸਾਇਆਂ ਅੱਗ ਬਲ ਪੈਂਦੀ ਹੈ, ਪਰ ਆਪੇ ਨਹੀਂ ਬਲ ਸਕਦੀ। ਸਰੀਰਾਂ ਅੰਦਰ ਵੀ ਅੱਗ ਹੈ, ਅੱਗ ਨਾਲ ਹੀ ਜੀਵਨ ਹੈ, ਪਰ ਅੱਗ ਸਰੀਰ ਨੂੰ ਸਾੜਦੀ ਨਹੀਂ। ਪ੍ਰਭੂ ਆਪੇ ਜੀਵਤ ਭਾਵ ਤੋਂ ਮਾਰ ਕੇ ਸਿੱਖ ਨੂੰ ਆਤਮਕ ਜੀਵਨ ਬਖਸ਼ਦਾ ਹੈ।੩।

ਸੋਰਠਿ ਮਹਲਾ ੪ ॥ ਆਪੇ ਸ੍ਰਿਸਟਿ ਉਪਾਇਦਾ ਪਿਆਰਾ, ਕਰਿ ਸੂਰਜੁ ਚੰਦੁ ਚਾਨਾਣੁ ॥ ਆਪਿ ਨਿਤਾਣਿਆ ਤਾਣੁ ਹੈ ਪਿਆਰਾ, ਆਪਿ ਨਿਮਾਣਿਆ ਮਾਣੁ ॥ ਆਪਿ ਦਇਆ ਕਰਿ ਰਖਦਾ ਪਿਆਰਾ, ਆਪੇ ਸੁਘੜੁ ਸੁਜਾਣੁ ॥੧॥ ਮੇਰੇ ਮਨ ਜਪਿ ਰਾਮ ਨਾਮੁ ਨੀਸਾਣੁ ॥ ਸਤਸੰਗਤਿ ਮਿਲਿ ਧਿਆਇ ਤੂ ਹਰਿ ਹਰਿ, ਬਹੁੜਿ ਨ ਆਵਣ ਜਾਣੁ ॥ਰਹਾਉ॥ ਆਪੇ ਹੀ ਗੁਣ ਵਰਤਦਾ ਪਿਆਰਾ, ਆਪੇ ਹੀ ਪਰਵਾਣੁ ॥ ਆਪੇ ਬਖਸ ਕਰਾਇਦਾ ਪਿਆਰਾ, ਆਪੇ ਸਚੁ ਨੀਸਾਣੁ ॥ ਆਪੇ ਹੁਕਮਿ ਵਰਤਦਾ ਪਿਆਰਾ, ਆਪੇ ਹੀ ਫੁਰਮਾਣੁ ॥੨॥ ਆਪੇ ਭਗਤਿ ਭੰਡਾਰ ਹੈ ਪਿਆਰਾ, ਆਪੇ ਦੇਵੈ ਦਾਣੁ ॥ ਆਪੇ ਸੇਵ ਕਰਾਇਦਾ ਪਿਆਰਾ, ਆਪਿ ਦਿਵਾਵੈ ਮਾਣੁ ॥ ਆਪੇ ਤਾੜੀ ਲਾਇਦਾ ਪਿਆਰਾ, ਆਪੇ ਗੁਣੀ ਨਿਧਾਨੁ ॥੩॥ ਆਪੇ ਵਡਾ ਆਪਿ ਹੈ ਪਿਆਰਾ, ਆਪੇ ਹੀ ਪਰਧਾਣੁ ॥ ਆਪੇ ਕੀਮਤਿ ਪਾਇਦਾ ਪਿਆਰਾ, ਆਪੇ ਤੁਲੁ ਪਰਵਾਣੁ ॥ ਆਪੇ ਅਤੁਲੁ ਤੁਲਾਇਦਾ ਪਿਆਰਾ, ਜਨ ਨਾਨਕ ਸਦ ਕੁਰਬਾਣੁ ॥੪॥੫॥ (ਹੇ ਭਾਈ!) ਪਿਆਰਾ ਪ੍ਰਭੂ ਆਪੇ ਸ੍ਰਿਸਟੀ ਨੂੰ ਪੈਦਾ ਕਰਦਾ ਹੈ ਅਤੇ ਆਪੇ ਸੂਰਜ ਤੇ ਚੰਦ ਰਚ ਕਰਕੇ (ਸ੍ਰਿਸਟੀ ਵਿਚ) ਚਾਨਣਾ ਕਰਦਾ ਹੈ। ਆਪ ਹੀ ਪ੍ਰਭੂ ਨਿਤਾਣਿਆਂ ਦਾ ਤਾਣ ਹੈ ਅਤੇ ਆਪ ਹੀ ਨਿਮਾਣਿਆਂ ਦਾ ਮਾਣ ਹੈ। ਪਿਆਰਾ ਆਪੇ ਦਇਆ ਕਰਕੇ (ਅਪਣੇ ਸੇਵਕਾਂ ਦੀ) ਰੱਖਿਆ ਕਰਦਾ ਹੈ ਅਤੇ ਆਪ ਹੀ ਸਿਆਣਾ ਅਤੇ ਸਭ ਕੁਝ ਜਾਨਣ ਵਾਲਾ ਹੈ।੧। ਹੇ ਮੇਰੇ ਮਨ! ਰਾਮ ਦਾ ਨਾਮ ਜਪਿਆ ਕਰ, (ਤਾਂ ਜੋ ਤੇਰੇ ਹਿਰਦੇ ਵਿਚ ਸਿਮਰਨ ਦਾ) ਨਿਸ਼ਾਨ ਪੈ ਜਾਵੇ। ਸਤਸੰਗਤ ਵਿਚ ਮਿਲ ਕੇ ਤੂੰ ਹਰਿ ਦਾ ਨਾਮ ਸਿਮਰਿਆ ਕਰ, ਫਿਰ ਮੁੜ ਕੇ ਤੇਰਾ ਆਉਣਾ ਜਾਣਾ (ਜੰਮਣਾ ਮਰਨਾ) ਨਹੀਂ ਹੋਵੇਗਾ। ਰਹਾਉ। ਪ੍ਰਭੂ ਆਪ ਹੀ ਗੁਣ ਰੂਪ ਹੋ ਕੇ ਵਰਤ ਰਿਹਾ ਹੈ, ਆਪ ਹੀ ਗੁਣਾਂ ਨੂੰ ਪ੍ਰਵਾਨ ਕਰਦਾ ਹੈ; (ਰਜੋ ਸਤੋ ਤੇ ਤਮੋ) ਗੁਣ ਰੂਪ ਹੋ ਕੇ ਵਰਤਦਾ ਹੈ ਤੇ ਆਪ ਹੀ (ਤਿੰਨਾਂ ਗੁਣਾਂ ਰਾਹੀਂ ਰਚੀ ਰਚਨਾ ਨੂੰ) ਪ੍ਰਵਾਨ ਕਰਦਾ ਹੈ (ਸੰ.ਸ.; ਫ.ਸ.)। ਪਿਆਰਾ ਆਪ ਹੀ (ਸੇਵਕਾਂ ਉਤੇ ਗੁਰੂ ਪਾਸੋਂ) ਬਖਸ਼ਿਸ਼ ਕਰਾਉਂਦਾ ਹੈ ਅਤੇ ਆਪ ਹੀ ਸੱਚੇ ਹੋਣ ਦੀ ਨਿਸ਼ਾਨੀ ਲਾਉਂਦਾ ਹੈ (ਪਾਪੀਆਂ ਉਤੇ ਆਪ ਹੀ ਬਖਸ਼ਿਸ਼ ਕਰਦਾ ਹੈ, ਜੋ ਸੱਚੇ ਸਾਬਤ ਹੁੰਦੇ ਹਨ, ਉਨ੍ਹਾਂ ਨੂੰ ਸੱਚੇ ਹੋਣ ਦਾ ਨਿਸ਼ਾਨ ਵੀ ਆਪੇ ਲਾਉਂਦਾ ਹੈ)। ਆਪ ਹੀ ਅਪਣੇ ਬਣਾਏ ਹੁਕਮ ਦੁਆਰਾ ਵਰਤਦਾ ਹੈ ਤੇ ਆਪ ਹੀ ਹੁਕਮ ਰੂਪ ਹੈ।੨। ਪਿਆਰਾ ਪ੍ਰਭੂ ਆਪ ਹੀ ਭਗਤੀ ਦਾ ਭੰਡਾਰ ਹੈ ਅਤੇ ਆਪੇ (ਅਪਣੇ ਸੇਵਕਾਂ ਨੂੰ ਭਗਤੀ ਦਾ) ਦਾਨ ਦੇਂਦਾ ਹੈ। ਪਿਆਰਾ ਆਪ ਹੀ (ਸੇਵਕਾਂ ਪਾਸੋਂ) ਸੇਵਾ ਕਰਾਉਂਦਾ ਹੈ ਅਤੇ ਆਪ ਹੀ (ਲੋਕਾਂ ਤੋਂ ਅਪਣੇ ਸੇਵਕਾਂ ਨੂੰ) ਆਦਰ ਦਿਵਾਉਂਦਾ ਹੈ। ਪਿਆਰਾ ਪ੍ਰਭੂ ਆਪ ਹੀ ਸਮਾਧੀ ਲਾਉਂਦਾ ਹੈ ਅਤੇ ਆਪ ਹੀ ਗੁਣਾਂ ਦਾ ਖਜਾਨਾ ਹੈ।੩। ਪਿਆਰਾ ਪ੍ਰਭੂ ਆਪੇ ਆਪ (ਸਭ ਤੋਂ) ਵੱਡਾ ਹੈ ਅਤੇ ਆਪ ਹੀ (ਸਭ ਦਾ) ਪ੍ਰਧਾਨ ਪੁਰਖ ਹੈ। ਪਿਆਰਾ ਪ੍ਰਭੂ ਆਪ ਹੀ (ਬੁੱਧੀ ਰੂਪ) ਤੱਕੜੀ ਹੈ ਤੇ ਆਪ ਹੀ (ਵਿਚਾਰ ਰੂਪ) ਵੱਟਾ ਹੈ ਅਤੇ ਆਪ ਹੀ (ਬੁੱਧੀ ਰੂਪ ਤੱਕੜੀ ਵਿਚ ਪਈ ਵਿਚਾਰ ਰੂਪ ਵਸਤੂ ਦੀ) ਕੀਮਤ ਪਾਉਂਦਾ (ਕਦਰ ਕਰਦਾ) ਹੈ। ਪਿਆਰਾ ਆਪ ਹੀ ਅਤੁੱਲ ਵਸਤੂ ਨੂੰ ਤੋਲ

ਕਰਵਾ ਦੇਂਦਾ ਹੈ (ਸਾਰੀ ਰਚਨਾ ਵੱਡੀ ਹੈ, ਤੋਲੀ ਨਹੀਂ ਜਾ ਸਕਦੀ, ਪ੍ਰਭੂ ਉਸ ਨੂੰ ਵੀ ਤੋਲ ਲੈਂਦਾ ਹੈ), ਦਾਸ ਨਾਨਕ ਪ੍ਰਭੂ ਤੋਂ ਸਦਾ ਕੁਰਬਾਨ ਜਾਂਦਾ ਹੈ।੪।੫।

ਪਦਾਰਥ = ਉਪਾਇਦਾ-ਪੈਦਾ ਕਰਦਾ ਹੈ।ਕਰਿ-ਬਣਾ ਕਰਕੇ।ਚਾਨਾਣੁ-ਚਾਨਣ।ਨਿਤਾਣਿਆ-ਬਲ ਹੀਣ ਲੋਕਾਂ ਦਾ।ਤਾਣੁ-ਤਾਕਤ (ਬਲ)।ਨਿਮਾਣਿਆ-ਜਿਸ ਦਾ ਕੋਈ ਆਦਰ ਨਹੀਂ ਕਰਦਾ, ਉਨ੍ਹਾਂ ਦਾ।ਮਾਣੁ-ਆਦਰ।ਸੁਘੜੁ-ਮਨ ਨੂੰ ਚੰਗੀ ਤਰ੍ਹਾਂ ਘੜਨ ਵਾਲਾ। ਸੁਜਾਣੁ-ਦਿਲ ਦੀਆਂ ਜਾਨਣ ਵਾਲਾ; ਸਿਆਣਾ।੧।ਨੀਸਾਣੁ-ਰਾਹਦਾਰੀ; ਮੁਕਤੀ ਦਾ ਚਿੰਨ੍ਹ (ਜਿਸ ਨੂੰ ਦੇਖ ਕੇ ਜਮ ਛਡ ਦੇਵੇ); ਪ੍ਰਗਟ ।ਬਹੁੜਿ-ਮੁੜ ਦੁਬਾਰਾ।ਆਵਣੁ ਜਾਣੁ-ਆਵਾਗਵਨ (ਜੰਮਣਾ ਮਰਨਾ)।ਰਹਾਉ।ਗੁਣ-ਸ਼ੁੱਭ ਗੁਣ; ਮਾਇਆ ਦੇ ਤਿੰਨ (ਰਜੋ ਸਤੋ ਤੇ ਤਮੋ) ਗੁਣ।ਪਰਵਾਣੁ-ਪ੍ਰਵਾਨ।ਬਖਸ-ਬਖਸ਼ਿਸ਼।ਸਚੁ ਨੀਸਾਣੁ-ਸੱਚੇ ਹੋਣ ਦਾ ਨੀਸ਼ਾਨ।ਹੁਕਮਿ-ਹੁਕਮ ਵਿਚ।ਫੁਰਮਾਣੁ-ਹੁਕਮ।੨। ਭੰਡਾਰ-ਖਜਾਨਾ।ਦੇਵੈ ਦਾਨੁ-ਦਾਨ ਦੇਂਦਾ ਹੈ।ਦਿਵਾਵੈ ਮਾਣੁ-ਆਦਰ ਦਿਵਾਉਂਦਾ ਹੈ।ਤਾੜੀ-ਸਮਾਧੀ।ਗੁਣੀ ਨਿਧਾਨੁ-ਗੁਣਾਂ ਦਾ ਖਜਾਨਾ।੩।ਪਰਧਾਣੁ-ਸਭ ਤੋਂ ਉਚਾ; ਸਰਬ ਸ੍ਰੇਸਟ।ਤੁਲੁ-ਤੱਕੜੀ।ਪਰਵਾਣੁ-ਵੱਟਾ।ਅਤੁਲੁ ਤੁਲਾਇਆ-ਸਾਰੀ ਰਚਨਾ ਇਤਨੀ ਵੱਡੀ ਹੈ, ਜੋ ਕਿਸੇ ਤੋਂ ਤੋਲੀ ਨਹੀਂ ਜਾ ਸਕਦੀ, ਪ੍ਰਭੂ ਉਸ ਨੂੰ ਵੀ ਤੋਲ ਲੈਂਦਾ ਹੈ (ਸੰ.ਪੋ.); ਆਤਮ ਵਿਚਾਰ ਕਰਾਉਂਦਾ ਹੈ, ਜੋ ਤੋਲਿਆ ਨਹੀਂ ਜਾ ਸਕਦਾ (ਫ.ਸ.; ਮ.ਕੋ.)।ਜਨ ਨਾਨਕ-ਦਾਸ ਨਾਨਕ।ਸਦ-ਸਦਾ।੪।੫।

ਸੋਰਠਿ ਮਹਲਾ ੪ ॥ ਆਪੇ ਸੇਵਾ ਲਾਇਦਾ ਪਿਆਰਾ, ਆਪੇ ਭਗਤਿ ਉਮਾਹਾ ॥ ਆਪੇ ਗੁਣ ਗਾਵਾਇਦਾ ਪਿਆਰਾ, ਆਪੇ ਸਬਦਿ ਸਮਾਹਾ ॥ ਆਪੇ ਲੇਖਣਿ ਆਪਿ ਲਿਖਾਰੀ, ਆਪੇ ਲੇਖੁ ਲਿਖਾਹਾ ॥੧॥ ਮੇਰੇ ਮਨ ਜਪਿ ਰਾਮ ਨਾਮੁ ਓਮਾਹਾ ॥ ਅਨਦਿਨੁ ਅਨਦੁ ਹੋਵੈ ਵਡਭਾਗੀ, ਲੈ ਗੁਰਿ ਪੂਰੈ ਹਰਿ ਲਾਹਾ ॥ਰਹਾਉ॥ ਆਪੇ ਗੋਪੀ ਕਾਨੁ ਹੈ ਪਿਆਰਾ, ਬਨਿ ਆਪੇ ਗਊ ਚਰਾਹਾ ॥ ਆਪੇ ਸਾਵਲ ਸੁੰਦਰਾ ਪਿਆਰਾ, ਆਪੇ ਵੰਸੁ ਵਜਾਹਾ ॥ ਕੁਵਲੀਆ ਪੀੜੁ ਆਪਿ ਮਰਾਇਦਾ ਪਿਆਰਾ, ਕਰਿ ਬਾਲਕ ਰੂਪਿ ਪਚਾਹਾ ॥੨॥ ਆਪਿ ਅਖਾੜਾ ਪਾਇਦਾ ਪਿਆਰਾ, ਕਰਿ ਵੇਖੈ ਆਪਿ ਚੋਜਾਹਾ ॥ ਕਰਿ ਬਾਲਕ ਰੂਪ ਉਪਾਇਦਾ ਪਿਆਰਾ, ਚੰਡੂਰੁ ਕੰਸੁ ਕੇਸੁ ਮਾਰਾਹਾ ॥ ਆਪੇ ਹੀ ਬਲੁ ਆਪਿ ਹੈ ਪਿਆਰਾ, ਬਲੁ ਭੰਨੈ ਮੂਰਖ ਮੁਗਧਾਹਾ ॥੩॥ (ਹੇ ਭਾਈ!) ਪਿਆਰਾ ਪ੍ਰਭੂ ਆਪੇ (ਜੀਵਾਂ ਨੂੰ) ਸੇਵਾ ਵਿਚ ਲਾਉਂਦਾ ਹੈ ਅਤੇ ਆਪੇ ਭਗਤੀ ਦਾ ਉਤਸ਼ਾਹ ਬਖਸ਼ਦਾ ਹੈ।ਪਿਆਰਾ ਆਪ ਹੀ ਗੁਣ ਗਾਇਨ ਕਰਾਉਂਦਾ ਹੈ ਅਤੇ ਆਪ ਹੀ (ਭਗਤ ਰੂਪ ਹੋ ਕੇ) ਸ਼ਬਦ ਵਿਚ ਲੀਨ ਹੁੰਦਾ ਹੈ; ਆਪ ਹੀ ਸ਼ਬਦ ਵਿਚ ਸਮਾਇਆ ਹੋਇਆ ਹੈ।ਆਪ ਹੀ ਕਲਮ ਰੂਪ ਹੈ, ਆਪ ਹੀ ਲਿਖਾਰੀ ਰੂਪ ਹੈ ਅਤੇ ਆਪ ਹੀ ਲੇਖ ਲਿਖਵਾਉਂਦਾ ਹੈ।੧।ਹੇ ਮੇਰੇ ਮਨ! ਉਤਸ਼ਾਹ ਨਾਲ ਰਾਮ ਦਾ ਨਾਮ ਜਪ।(ਜਿਹੜਾ) ਵੱਡਭਾਗੀ ਪੁਰਖ (ਨਾਮ ਜਪਦਾ ਹੈ, ਉਸ) ਨੂੰ ਹਰ ਰੋਜ ਅਨੰਦ ਪ੍ਰਾਪਤ ਹੁੰਦਾ ਹੈ, (ਇਸ ਲਈ ਹੇ ਮਨ! ਤੂੰ ਵੀ) ਪੂਰੇ ਗੁਰੂ ਰਾਹੀਂ ਹਰੀ ਦਾ ਨਾਮ ਜਪ ਕੇ ਲੱਹਾ ਖੱਟ ਲੈ।ਰਹਾਉ।ਪਿਆਰਾ ਪ੍ਰਭੂ ਆਪ ਹੀ ਗੋਪੀਆਂ ਰੂਪ ਹੈ, ਆਪ ਹੀ ਕ੍ਰਿਸ਼ਨ ਰੂਪ ਹੈ ਅਤੇ ਆਪ ਹੀ ਬ੍ਰਿੰਦਾਬਨ ਜੰਗਲ ਵਿਚ ਗਊਆਂ ਚਾਰਨ ਵਾਲਾ ਹੈ।ਪਿਆਰਾ ਆਪ ਹੀ ਸਾਂਵਲੇ ਰੰਗ ਵਾਲਾ ਸੁੰਦਰ ਕ੍ਰਿਸ਼ਨ ਹੈ ਅਤੇ ਆਪ ਹੀ ਬੰਸਰੀ ਵਜਾਉਣ ਵਾਲਾ ਹੈ। ਪਿਆਰਾ ਆਪ ਹੀ ਵੱਡੇ ਬਲ ਵਾਲੇ ਹਾਥੀ ਨੂੰ ਮਰਾਉਣ ਵਾਲਾ ਹੈ, (ਆਪ ਹੀ) ਬਾਲਕ ਰੂਪ ਹੋ ਕਰਕੇ (ਹਾਥੀ ਨੂੰ) ਨਾਸ਼ ਕੀਤਾ ਹੈ। ੨।ਪਿਆਰਾ ਆਪ ਹੀ (ਭਲਵਾਨਾਂ ਦਾ) ਪਿੜ ਬੰਨ੍ਹਦਾ ਹੈ ਅਤੇ ਆਪ ਹੀ ਖੇਲ ਤਮਾਸ਼ਾ ਕਰਕੇ ਦੇਖਦਾ ਹੈ।ਪਿਆਰਾ ਪ੍ਰਭੂ ਆਪ ਹੀ ਬਾਲਕ ਦੇ ਰੂਪ ਵਿਚ (ਕ੍ਰਿਸ਼ਨ ਨੂੰ) ਪੈਦਾ ਕਰਕੇ ਚੰਡੂਰ, ਕੰਸ ਤੇ ਕੇਸੀ ਆਦਿ ਦੈਂਤਾਂ ਨੂੰ ਮਾਰਿਆ ਹੈ {ਕੇਸੀ ਕੰਸ ਮਥਨੁ ਜਿਨਿ ਕੀਆ ੮੭੪}।ਪਿਆਰਾ ਆਪ ਹੀ ਤਾਕਤ ਰੂਪ ਹੈ ਅਤੇ ਆਪ ਹੀ ਮਹਾਂ ਮੂਰਖ ਲੋਕਾਂ ਦਾ ਬਲ ਤੋੜ ਦੇਂਦਾ ਹੈ।੩।

ਅੰਗ ੬੦੭ = ਸਭੁ ਆਪੇ ਜਗਤੁ ਉਪਾਇਦਾ ਪਿਆਰਾ, ਵਸਿ ਆਪੇ ਜੁਗਤਿ ਹਥਾਹਾ ॥ ਗਲਿ ਜੇਵੜੀ ਆਪੇ ਪਾਇਦਾ ਪਿਆਰਾ, ਜਿਉ ਪ੍ਰਭੁ ਖਿੰਚੈ ਤਿਉ ਜਾਹਾ ॥ ਜੋ ਗਰਬੈ ਸੋ ਪਚਸੀ ਪਿਆਰੇ, ਜਪਿ ਨਾਨਕ ਭਗਤਿ ਸਮਾਹਾ ॥੪॥੬॥ ਪਿਆਰਾ ਆਪ ਹੀ ਜਗਤ ਨੂੰ ਪੈਦਾ ਕਰਦਾ ਹੈ ਤੇ ਆਪ ਹੀ (ਜੀਵਾਂ ਦੀ) ਜੁਗਤੀ ਅਪਣੇ ਹੱਥ ਵਸ ਵਿਚ ਰਖਦਾ ਹੈ।ਪਿਆਰਾ ਆਪ ਹੀ (ਜੀਵਾਂ ਦੇ) ਗਲ ਵਿਚ ਪ੍ਰਾਲਬਧ ਰੂਪ ਰੱਸੀ ਪਾਉਂਦਾ ਹੈ, ਜਿਵੇਂ ਪ੍ਰਭੂ ਰੱਸੀ ਨੂੰ ਖਿੱਚਦਾ ਹੈ ਤਿਵੇਂ (ਜੀਵ) ਚਲਦੇ ਹਨ।ਜੋ ਮਨੁੱਖ ਗਰਬ ਕਰਦਾ ਹੈ, ਉਹ ਨਾਸ਼ ਹੋ ਜਾਵੇਗਾ, ਨਾਨਕ ਗੁਰੂ ਜੀ ਆਖਦੇ ਹਨ ਕਿ (ਪ੍ਰਭੂ ਦਾ ਸੇਵਕ ਨਾਮ) ਜਪ ਕੇ ਭਗਤੀ ਦੁਆਰਾ ਹਰੀ ਵਿਚ ਸਮਾ ਜਾਂਦਾ ਹੈ।੪।੬।

ਪਦਾਰਥ = ਭਗਤਿ-ਭਗਤੀ ਦਾ।ਉਮਾਹਾ-ਉਤਸ਼ਾਹ।ਗਾਵਾਇਦਾ-ਗਾਇਨ ਕਰਾਉਂਦਾ ਹੈ।ਸਬਦਿ-ਸ਼ਬਦ ਵਿਚ।ਸਮਾਹਾ-ਲੀਨ ਹੁੰਦਾ ਹੈ; ਮਿਲਿਆ ਹੋਇਆ ਹੈ।ਲੇਖਣਿ-ਕਲਮ।ਲਿਖਾਹਾ-ਲਿਖਵਾਉਂਦਾ ਹੈ।੧।ਓਮਾਹਾ-ਉਤਸ਼ਾਹ ਨਾਲ।ਅਨਦਿਨੁ-ਹਰ ਰੋਜ। ਗੁਰਿ ਪੂਰੈ-ਪੂਰੇ ਗੁਰੂ ਰਾਹੀਂ।ਰਹਾਉ।ਗੋਪੀ-ਗੁਆਲਿਆਂ ਦੀਆਂ ਇਸਤ੍ਰੀਆਂ, ਜੋ ਕ੍ਰਿਸ਼ਨ ਨਾਲ ਪ੍ਰੇਮ ਲੀਲ੍ਹਾ ਕਰਦੀਆਂ ਸਨ।ਕਾਨੁ-

ਕ੍ਰਿਸ਼ਨ।ਬਨਿ-ਜੰਗਲ (ਬ੍ਰਿੰਦਾਵਨ)।ਚਰਾਹਾ-ਚਾਰਨ ਵਾਲਾ।ਸਾਵਲ ਸੁੰਦਰ-ਸਾਂਵਲੇ ਰੰਗ ਦਾ ਸੁੰਦਰ ਰੂਪ ਵਾਲਾ ਕ੍ਰਿਸ਼ਨ।ਵੰਸੁ-ਬਾਂਸੁਰੀ।ਵਜਾਹਾ-ਵਜਾਉਣ ਵਾਲਾ।ਕੁਵਲੀਆਪੀੜੁ-(ਪ੍ਰਿਥਵੀ ਦਾ ਸ਼ਿੰਗਾਰ, ਕ੍ਰਿਸ਼ਨ ਨੂੰ ਮਾਰਨ ਵਾਸਤੇ ਕੰਸ ਦਾ ਭੇਜਿਆ) ਮਸਤ ਬਲਵਾਨ ਹਾਥੀ, ਜੋ ਬਾਲਕ ਕ੍ਰਿਸ਼ਨ ਨੇ ਮਾਰ ਦਿਤਾ।ਮਰਾਇਦਾ-ਮਰਵਾਉਂਦਾ ਹੈ।ਪਚਾਹਾ-ਨਾਸ਼ ਕੀਤਾ।੨।ਅਖਾੜਾ-ਪਿੜ (ਜਗਤ ਰੂਪ ਖੇਡ ਅਸਥਾਨ); ਥੀਏਟਰ।ਚੋਜਾਹਾ-ਕੌਤਕ; ਤਮਾਸ਼ੇ।ਉਪਾਇਦਾ-ਪੈਦਾ ਕਰਦਾ ਹੈ।ਚੰਡੂਰੁ-ਕੰਸ ਦਾ ਭਲਵਾਨ (ਜੋ ਕੁਸ਼ਤੀ ਕਰਕੇ ਕ੍ਰਿਸ਼ਨ ਨੂੰ ਮਾਰਨ ਆਇਆ ਸੀ)।ਕੇਸੁ-ਕੇਸੀ ਦੈਂਤ (ਜੋ ਘੋੜੇ ਦੀ ਸ਼ਕਲ ਬਣਾ ਕੇ ਕ੍ਰਿਸ਼ਨ ਨੂੰ ਮਾਰਨ ਆਇਆ, ਕਿਸ਼ਨ ਨੇ ਇਸ ਦੇ ਮੂੰਹ ਵਿਚ ਬਾਂਹ ਪਾ ਕੇ ਮਾਰ ਦਿਤਾ)।ਮਾਰਾਹਾ-ਮਾਰਦਾ ਹੈ।ਬਲੁ-ਤਾਕਤ।ਭੰਨੈ-ਤੋੜਦਾ ਹੈ।ਮੂਰਖ ਮੁਗਧਾਹਾ-ਮਹਾਂ ਮੂਰਖਾਂ ਦਾ।੩।ਉਪਾਇਦਾ-ਪੈਦਾ ਕਰਦਾ ਹੈ।ਵਸਿ-ਵਸ ਵਿਚ।ਜੁਗਤਿ-ਜੀਵਾਂ ਦਾ ਪ੍ਰਬੰਧ।ਹਥਾਹਾ-ਹੱਥ ਵਿਚ।ਗਲਿ-ਗਲ ਵਿਚ।ਜੇਵੜੀ-ਰੱਸੀ। ਖਿੰਚੈ-ਖਿੱਚਦਾ ਹੈ।ਜਾਹਾ-ਚਲਦੇ ਹਨ।ਗਰਬੈ-ਹੰਕਾਰ ਕਰਦਾ ਹੈ।ਸੋ-ਉਹ।ਪਚਸੀ-ਨਾਸ਼ ਹੋ ਜਾਏਗਾ।੪।੬।

ਸੋਰਠਿ ਮਃ ੪ ਦੁਤੁਕੇ ॥ ਅਨਿਕ ਜਨਮ ਵਿਛੁੜੇ ਦੁਖੁ ਪਾਇਆ, ਮਨਮੁਖਿ ਕਰਮ ਕਰੈ ਅਹੰਕਾਰੀ ॥ ਸਾਧੂ ਪਰਸਤ ਹੀ ਪ੍ਰਭੁ ਪਾਇਆ, ਗੋਬਿਦ ਸਰਣਿ ਤੁਮਾਰੀ ॥੧॥ ਗੋਬਿਦ ਪ੍ਰੀਤਿ ਲਗੀ ਅਤਿ ਪਿਆਰੀ ॥ ਜਬ ਸਤ ਸੰਗ ਭਏ ਸਾਧੂ ਜਨ, ਹਿਰਦੈ ਮਿਲਿਆ ਸਾਂਤਿ ਮੁਰਾਰੀ ॥ਰਹਾਉ॥ ਤੂ ਹਿਰਦੈ ਗੁਪਤੁ ਵਸਹਿ ਦਿਨੁ ਰਾਤੀ, ਤੇਰਾ ਭਾਉ ਨ ਬੁਝਹਿ ਗਵਾਰੀ ॥ ਸਤਿਗੁਰੁ ਪੁਰਖੁ ਮਿਲਿਆ ਪ੍ਰਭੁ ਪ੍ਰਗਟਿਆ, ਗੁਣ ਗਾਵੈ ਗੁਣ ਵੀਚਾਰੀ ॥੨॥ ਗੁਰਮੁਖਿ ਪ੍ਰਗਾਸੁ ਭਇਆ ਸਾਤਿ ਆਈ, ਦੁਰਮਤਿ ਬੁਧਿ ਨਿਵਾਰੀ ॥ ਆਤਮ ਬ੍ਰਹਮੁ ਚੀਨਿ ਸੁਖੁ ਪਾਇਆ, ਸਤਸੰਗਤਿ ਪੁਰਖ ਤੁਮਾਰੀ ॥੩॥ ਪੁਰਖੈ ਪੁਰਖੁ ਮਿਲਿਆ ਗੁਰੁ ਪਾਇਆ, ਜਿਨ ਕਉ ਕਿਰਪਾ ਭਈ ਤੁਮਾਰੀ ॥ ਨਾਨਕ ਅਤੁਲੁ ਸਹਜ ਸੁਖੁ ਪਾਇਆ, ਅਨਦਿਨੁ ਜਾਗਤੁ ਰਹੈ ਬਨਵਾਰੀ ॥੪॥੭॥ (ਹੇ ਭਾਈ!) ਮਨਮੁਖ ਹੰਕਾਰੀ ਹੋ ਕੇ ਕਰਮ ਕਰਦਾ ਹੈ, (ਜਿਸ ਕਰਕੇ ਉਸ ਨੇ ਪ੍ਰਭੂ ਤੋਂ) ਵਿਛੜ ਕੇ ਅਨੇਕ ਜਨਮਾਂ ਵਿਚ ਦੁਖ ਪਾਇਆ ਹੈ।(ਪਰ ਗੁਰਮੁਖ ਨੇ) ਸਾਧੂ ਗੁਰੂ ਦੇ ਚਰਨ ਪਰਸਦਿਆਂ ਹੀ ਪ੍ਰਭੂ ਨੂੰ ਪਾ ਲਿਆ, ਹੇ ਗੋਬਿੰਦ! (ਗੁਰੂ ਦੀ ਸ਼ਰਣ ਵਿਚ ਆ ਕੇ ਉਹ) ਤੇਰੀ ਸ਼ਰਣ ਵਿਚ ਆ ਪਿਆ ਹੈ।੧। (ਗੁਰੂ ਦੀ ਸ਼ਰਣ ਵਿਚ ਪੈ ਕੇ) ਗੋਬਿੰਦਾ ਦੀ ਪ੍ਰੀਤ ਬਹੁਤ ਪਿਆਰੀ ਲੱਗਣ ਲਗ ਪਈ ਹੈ।ਜਦ ਸਾਧੂ ਜਨਾਂ ਦੇ ਸਤਸੰਗ ਹੋਏ, ਤਾਂ ਸ਼ਾਂਤੀ ਦੇਣ ਵਾਲਾ ਪ੍ਰਭੂ ਹਿਰਦੇ ਵਿਚੋਂ ਹੀ ਮਿਲ ਪਿਆ।ਰਹਾਉ।(ਹੇ ਪ੍ਰਭੂ!) ਤੂੰ ਦਿਨ ਰਾਤ (ਹਰ ਇਕ ਜੀਵ ਦੇ) ਹਿਰਦੇ ਵਿਚ ਗੁਪਤ ਵਸਦਾ ਹੈਂ, ਪਰ ਮੂਰਖ ਲੋਕ (ਅਪਣੇ ਹਿਰਦੇ ਵਿਚ) ਤੇਰੀ ਹੋਂਦ ਨੂੰ ਨਹੀਂ ਸਮਝਦੇ।(ਜਿਸ ਮਨੁੱਖ ਨੂੰ) ਸਤਿਗੁਰੂ ਪੁਰਖ ਮਿਲ ਪਿਆ ਹੈ, (ਉਸ ਦੇ ਹਿਰਦੇ ਵਿਚ) ਪ੍ਰਭੂ ਪ੍ਰਗਟ ਹੋ ਗਿਆ ਹੈ, (ਫਿਰ ਉਹ ਪ੍ਰਭੂ ਦੇ) ਗੁਣ ਗਾਉਂਦਾ ਹੈ ਤੇ ਗੁਣਾਂ ਦੀ ਵਿਚਾਰ ਕਰਦਾ ਹੈ।੨।(ਉਸ ਦੇ ਅੰਦਰ) ਗੁਰੂ ਦੁਆਰਾ ਚਾਨਣ ਹੋ ਗਿਆ, (ਜਿਸ ਕਰਕੇ) ਮਨ ਵਿਚ ਸ਼ਾਂਤੀ ਆ ਗਈ ਅਤੇ (ਉਸ ਨੇ ਅਪਣੇ ਅੰਦਰੋਂ) ਖੋਟੀ ਮੱਤ ਵਾਲੀ ਬੁੱਧੀ ਦੂਰ ਕਰ ਲਈ ਹੈ।ਹੇ ਅਕਾਲ ਪੁਰਖ! ਤੇਰੀ ਸਤਸੰਗਤ ਕਰਕੇ (ਉਸ ਨੇ ਅਪਣੀ) ਆਤਮਾ ਤੇ ਬ੍ਰਹਮ ਨੂੰ ਇਕ ਰੂਪ ਪਛਾਣ ਕੇ ਸੁਖ ਪਾਇਆ ਹੈ।੩।(ਹੇ ਪ੍ਰਭੂ!) ਜਿਨ੍ਹਾਂ ਮਨੁੱਖਾਂ ਉਤੇ ਤੇਰੀ ਕ੍ਰਿਪਾ ਹੋਈ ਹੈ, (ਉਨ੍ਹਾਂ ਨੂੰ) ਗੁਰੂ ਪ੍ਰਾਪਤ ਹੋਇਆ ਹੈ (ਫਿਰ ਗੁਰੂ ਦੁਆਰਾ ਉਨ੍ਹਾਂ) ਪੁਰਖਾਂ ਨੂੰ ਅਕਾਲ ਪੁਰਖ ਮਿਲ ਗਿਆ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਉਸ ਮਨੁੱਖ ਨੇ) ਆਤਮ ਮੰਡਲ
ਦਾ ਨਾ ਤੋਲੇ ਜਾਣ ਵਾਲਾ ਕੁਦਰਤੀ ਸੁਖ ਪਾਇਆ ਹੈ, ਜੋ ਹਰ ਰੋਜ ਪ੍ਰਭੂ ਦੇ ਸਿਮਰਨ ਵਿਚ ਜਾਗਦਾ ਰਹਿੰਦਾ ਹੈ।੪।੭।

ਪਦਾਰਥ = ਦੁਤੁਕੇ-ਦੋ ਤੁਕਾਂ ਵਾਲੇ ਸ਼ਬਦ।ਅਨਿਕ-ਅਣ ਗਿਣਤ।ਕਰਮ-ਧਾਰਮਕ ਕਰਮ।ਸਾਧੂ-ਸਭ ਤੋਂ ਸ੍ਰੇਸਟ ਗੁਰੂ; ਪੂਰਨ ਗੁਰੂ।ਪਰਸਤ-(ਚਰਨ) ਛੋਹਦਿਆਂ।੧।ਅਤਿ-ਬਹੁਤ।ਸਤ ਸੰਗ-ਸਤ ਸੰਗਤ।ਸਾਂਤਿ ਮੁਰਾਰੀ-ਸ਼ਾਂਤੀ ਦੇਣ ਵਾਲਾ ਪ੍ਰਭੂ।ਰਹਾਉ। ਹਿਰਦੈ-ਹਿਰਦੇ ਵਿਚ।ਭਾਉ-ਮੌਜੂਦਗੀ; ਹੋਂਦ।ਨ ਬੁਝਹਿ-ਨਹੀਂ ਸਮਝਦੇ।ਗਵਾਰੀ-ਮੂਰਖ ਲੋਕ।ਵਿਚਾਰੀ-ਵਿਚਾਰਦਾ ਹੈ; ਵਿਚਾਰਵਾਨ।੨। ਗੁਰਮੁਖਿ-ਗੁਰੂ ਦੁਆਰਾ।ਭਇਆ-ਹੋ ਗਿਆ।ਦੁਰਮਤਿ ਬੁਧਿ-ਖੋਟੀ ਮੱਤ ਵਾਲੀ ਅਕਲ।ਨਿਵਾਰੀ-ਦੂਰ ਕਰ ਲਈ।ਚੀਨਿ-ਪਛਾਣ ਕੇ।ਪੁਰਖ-ਹੇ ਅਕਾਲ ਪੁਰਖ।੩।ਪੁਰਖੈ-ਉਨ੍ਹਾਂ ਮਨੁੱਖਾਂ ਨੂੰ।ਪੁਰਖ-ਅਕਾਲ ਪੁਰਖ।ਜਿਨ ਕਉ-ਜਿਨ੍ਹਾਂ ਨੂੰ (ਉਤੇ)।ਭਈ-ਹੋਈ। ਅਤੁਲ-ਬੇਅੰਤ; ਨਾ ਤੋਲਿਆ ਜਾਣ ਵਾਲਾ।ਸਹਜ ਸੁਖੁ-ਆਤਮ ਮੰਡਲ ਦਾ ਕੁਦਰਤੀ ਸੁਖ।ਅਨਦਿਨੁ-ਹਰ ਰੋਜ।ਜਾਗਤ ਰਹੈ-ਜਾਗਦੇ ਰਹਿੰਦੇ ਹਨ।ਬਨਵਾਰੀ-ਸੰਸਾਰ ਬਨ ਦਾ ਮਾਲੀ ਪ੍ਰਭੂ; ਸਾਰੀ ਬਨਸਪਤੀ ਜਿਸ ਦੀ ਮਾਲਾ ਹੈ।੪।੭।

ਸੋਰਠਿ ਮਹਲਾ ੪ ॥ ਹਰਿ ਸਿਉ ਪ੍ਰੀਤਿ ਅੰਤਰੁ ਮਨੁ ਬੇਧਿਆ, ਹਰਿ ਬਿਨੁ ਰਹਣੁ ਨ ਜਾਈ ॥ ਜਿਉ ਮਛੁਲੀ ਬਿਨੁ ਨੀਰੈ ਬਿਨਸੈ, ਤਿਉ ਨਾਮੈ ਬਿਨੁ ਮਰਿ ਜਾਈ ॥੧॥ ਮੇਰੇ ਪ੍ਰਭ ਕਿਰਪਾ ਜਲੁ ਦੇਵਹੁ ਹਰਿ ਨਾਈ ॥ ਹਉ ਅੰਤਰਿ ਨਾਮੁ ਮੰਗਾ ਦਿਨ ਰਾਤੀ, ਨਾਮੇ ਹੀ ਸਾਂਤਿ ਪਾਈ ॥ਰਹਾਉ॥ ਜਿਉ ਚਾਤ੍ਰਿਕੁ ਜਲ ਬਿਨੁ ਬਿਲਲਾਵੈ, ਬਿਨੁ ਜਲ ਪਿਆਸ ਨ ਜਾਈ ॥ ਗੁਰਮੁਖਿ ਜਲੁ ਪਾਵੈ ਸੁਖ ਸਹਜੇ,

ਹਰਿਆ ਭਾਇ ਸੁਭਾਈ ॥੨॥ ਮਨਮੁਖ ਭੁਖੇ ਦਹਦਿਸ ਡੋਲਹਿ, ਬਿਨੁ ਨਾਵੈ ਦੁਖੁ ਪਾਈ ॥ ਜਨਮਿ ਮਰੈ ਫਿਰਿ ਜੋਨੀ ਆਵੈ, ਦਰਗਹ ਮਿਲੈ ਸਜਾਈ ॥੩॥ ਕ੍ਰਿਪਾ ਕਰਹਿ ਤਾ ਹਰਿ ਗੁਣ ਗਾਵਹ, ਹਰਿ ਰਸੁ ਅੰਤਰਿ ਪਾਈ ॥ ਨਾਨਕ ਦੀਨ ਦਇਆਲ ਭਏ ਹੈ, ਤ੍ਰਿਸਨਾ ਸਬਦਿ ਬੁਝਾਈ ॥੪॥੮॥ (ਹੇ ਭਾਈ!) ਹਰੀ ਨਾਲ ਪ੍ਰੀਤ ਹੋਣ ਕਰਕੇ ਮੇਰਾ ਅੰਦਰਲਾ ਮਨ ਵਿੰਨਿਆ ਗਿਆ ਹੈ, (ਹੁਣ ਮੈਥੋਂ) ਹਰੀ ਤੋਂ ਬਿਨਾ ਰਿਹਾ ਨਹੀਂ ਜਾਂਦਾ। ਜਿਵੇਂ ਮੱਛੀ ਪਾਣੀ ਤੋਂ ਬਿਨਾ ਮਰ ਜਾਂਦੀ ਹੈ, ਤਿਵੇਂ ਨਾਮ ਤੋਂ ਬਿਨਾ (ਮੇਰਾ ਆਤਮਕ ਜੀਵਨ) ਮਰ ਜਾਂਦਾ ਹੈ।੧। ਹੇ ਮੇਰੇ ਪ੍ਰਭੂ! ਮੈਨੂੰ ਕ੍ਰਿਪਾ ਕਰਕੇ ਹਰੀ ਨਾਮ ਰੂਪ ਜਲ ਦੇਵੋ। ਮੈਂ ਹਿਰਦੇ ਦੇ ਅੰਦਰ ਤੋਂ ਦਿਨ ਰਾਤ ਤੇਰਾ ਨਾਮ ਮੰਗਦਾ ਹਾਂ, (ਕਿਉਂਕਿ) ਨਾਮ ਤੋਂ ਹੀ ਸ਼ਾਂਤੀ ਪਾਈ ਜਾਂਦੀ ਹੈ। ਰਹਾਉ। ਜਿਵੇਂ ਚਾਤ੍ਰਿਕ ਪਾਣੀ ਦੀ ਸ੍ਵਾਂਤੀ ਬੂੰਦ ਤੋਂ ਬਿਨਾ (ਦੁਖੀ ਹੋ ਕੇ) ਵਿਰਲਾਪ ਕਰਦਾ ਹੈ, (ਕਿਉਂਕਿ) ਜਲ ਤੋਂ ਬਿਨਾ (ਉਸ ਪਪੀਹੇ ਦੀ) ਪਿਆਸ ਨਹੀਂ ਜਾਂਦੀ। (ਤਿਵੇਂ ਜੋ ਮਨੁੱਖ) ਗੁਰੂ ਦੁਆਰਾ ਨਾਮ ਜਲ ਪ੍ਰਾਪਤ ਕਰ ਲੈਂਦਾ ਹੈ, ਉਹ ਆਤਮਕ ਸੁਖ ਵਿਚ ਸੁਭਾਵਕ ਭਾਵ ਨਾਲ (ਕੁਦਰਤੀ ਤੌਰ ਤੇ) ਹਰਾ ਭਰਾ ਹੋ (ਖਿੜ) ਜਾਂਦਾ ਹੈ।੨। (ਮਾਇਆ ਦੇ) ਭੁੱਖੇ ਮਨਮੁਖ ਲੋਕ ਦਸੇ ਦਿਸ਼ਾਵਾ ਵਿਚ ਭਟਕਦੇ ਰਹਿੰਦੇ ਹਨ, ਹਰੀ ਦੇ ਨਾਮ ਤੋਂ ਬਿਨਾ ਦੁਖ ਪਾਉਂਦੇ ਹਨ। (ਉਹ) ਜਨਮ ਲੈ ਕੇ ਮਰਦੇ ਰਹਿੰਦੇ ਹਨ ਤੇ ਮੁੜ ਮੁੜ ਜੋਨੀਆਂ ਵਿਚ ਆਉਂਦੇ ਹਨ, ਦਰਗਾਹ ਵਿਚ ਵੀ (ਉਨ੍ਹਾਂ ਨੂੰ) ਸਜਾ ਮਿਲਦੀ ਹੈ।੩। ਹੇ ਹਰੀ! ਜੇ ਤੂੰ ਆਪ ਕ੍ਰਿਪਾ ਕਰੇਂ ਤਾਂ ਅਸੀਂ ਤੇਰੇ ਗੁਣ ਗਾ ਸਕਦੇ ਹਾਂ ਅਤੇ ਹਰੀ ਦਾ ਨਾਮ ਰਸ ਹਿਰਦੇ ਅੰਦਰ ਪ੍ਰਾਪਤ ਕਰ ਸਕਦੇ ਹਾਂ। ਨਾਨਕ ਗਰੀਬ ਉਤੇ ਪ੍ਰਭੂ ਜੀ ਦਿਆਲ ਹੋਏ ਹਨ, (ਉਸ ਨੇ ਅਪਣੇ) ਸ਼ਬਦ ਦੁਆਰਾ (ਮੇਰੀ) ਤ੍ਰਿਸ਼ਨਾ ਬੁਝਾ ਦਿਤੀ ਹੈ।੪।੮।

ਪਦਾਰਥ = ਹਰਿ ਸਿਉ–ਹਰੀ ਨਾਲ। ਅੰਤਰੁ–ਅੰਤਹਕਰਣ; ਮਨ। ਬੇਧਿਆ–ਪ੍ਰੋਇਆ (ਜੁੜ; ਸਿਉਂਤਾ) ਗਿਆ। ਬਿਨੁ ਨੀਰੈ–ਪਾਣੀ ਤੋਂ ਬਿਨਾ। ਬਿਨਸੈ–ਮਰ ਜਾਂਦੀ ਹੈ।੧। ਪ੍ਰਭ–ਹੇ ਪ੍ਰਭੂ!। ਨਾਈ–ਨਾਮ। ਹਉ–ਮੈਂ। ਰਹਾਉ। ਚਾਤ੍ਰਿਕੁ–ਪਪੀਹਾ। ਬਿਲਲਾਵੈ–ਦੁਖੀ ਹੋਇਆ ਕੁਰਲਾਉਂਦਾ ਹੈ। ਗੁਰਮੁਖਿ–ਗੁਰੂ ਦੁਆਰਾ। ਸੁਖ ਸਹਜੇ–ਆਤਮਕ ਅਨੰਦ ਵਿਚ। ਹਰਿਆ–ਹਰਾ ਭਰਾ ਹੋ ਜਾਂਦਾ ਹੈ। ਭਾਇ ਸੁਭਾਈ–ਸੁਭਾਵਕ ਭਾਵ ਨਾਲ; ਕੁਦਰਤੀ ਤੌਰ ਤੇ।੨। ਦਹਦਿਸ–ਦਸੇ ਪਾਸੇ (ਸਾਰੀ ਦੁਨੀਆਂ ਵਿਚ)। ਡੋਲਹਿ–ਭਟਕਦੇ ਫਿਰਦੇ ਹਨ। ਪਾਈ–ਪਾਉਂਦਾ ਹੈ। ਫਿਰਿ–ਮੁੜ ਮੁੜ। ਸਜਾਈ–ਸਜਾ।੩। ਗਾਵਹ–ਗਾ ਸਕਦੇ ਹਾਂ। ਰਸੁ–ਸੁਆਦ (ਅਨੰਦ)। ਪਾਈ–ਪਾ ਸਕਦੇ ਹਾਂ। ਦੀਨ–ਗਰੀਬ; ਨਿਮਾਣਾ। ਭਏ ਹੈ–ਹੋਏ ਹਨ। ਸਬਦਿ–ਸ਼ਬਦ (ਨਾਮ) ਦੁਆਰਾ। ਬੁਝਾਈ–ਬੁਝਾ (ਮਿਟਾ) ਦਿਤੀ।੪।੮।

ਸੋਰਠਿ ਮਹਲਾ ੪ ਪੰਚਪਦਾ ॥ ਅਚਰੁ ਚਰੈ ਤਾ ਸਿਧਿ ਹੋਈ, ਸਿਧੀ ਤੇ ਬੁਧਿ ਪਾਈ ॥ ਪ੍ਰੇਮ ਕੇ ਸਰ ਲਾਗੇ ਤਨ ਭੀਤਰਿ, ਤਾ ਭ੍ਰਮੁ ਕਾਟਿਆ ਜਾਈ ॥੧॥ ਮੇਰੇ ਗੋਬਿਦ, ਅਪੁਨੇ ਜਨ ਕਉ ਦੇਹਿ ਵਡਿਆਈ ॥ ਗੁਰਮਤਿ ਰਾਮ ਨਾਮੁ ਪਰਗਾਸਹੁ ,ਸਦਾ ਰਹਹੁ ਸਰਣਾਈ ॥ਰਹਾਉ॥ ਇਹੁ ਸੰਸਾਰੁ ਸਭੁ ਆਵਣ ਜਾਣਾ, ਮਨ ਮੂਰਖ ਚੇਤਿ ਅਜਾਣਾ ॥ ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ ,ਤਾ ਹਰਿ ਨਾਮਿ ਸਮਾਣਾ ॥੨॥ ਜਿਸ ਕੀ ਵਥੁ ਸੋਈ ਪ੍ਰਭੁ ਜਾਣੈ, ਜਿਸ ਨੋ ਦੇਇ ਸੁ ਪਾਏ ॥ ਵਸਤੁ ਅਨੂਪ ਅਤਿ ਅਗਮ ਅਗੋਚਰ, ਗੁਰੁ ਪੂਰਾ ਅਲਖੁ ਲਖਾਏ ॥੩॥ (ਹੇ ਭਾਈ!) ਨਾ ਖਾਧੇ ਜਾਣ ਵਾਲੇ ਕਾਮ ਆਦਿਕ ਵਿਕਾਰਾਂ ਨੂੰ ਖਾ ਲਵੇ, ਤਾਂ (ਆਤਮਕ ਜੀਵਨ ਵਿਚ) ਸਫਲਤਾ ਹੁੰਦੀ ਹੈ, (ਇਸ) ਸਫਲਤਾ ਤੋਂ ਬਿਬੇਕ ਬੁਧੀ ਪ੍ਰਾਪਤ ਹੁੰਦੀ ਹੈ {ਅਚਰੁ ਚਰੈ ਬਿਬੇਕ ਬੁਧਿ ਪਾਏ ਪੁਰਖੈ ਪੁਰਖੁ ਮਿਲਾਇ ੧੨੨੬}। (ਜਦ ਹਰੀ ਦੇ) ਪ੍ਰੇਮ ਰੂਪ ਤੀਰ ਸਰੀਰ ਦੇ ਅੰਦਰ (ਹਿਰਦੇ ਵਿਚ) ਲਗਦੇ ਹਨ ਤਾਂ ਭਰਮ ਕੱਟਿਆ ਜਾਂਦਾ ਹੈ।੧। ਹੇ ਮੇਰੇ ਗੋਬਿੰਦ! ਅਪਣੇ ਸੇਵਕ ਨੂੰ ਵਡਿਆਈ ਦੇਹ। ਗੁਰੂ ਦੀ ਮੱਤ ਦੁਆਰਾ ਰਾਮ ਦਾ ਨਾਮ ਪ੍ਰਗਟ ਕਰ ਦੇਹ ਅਤੇ (ਮੇਰੇ ਤੇ ਕ੍ਰਿਪਾ ਕਰ ਕਿ) ਮੈਂ ਸਦਾ ਤੇਰੀ ਸਰਣ ਵਿਚ ਟਿਕਿਆ ਰਹਾਂ। ਰਹਾਉ। ਇਹ ਸਾਰਾ ਸੰਸਾਰ ਆਉਂਦਾ ਜਾਂਦਾ (ਜੰਮਦਾ ਮਰਦਾ) ਰਹਿੰਦਾ ਹੈ, ਹੇ ਮੂਰਖ ਤੇ ਅਨਜਾਣ ਮਨ! (ਜਨਮ ਮਰਨ ਤੋਂ ਬਚਣ ਲਈ ਤੂੰ ਪ੍ਰਭੂ ਨੂੰ) ਚੇਤੇ ਕਰ। (ਹੇ ਮਨ! ਇਉਂ ਅਰਦਾਸ ਕਰ ਕਿ) ਹੇ ਹਰਿ ਜੀਉ! (ਮੇਰੇ ਤੇ) ਕ੍ਰਿਪਾ ਕਰੋ, ਮੈਨੂੰ ਗੁਰੂ ਮਿਲਾ ਦਿਓ, ਤਾਂ ਮੈਂ ਹੇ ਹਰੀ! ਨਾਮ ਵਿਚ ਸਮਾਇਆ ਰਹਾਂਗਾ।੨। ਜਿਸ ਪ੍ਰਭੂ ਦੀ (ਮਲਕੀਅਤ ਇਹ ਨਾਮ ਰੂਪ) ਵਸਤੂ ਹੈ, ਉਹ ਪ੍ਰਭੂ ਹੀ ਜਾਣਦਾ ਹੈ (ਕਿ ਇਹ ਕਿਸ ਨੂੰ ਦੇਣੀ ਹੈ), ਜਿਸ ਮਨੁੱਖ ਨੂੰ (ਉਹ ਨਾਮ ਦੀ ਦਾਤ) ਦੇਂਦਾ ਹੈ, ਉਹ ਪ੍ਰਾਪਤ ਕਰਦਾ ਹੈ। (ਇਹ) ਵਸਤੂ ਬਹੁਤ ਸੁੰਦਰ ਹੈ (ਜਿਸ ਦੀ ਉਪਮਾ ਨਹੀਂ ਹੋ ਸਕਦੀ), ਮਨ ਦੀ ਪਹੁੰਚ ਤੋਂ ਪਰੇ ਹੈ, ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਹੈ, ਪੂਰਾ ਗੁਰੂ ਅਜੇਹੀ ਨਾ ਸਮਝ ਆਉਣ ਵਾਲੀ ਵਸਤੂ ਨੂੰ ਸਮਝਾ ਦੇਂਦਾ ਹੈ।੩।

ਅੰਗ ੬੦੮ = ਜਿਨਿ ਇਹ ਚਾਖੀ ਸੋਈ ਜਾਣੈ, ਗੂੰਗੇ ਕੀ ਮਿਠਿਆਈ ॥ ਰਤਨੁ ਲੁਕਾਇਆ ਲੂਕੈ ਨਾਹੀ, ਜੇ ਕੋ ਰਖੈ ਲੁਕਾਈ ॥੪॥ ਸਭੁ ਕਿਛੁ ਤੇਰਾ ਤੂ ਅੰਤਰਜਾਮੀ, ਤੂ ਸਭਨਾ ਕਾ ਪ੍ਰਭੁ ਸੋਈ ॥ ਜਿਸ ਨੋ ਦਾਤਿ ਕਰਹਿ ਸੋ ਪਾਏ, ਜਨ ਨਾਨਕ ਅਵਰੁ ਨ ਕੋਈ ॥੫ ॥੯॥ ਜਿਸ ਮਨੁੱਖ ਨੇ ਇਹ (ਵਸਤੂ) ਖਾਧੀ ਹੈ, ਉਹ ਹੀ (ਇਸ ਦਾ ਸੁਆਦ) ਜਾਣਦਾ ਹੈ, ਜਿਵੇਂ ਗੂੰਗੇ ਦੀ ਮਿਠਿਆਈ (ਖਾਧੀ

ਦਾ ਸੁਆਦ ਗੂੰਗਾ ਮਹਿਸੂਸ ਤਾਂ ਕਰਦਾ ਹੈ, ਪਰ ਉਸ ਦਸ ਨਹੀਂ ਸਕਦਾ)।ਜੇ ਕੋਈ ਪੁਰਖ (ਪ੍ਰਾਪਤ ਹੋਏ ਨਾਮ ਰਤਨ ਨੂੰ) ਲੁਕਾ ਕੇ ਰੱਖਣਾ ਚਾਹੇ ਤਾਂ ਨਾਮ ਰੂਪ ਰਤਨ ਲੁਕਾਇਆ ਲੁਕ ਨਹੀਂ ਸਕਦਾ (ਉਸ ਦੇ ਉਚੇ ਸੁੱਚੇ ਜੀਵਨ ਤੋਂ ਇਸ ਦੀ ਝਲਕ ਦਾ ਪਤਾ ਲਗ ਜਾਂਦਾ ਹੈ)।੪।ਹੇ ਪ੍ਰਭੂ! ਸਭ ਕੁਛ ਤੇਰਾ ਹੈ (ਜਗਤ ਵਿਚ ਸਭ ਚੀਜਾਂ ਦਾ ਮਾਲਕ ਤੂੰ ਹੈਂ), ਤੂੰ ਸਭ ਜੀਵਾਂ ਦੇ ਅੰਦਰ ਦੀ ਜਾਨਣ ਵਾਲਾ ਹੈਂ, ਹੇ ਪ੍ਰਭੂ! ਤੂੰ ਸਭ ਜੀਵਾਂ ਦੀ ਖਬਰ ਸਾਰ ਲੈਣ ਵਾਲਾ ਹੈਂ।ਦਾਸ ਨਾਨਕ ਆਖਦਾ ਹੈ ਕਿ (ਹੇ ਪ੍ਰਭੂ!) ਜਿਸ ਮਨੁੱਖ ਨੂੰ ਤੂੰ ਨਾਮ ਦੀ ਦਾਤ ਬਖਸ਼ਿਸ਼ ਕਰਦਾ ਹੈਂ, ਉਹ ਪ੍ਰਾਪਤ ਕਰਦਾ ਹੈ, ਹੋਰ ਕੋਈ (ਮਨੁੱਖ ਪ੍ਰਾਪਤ) ਨਹੀਂ ਕਰ ਸਕਦਾ।੫।੯।

ਪਦਾਰਥ = ਪੰਚਪਦਾ-(ਕਈ ਬੀੜਾਂ ਵਿਚ 'ਪੰਚਪਦ' ਵੀ ਲਿਖਿਆ ਮਿਲਦਾ ਹੈ) ਪੰਜ ਪਦਿਆਂ ਵਾਲਾ ਸ਼ਬਦ।ਅਚਰੁ-ਅਵਿਦਿਆ (ਮ. ਕੋ.)।ਚਰੈ-ਚਰ ਲਵੇ (ਖਾ ਲਵੇ; ਵਸ ਵਿਚ ਕਰ ਲਵੇ); ਜਿੱਤ ਲਵੇ।ਤਾ-ਤਾਂ; ਤਦ।ਸਿਧਿ-ਸਫਲਤਾ; ਨਾਮ ਬਾਣੀ ਦੇ ਅਭਿਆਸ ਕਰਕੇ ਪੈਦਾ ਹੋਈ ਆਤਮ ਸ਼ਕਤੀ (ਸ਼ਬਦਾਰਥ)।ਸਿਧੀ-ਸਫਲਤਾ।ਤੇ-ਤੋਂ।ਬੁਧਿ-ਅਕਲ (ਗਿਆਨ)।ਸਰ-ਤੀਰ।ਤਨ ਭੀਤਰਿ-ਸਰੀਰ ਦੇ ਅੰਦਰ (ਹਿਰਦੇ ਵਿਚ)।੧।ਗੋਬਿਦ-ਹੇ ਗੋਬਿੰਦ!।ਜਨ ਕਉ-ਸੇਵਕ ਨੂੰ।ਗੁਰਮਤਿ-ਗੁਰੂ ਦੀ ਮੱਤ ਦੁਆਰਾ। ਪਰਗਾਹੁ-ਪਰਗਟ ਕਰ ਦਿਓ।ਰਹਹੁ-ਰਹਾਂ।ਰਹਾਉ।ਆਵਣ ਜਾਣਾ-ਆਉਂਦਾ ਜਾਂਦਾ (ਜੰਮਦਾ ਮਰਦਾ) ਹੈ।ਮਨ ਅਜਾਣਾ-ਹੇ ਅਣਜਾਣ ਮਨ!।ਚੇਤਿ-ਚੇਤੇ ਕਰ।ਨਾਮਿ-ਨਾਮ ਵਿਚ।ਸਮਾਣਾ-ਮਿਲਿਆ ਰਹਾਂਗਾ।੨।ਜਿਸ ਕੀ-ਜਿਸ ਦੀ।ਵਥੁ-ਵਸਤੂ।ਸੋਈ-ਉਹ ਹੀ।ਸੁ-ਉਹ। ਅਨੂਪ-ਜਿਸ ਦੀ ਉਪਮਾ ਨਾ ਹੋ ਸਕੇ; ਸੁੰਦਰ; ਬੇਮਿਸਾਲ।ਅਤਿ-ਬਹੁਤ।ਅਗਮ-ਮਨ ਦੀ ਪਹੁੰਚ ਤੋਂ ਪਰੇ। ਅਗੋਚਰ-ਇੰਦੀਆਂ ਦੀ ਪਹੁੰਚ ਤੋਂ ਪਰੇ।ਅਲਖੁ-(ਅਲੱਖ ਬੋਲੋ) ਨਾ ਸਮਝ ਆਉਣ ਵਾਲੀ (ਵਸਤੂ)।ਲਖਾਏ-ਸਮਝਾ ਦੇਂਦਾ ਹੈ।੩। ਜਿਨਿ-ਜਿਸ ਨੇ।ਚਾਖੀ-ਖਾਧੀ (ਧਾਰਨ ਕੀਤੀ) ਹੈ।ਰਤਨੁ-ਹੀਰਾ (ਅਮੋਲਕ ਨਾਮ)।ਲੂਕੈ ਨਾਹੀ-ਲੁਕਦਾ ਨਹੀਂ।ਕੋ-ਕੋਈ। ਲੁਕਾਈ-ਲੁਕਾ ਕੇ।੪।ਸਭਨਾ ਕਾ-ਸਾਰੇ ਜੀਵਾਂ ਦਾ।ਅੰਤਰਜਾਮੀ-ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ।ਸੋਈ-ਖਬਰ ਸਾਰ।ਸੋ-ਉਹ।ਅਵਰੁ-ਹੋਰ।੫।੯।

ਅਚਰੁ ਚਰੈ = ੧. ਨਾ ਖਾਧੇ ਜਾਣ ਵਾਲੇ ਕਾਮ ਆਦਿਕਾਂ ਨੂੰ ਚਰੇ (ਖਾ ਲਵੇ)।੨. ਬਲਵਾਨ ਕਾਮ ਆਦਿਕਾਂ ਨੂੰ, ਜੋ ਜਿਤਣੇ ਕਠਨ ਹਨ, ਜਿਤ ਲਵੇ (ਇਹ ਦੋਵੇਂ ਅਰਥ ਗੁ. ਗ੍ਰੰ. ਕੋਸ਼ ਤੇ ਸ਼ਬਦਾਰਥ ਦੇ ਹਨ)।੩. ਵਸ ਵਿਚ ਨਾ ਆਉਣ ਵਾਲੇ ਵਿਕਾਰਾਂ ਨੂੰ ਵਸ ਵਿਚ ਕਰੇ।੪. ਅਚੱਲ ਕਰਤਾਰ ਦੇ ਨਾਮ ਰੂਪ ਭੋਜਨ ਨੂੰ ਖਾਵੇ (ਮੇਰਾ ਖਿਆਲ), ਬਾਕੀ ਅੱਧੀ ਤੁਕ ਦੇ ਅਰਥ ਉਪਰ ਵਾਲੇ ਹੀ ਹਨ।ਸਭ ਟੀਕਾ ਕਾਰਾਂ ਨੇ 'ਅਚਰ ਚਰੈ' ਦਾ ਅਰਥ ਨਾ ਖਾਧੇ ਜਾਣ ਵਾਲੇ ਕਾਮਾਦਿਕ ਵਿਕਾਰ ਹੀ ਕੀਤਾ ਹੈ, ਪਰ ਦਰਪਣ ਨੇ 'ਅਜਿੱਤ ਮਨ ਨੂੰ ਜਿੱਤ ਲਵੇ' ਅਰਥ ਕੀਤਾ ਹੈ।ਪਦ ਅਰਥ ੦- ਅਚਰੁ-ਨਾ ਜਿੱਤਆ ਜਾਣ ਵਾਲਾ ਮਨ।ਚਰੈ-ਜਿੱਤ ਲੈਂਦਾ ਹੈ (ਦਰਪਣ)।

ਸੋਰਠਿ ਮਹਲਾ ੫ ਘਰੁ ੧ ਤਿਤੁਕੇ ੴ ਸਤਿਗੁਰ ਪ੍ਰਸਾਦਿ ॥ ਕਿਸੁ ਹਉ ਜਾਚੀ ਕਿਸੁ ਆਰਾਧੀ, ਜਾ ਸਭੁ ਕੋ ਕੀਤਾ ਹੋਸੀ ॥ ਜੋ ਜੋ ਦੀਸੈ ਵਡਾ ਵਡੇਰਾ, ਸੋ ਸੋ ਖਾਕੂ ਰਲਸੀ ॥ ਨਿਰਭਉ ਨਿਰੰਕਾਰੁ ਭਵਖੰਡਨੁ ,ਸਭਿ ਸੁਖ ਨਵ ਨਿਧਿ ਦੇਸੀ ॥੧॥ ਹਰਿ ਜੀਉ ਤੇਰੀ ਦਾਤੀ ਰਾਜਾ ॥ ਮਾਣਸੁ ਬਪੁੜਾ ਕਿਆ ਸਾਲਾਹੀ, ਕਿਆ ਤਿਸ ਕਾ ਮੁਹਤਾਜਾ ॥ਰਹਾਉ॥ ਜਿਨਿ ਹਰਿ ਧਿਆਇਆ ਸਭੁ ਕਿਛੁ ਤਿਸ ਕਾ, ਤਿਸ ਕੀ ਭੂਖ ਗਵਾਈ ॥ ਐਸਾ ਧਨੁ ਦੀਆ ਸੁਖ ਦਾਤੈ, ਨਿਖੁਟਿ ਨ ਕਬਹੀ ਜਾਈ ॥ ਅਨਦੁ ਭਇਆ ਸੁਖ ਸਹਜਿ ਸਮਾਣੇ, ਸਤਿਗੁਰਿ ਮੇਲਿ ਮਿਲਾਈ ॥੨॥ ਮਨ ਨਾਮੁ ਜਪਿ ਨਾਮੁ ਆਰਾਧਿ, ਅਨਦਿਨੁ ਨਾਮੁ ਵਖਾਣੀ ॥ ਉਪਦੇਸੁ ਸੁਣਿ ਸਾਧ ਸੰਤਨ ਕਾ, ਸਭ ਚੂਕੀ ਕਾਣਿ ਜਮਾਣੀ ॥ ਜਿਨ ਕਉ ਕ੍ਰਿਪਾਲੁ ਹੋਆ ਪ੍ਰਭੁ ਮੇਰਾ, ਸੇ ਲਾਗੇ ਗੁਰ ਕੀ ਬਾਣੀ ॥੩॥ ਕੀਮਤਿ ਕਉਣੁ ਕਰੈ ਪ੍ਰਭ ਤੇਰੀ, ਤੂ ਸਰਬ ਜੀਆ ਦਇਆਲਾ ॥ ਸਭੁ ਕਿਛੁ ਕੀਤਾ ਤੇਰਾ ਵਰਤੈ, ਕਿਆ ਹਮ ਬਾਲ ਗੁਪਾਲਾ ॥ ਰਾਖਿ ਲੇਹੁ ਨਾਨਕੁ ਜਨੁ ਤੁਮਰਾ, ਜਿਉ ਪੂਤ ਕਿਰਪਾਲਾ ॥੪॥੧॥ (ਹੇ ਭਾਈ!) ਜਦ ਸਭ ਕੋਈ (ਵੱਡੇ ਵੱਡੇ ਦੇਵੀ ਦੇਵਤੇ ਤੇ ਹੋਰ ਧਨਵਾਨ ਲੋਕ) ਪ੍ਰਭੂ ਦੇ ਪੈਦਾ ਕੀਤੇ ਹੋਏ ਹਨ, ਤਾਂ ਮੈਂ (ਤੈਨੂੰ ਛਡ ਕੇ ਹੋਰ) ਕਿਸ ਕੋਲੋਂ (ਕੋਈ ਪਦਾਰਥ) ਮੰਗਾਂ ਤੇ ਕਿਸ ਦੀ ਅਰਾਧਨਾ ਕਰਾਂ? ਜੋ ਜੋ ਵੀ ਵੱਡਾ ਤੋਂ ਵੱਡਾ (ਧਨਵਾਨ ਮਨੁੱਖ ਜਾਂ ਦੇਵੀ ਦੇਵਤਾ) ਦਿਸਦਾ ਹੈ, ਉਹ ਉਹ ਅੰਤ ਨੂੰ ਮਿੱਟੀ ਵਿਚ ਮਿਲ ਜਾਵੇਗਾ।ਨਿਰਾਕਾਰ ਭੈ ਰਹਿਤ ਜਨਮ ਮਰਨ ਨਾਸ਼ ਕਰਨ ਵਾਲਾ ਪ੍ਰਭੂ ਸਾਰੇ ਸੁਖ ਤੇ ਨੌਂ ਨਿਧੀਆਂ ਦੇਣ ਵਾਲਾ ਹੈ।੧।ਹੇ ਹਰਿ ਜੀਉ! ਮੈਂ ਤੇਰੀ ਦਿਤੀ ਦਾਤ ਨਾਲ ਰੱਜ ਸਕਦਾ ਹਾਂ। ਮੈਂ ਵਿਚਾਰੇ ਮਨੁੱਖ ਦੀ ਸ਼ਲਾਘਾ ਕਿਉਂ ਕਰਾਂ ਅਤੇ ਉਸ ਦੇ ਅਧੀਨ ਕਿਉਂ ਹੋਵਾਂ (ਮਨੁੱਖ ਦਾ ਆਸਰਾ ਕਿਉਂ ਲਵਾਂ)?।ਰਹਾਉ।(ਹੇ ਭਾਈ!) ਜਿਸ ਮਨੁੱਖ ਨੇ ਹਰੀ ਨੂੰ ਸਿਮਰਿਆ ਹੈ, (ਜਗਤ ਦਾ) ਸਭ ਕੁਛ (ਹਰੇਕ ਪਦਾਰਥ) ਉਸ ਦਾ ਹੋ ਗਿਆ, (ਹਰੀ ਨੇ) ਉਸ ਦੀ ਸਾਰੀ ਭੁੱਖ ਦੂਰ ਦਿਤੀ ਹੈ।ਸੁਖ ਦੇਣ ਵਾਲੇ ਪ੍ਰਭੂ ਨੇ (ਉਸ ਨੂੰ) ਐਸਾ ਧਨ ਦਿਤਾ ਹੈ, ਜੋ ਕਦੇ ਵੀ ਮੁੱਕ ਨਹੀਂ ਜਾਂਦਾ।ਜਦ ਸਤਿਗੁਰੂ ਨੇ (ਉਸ ਨੂੰ ਅਪਣੇ) ਸੰਗ ਵਿਚ ਮਿਲਾ ਲਿਆ ਤਾਂ ਅਨੰਦ ਪ੍ਰਾਪਤ ਹੋ ਗਿਆ ਅਤੇ (ਉਹ) ਕੁਦਰਤੀ

ਸੁਖ ਵਿਚ ਸਮਾ ਗਿਆ ਹੈ।੨।ਹੇ ਮਨ! ਤੂੰ (ਰਸਨਾ ਨਾਲ) ਨਾਮ ਜਪ ਤੇ (ਮਨ ਕਰਕੇ ਵੀ) ਨਾਮ ਨੂੰ ਸਿਮਰਿਆ ਕਰ, ਹਰ ਰੋਜ (ਹਰ ਸਾਹ ਨਾਲ) ਨਾਮ ਨੂੰ ਉਚਾਰਦਾ ਰਹਿ।(ਜਿਸ ਮਨੁੱਖ ਨੇ) ਸਾਧੂ ਸੰਤਾਂ ਦਾ ਉਪਦੇਸ਼ ਸੁਣਿਆ ਹੈ, (ਉਸ ਦੀ) ਜਮਾਂ ਦੀ ਸਾਰੀ ਕਾਣ ਦੂਰ ਹੋ ਗਈ ਹੈ (ਮੌਤ ਦਾ ਡਰ ਨਹੀਂ ਰਿਹਾ)।ਜਿਨ੍ਹਾਂ ਪੁਰਖਾਂ ਉਤੇ ਮੇਰਾ ਪ੍ਰਭੂ ਦਇਆਲ ਹੋਇਆ ਹੈ, ਉਹ ਗੁਰੂ ਦੀ ਬਾਣੀ ਨਾਲ ਜੁੜ ਗਏ ਹਨ।੩।ਹੇ ਪ੍ਰਭੂ! ਤੇਰੀ ਕੀਮਤ ਕੌਣ ਕਰ ਸਕਦਾ ਹੈ? (ਕੋਈ ਕੀਮਤ ਨਹੀਂ ਪਾ ਸਕਦਾ, ਤੂੰ ਬੇਅੰਤ ਹੈਂ), ਤੂੰ ਸਾਰੇ ਜੀਵਾਂ ਉਤੇ ਦਇਆ ਕਰਨ ਵਾਲਾ ਹੈਂ।ਹੇ ਗੁਪਾਲ! (ਜਗਤ ਵਿਚ) ਸਭ ਕੁਛ ਤੇਰਾ ਕੀਤਾ ਵਰਤਦਾ ਹੈ, ਅਸੀਂ ਅਣਜਾਣ ਬੱਚੇ ਕੀ ਕਰ ਸਕਦੇ ਹਾਂ? (ਕੁੱਛ ਨਹੀਂ ਕਰ ਸਕਦੇ।ਹੇ ਪ੍ਰਭੂ!) ਨਾਨਕ ਤੇਰਾ ਦਾਸ ਹੈ, ਜਿਵੇਂ ਪਿਤਾ ਪੁਤ੍ਰ ਉਤੇ ਕ੍ਰਿਪਾਲ ਹੋ ਕੇ ਰੱਖਿਆ ਕਰਦਾ ਹੈ, (ਤਿਵੇਂ ਮੇਰੀ ਲਾਜ) ਰੱਖ ਲਵੋ।੪।੧।

ਪਦਾਰਥ = ਤਿਤੁਕੇ-ਤਿੰਨ ਤਿੰਨ ਤੁਕਾਂ ਵਾਲੇ ਬੰਦ।ਹਉ-ਮੈਂ।ਜਾਚੀ-ਮੰਗਾਂ।ਆਰਾਧੀ-ਸਿਮਰਨ ਕਰਾਂ।ਜਾ-ਜਦ।ਸਭੁ ਕੋ-ਸਭ ਕੋਈ (ਹਰੇਕ ਜੀਵ)।ਕੀਤਾ ਹੋਸੀ-ਪੈਦਾ ਕੀਤਾ ਹੋਇਆ ਹੈ।ਵਡਾ ਵਡੇਰਾ-ਵੱਡੇ ਤੋਂ ਵੱਡਾ।ਸੋ-ਉਹ।ਖਾਕੂ-ਮਿੱਟੀ ਵਿਚ।ਰਲਸੀ-ਮਿਲ ਜਾਵੇਗਾ।ਨਿਰਭਉ-ਭੈ ਰਹਿਤ।ਨਿਰੰਕਾਰੁ-ਅਕਾਰ ਰਹਿਤ ਪ੍ਰਮਾਤਮਾ।ਭਵ ਖੰਡਨੁ-ਜਨਮ ਮਰਨ ਨਾਸ਼ ਕਰਨ ਵਾਲਾ।ਨਵ ਨਿਧਿ-ਜਗਤ ਦੇ ਨੌਂ ਖਜਾਨੇ।ਦੇਸੀ-ਦੇਣ ਵਾਲਾ।੧।ਹਰਿ ਜੀਉ-ਹੇ ਹਰਿ ਜੀਉ!।ਦਾਤੀ-ਦਾਤਾਂ ਨਾਲ।ਰਾਜਾ-ਰੱਜ ਸਕਦਾ ਹਾਂ। ਮਾਣਸ-ਮਨੁੱਖ।ਬਪੁੜਾ-ਵਿਚਾਰਾ; ਨਿਮਾਣਾ।ਕਿਆ-ਕੀ; ਕਿਉਂ।ਸਾਲਾਹੀ-ਸ਼ਲਾਘਾ ਕਰਾਂ।ਮੁਹਤਾਜਾ-ਅਧੀਨ; ਆਸਰਾ।ਰਹਾਉ। ਜਿਨਿ-ਜਿਸ ਨੇ।ਸਭੁ ਕਿਛੁ-ਜਗਤ ਦੇ ਸਾਰੇ ਪਦਾਰਥ।ਗਵਾਈ-ਦੂਰ ਕਰ ਦਿਤੀ।ਸੁਖ ਦਾਤੈ-ਸੁਖ ਦੇਣ ਵਾਲੇ ਨੇ।ਨਿਖੁਟਿ ਨ ਜਾਈ-ਮੁੱਕ ਨਹੀਂ ਜਾਂਦਾ।ਕਬ ਹੀ-ਕਦੇ ਵੀ।ਭਇਆ-ਹੋਇਆ।ਸੁਖ ਸਹਜਿ-ਅਸਲੀ ਸੁਖ ਜੋ ਮਨ ਨੂੰ ਟਿਕਾਉ ਵਿਚ ਰਖਦਾ ਹੈ, ਭਟਕਣ ਨਹੀਂ ਦਿੰਦਾ।ਸਮਾਣੇ-ਸਮਾ ਗਿਆ।੨।ਆਰਾਧਿ-ਸਿਮਰਿਆ ਕਰ।ਅਨਦਿਨੁ-ਹਰ ਰੋਜ।ਵਖਾਣੀ-ਉਚਾਰਦਾ ਰਹਿ।ਚੂਕੀ -ਦੂਰ ਹੋ ਗਈ।ਕਾਣਿ-(ਮੁਥਾਜੀ) ਗੁਲਾਮੀ।ਜਮਾਣੀ-ਜਮਾਂ ਦੀ।ਜਿਨ ਕਉ-ਜਿਨ੍ਹਾਂ ਉਤੇ।ਸੇ-ਉਹ।ਲਾਗੇ-ਲੱਗ (ਜੁੜ) ਗਏ। ੩ ।ਸਰਬ-ਸਾਰੇ।ਹਮ-ਅਸੀਂ।ਬਾਲ-ਅਣਜਾਣ (ਅਗਿਆਨੀ)।ਗੁਪਾਲਾ-ਹੇ ਗੁਪਾਲ!।ਜਨੁ ਤੁਮਰਾ-ਤੇਰਾ ਦਾਸ।ਪੂਤ-ਪੁਤ੍ਰ।੪।੧।

ਸੋਰਠਿ ਮਹਲਾ ੫ ਘਰੁ ੧ ਚੌਤੁਕੇ ॥ ਗੁਰੁ ਗੋਵਿੰਦੁ ਸਲਾਹੀਐ ਭਾਈ, ਮਨਿ ਤਨਿ ਹਿਰਦੈ ਧਾਰ ॥ ਸਾਚਾ ਸਾਹਿਬੁ ਮਨਿ ਵਸੈ ਭਾਈ, ਏਹਾ ਕਰਣੀ ਸਾਰ ॥ ਜਿਤੁ ਤਨਿ ਨਾਮੁ ਨ ਊਪਜੈ ਭਾਈ, ਸੇ ਤਨ ਹੋਏ ਛਾਰ ॥ ਸਾਧ ਸੰਗਤਿ ਕਉ ਵਾਰਿਆ ਭਾਈ, ਜਿਨ ਏਕੰਕਾਰ ਅਧਾਰ ॥੧॥ ਸੋਈ ਸਚੁ ਅਰਾਧਣਾ ਭਾਈ, ਜਿਸ ਤੇ ਸਭੁ ਕਿਛੁ ਹੋਇ ॥ ਗੁਰਿ ਪੂਰੈ ਜਾਣਾਇਆ ਭਾਈ, ਤਿਸੁ ਬਿਨੁ ਅਵਰੁ ਨ ਕੋਇ ॥ਰਹਾਉ॥ ਨਾਮ ਵਿਹੂਣੇ ਪਚਿ ਮੁਏ ਭਾਈ, ਗਣਤ ਨ ਜਾਇ ਗਣੀ ॥ ਵਿਣੁ ਸਚ ਸੋਚ ਨ ਪਾਈਐ ਭਾਈ, ਸਾਚਾ ਅਗਮ ਧਣੀ ॥ ਆਵਣ ਜਾਣੁ ਨ ਚੁਕਈ ਭਾਈ, ਝੂਠੀ ਦੁਨੀ ਮਣੀ ॥ ਗੁਰਮੁਖਿ ਕੋਟ ਉਧਾਰਦਾ ਭਾਈ, ਦੇ ਨਾਵੈ ਏਕ ਕਣੀ ॥੨॥ ਸਿਮ੍ਰਿਤਿ ਸਾਸਤ ਸੋਧਿਆ ਭਾਈ, ਵਿਣੁ ਸਤਿਗੁਰ ਭਰਮੁ ਨ ਜਾਇ ॥ ਅਨਿਕ ਕਰਮ ਕਰਿ ਥਾਕਿਆ ਭਾਈ, ਫਿਰਿ ਫਿਰਿ ਬੰਧਨ ਪਾਇ ॥ ਚਾਰੇ ਕੁੰਡਾ ਸੋਧੀਆ ਭਾਈ, ਵਿਣੁ ਸਤਿਗੁਰ ਨਾਹੀ ਜਾਇ ॥ ਹੇ ਭਾਈ! ਗੁਰੂ ਗੋਬਿੰਦ ਨੂੰ ਮਨ, ਤਨ ਤੇ ਹਿਰਦੇ ਵਿਚ ਟਿਕਾ ਕੇ ਸਲਾਹੁਣਾ ਚਾਹੀਦਾ ਹੈ।ਹੇ ਭਾਈ! ਜੇ ਸੱਚਾ ਸਾਹਿਬ ਮਨ ਵਿਚ ਵਸ ਜਾਵੇ, ਇਹ (ਸਭ ਤੋਂ) ਸ੍ਰੇਸਟ ਕਰਮ ਹੈ।ਹੇ ਭਾਈ! ਜਿਸ ਮਨੁੱਖ ਦੇ ਸਰੀਰ ਵਿਚ ਨਾਮ ਪ੍ਰਗਟ ਨਹੀਂ ਹੁੰਦਾ, ਉਹ ਸਰੀਰ (ਵਿਸ਼ੇ ਵਿਕਾਰਾਂ ਵਿਚ ਪੈ ਕੇ) ਸੁਆਹ ਹੋ ਗਏ ਹਨ।ਹੇ ਭਾਈ! ਮੈਂ ਸਾਧ ਸੰਗਤ ਕਰਨ ਵਾਲੇ (ਉਨ੍ਹਾਂ ਪੁਰਖਾਂ) ਤੋਂ ਵਾਰਨੇ ਜਾਂਦਾ ਹਾਂ, ਜਿਨ੍ਹਾਂ ਨੂੰ ਇਕ ਨਿਰੰਕਾਰ ਦਾ ਆਸਰਾ ਹੈ।੧।ਹੇ ਭਾਈ! ਉਸ ਸੱਚ ਸਰੂਪ ਪ੍ਰਭੂ ਨੂੰ ਅਰਾਧਨਾ ਕਰੋ, ਜਿਸ ਤੋਂ (ਜਗਤ ਪਸਾਰਾ ਤੇ ਪਾਲਣ ਪੋਸਣ) ਸਾਰਾ ਕੁਛ ਹੋ ਰਿਹਾ ਹੈ।ਹੇ ਭਾਈ! ਪੂਰੈ ਗੁਰੂ ਨੇ ਸਮਝਾ ਦਿਤਾ ਹੈ ਕਿ ਉਸ ਪ੍ਰਭੂ ਤੋਂ ਬਿਨਾ (ਜਪਣ ਯੋਗ ਤੇ ਕਰਨ ਕਰਾਉਣ ਵਾਲਾ) ਹੋਰ ਕੋਈ ਨਹੀਂ ਹੈ।ਰਹਾਉ।ਹੇ ਭਾਈ! (ਜੋ ਮਨੁੱਖ) ਹਰੀ ਦੇ ਨਾਮ ਜਪਣ ਤੋਂ ਬਿਨਾ ਖੁਆਰ ਹੋ ਕੇ ਮਰ ਗਏ ਹਨ, ਉਨ੍ਹਾਂ ਦੀ ਗਿਣਤੀ ਨਹੀਂ ਗਿਣੀ ਜਾਂਦੀ।ਹੇ ਭਾਈ! ਸੱਚ ਤੋਂ ਬਿਨਾ ਸੁੱਚਮ ਪ੍ਰਾਪਤ ਨਹੀਂ ਹੋ ਸਕਦੀ, ਉਹ ਸੱਚਾ ਮਾਲਕ ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈ; ਅਪਹੁੰਚ ਤੇ ਸੱਚਾ ਮਾਲਕ ਪ੍ਰਭੂ ਸੱਚੀ ਸੋਚ ਵਿਚਾਰ ਤੋਂ ਬਿਨਾ ਪ੍ਰਾਪਤ ਨਹੀਂ ਹੁੰਦਾ (ਸੰ.ਸ.; ਫ.ਸ.)।ਹੇ ਭਾਈ! ਦੁਨੀਆਂ ਦੀ ਝੂਠੀ ਮਨੌਤ ਕਰਕੇ ਜਨਮ ਮਰਨ (ਆਵਾਗਵਨ) ਦੂਰ ਨਹੀਂ ਹੁੰਦਾ।ਹੇ ਭਾਈ! ਗੁਰੂ (ਹਰੀ ਦੇ) ਨਾਮ ਦੀ ਇਕ ਕਣੀ ਦੇ ਕੇ ਕ੍ਰੋੜਾਂ ਮਨੁੱਖਾਂ ਦਾ ਉਧਾਰ ਕਰ ਦਿੰਦਾ ਹੈ।੨।ਹੇ ਭਾਈ! ਸਤਾਈ ਸਿਮ੍ਰਤੀਆਂ ਅਤੇ ਛੇ ਸਾਸ਼ਤ੍ਰਾਂ ਨੂੰ ਵਿਚਾਰਿਆ ਹੈ, (ਪਰ ਅਸਲੀਅਤ ਇਹ ਹੈ ਕਿ) ਸਤਿਗੁਰੂ ਤੋਂ ਬਿਨਾ (ਮਨ ਦਾ) ਭਰਮ ਜਾਂਦਾ ਨਹੀਂ।ਹੇ ਭਾਈ! (ਨਿਗੁਰਾ ਮਨੁੱਖ) ਅਨੇਕਾਂ ਧਾਰਮਕ ਕਰਮ ਕਰਕੇ ਥਕ ਗਿਆ ਹੈ, ਮੁੜ ਮੁੜ (ਉਸ ਨੂੰ ਜਨਮ ਮਰਨ ਦੇ) ਬੰਧਨ ਪੈਂਦੇ ਹਨ।(ਜਗਤ ਦੇ) ਚਾਰੇ ਪਾਸੇ ਖੋਜ ਦੇਖੇ ਹਨ, ਸਤਿਗੁਰੂ ਤੋਂ ਬਿਨਾ (ਸੁਖ ਦੇਣ ਵਾਲੀ ਕੋਈ) ਹੋਰ ਜਗ੍ਹਾ ਨਹੀਂ ਹੈ।

ਅੰਗ ੬੦੯ = ਵਡਭਾਗੀ ਗੁਰੁ ਪਾਇਆ ਭਾਈ, ਹਰਿ ਹਰਿ ਨਾਮੁ ਧਿਆਇ ॥੩॥ ਸਚੁ ਸਦਾ ਹੈ ਨਿਰਮਲਾ ਭਾਈ, ਨਿਰਮਲ ਸਾਚੇ ਸੋਇ ॥ ਨਦਰਿ ਕਰੇ ਜਿਸੁ ਆਪਣੀ ਭਾਈ, ਤਿਸੁ ਪਰਾਪਤਿ ਹੋਇ ॥ ਕੋਟਿ ਮਧੇ ਜਨੁ ਪਾਈਐ ਭਾਈ, ਵਿਰਲਾ ਕੋਈ ਕੋਇ ॥ ਨਾਨਕ ਰਤਾ ਸਚਿ ਨਾਮਿ ਭਾਈ, ਸੁਣਿ ਮਨੁ ਤਨੁ ਨਿਰਮਲੁ ਹੋਇ ॥੪॥੨॥ ਹੇ ਭਾਈ! ਜਿਸ ਵਡਭਾਗੀ ਪੁਰਖ ਨੇ ਗੁਰੂ ਨੂੰ ਪਾਇਆ ਹੈ, (ਉਹ ਹੀ) ਹਰਿ ਹਰਿ ਨਾਮ ਧਿਆਉਂਦਾ ਹੈ।੩।ਹੇ ਭਾਈ! ਸੱਚਾ ਪ੍ਰਭੂ ਸਦਾ ਹੀ ਨਿਰਮਲ ਹੈ ਅਤੇ ਉਹ ਵੀ ਨਿਰਮਲ ਹਨ ਜੋ ਸੱਚੇ ਹਨ (ਸੱਚ ਨਾਲ ਜੁੜੇ ਹੋਏ ਹਨ); ਸੱਚੇ ਪ੍ਰਭੂ ਦੀ ਸੋਭਾ ਵੀ ਨਿਰਮਲ ਹੈ।ਹੇ ਭਾਈ! ਜਿਸ ਮਨੁੱਖ ਉਤੇ ਪ੍ਰਭੂ ਅਪਣੀ ਮੇਹਰ ਦੀ ਨਜਰ ਕਰਦਾ ਹੈ, ਉਸ ਨੂੰ (ਸੱਚਾ ਗੁਰੂ) ਪ੍ਰਾਪਤ ਹੁੰਦਾ ਹੈ।ਹੇ ਭਾਈ! ਕ੍ਰੋੜਾਂ ਵਿਚੋਂ ਕੋਈ ਕੋਈ ਵਿਰਲਾ ਹਰੀ ਦਾ ਸੇਵਕ ਪਾਇਆ ਜਾਂਦਾ (ਲੱਭਦਾ) ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਭਾਈ! (ਜੋ ਪੁਰਖ ਹਰੀ ਦੇ) ਸੱਚੇ ਨਾਮ ਵਿਚ ਰੰਗਿਆ ਹੋਇਆ ਹੈ, (ਉਸ ਤੋਂ ਹਰੀ ਦੀ ਸਿਫਤ ਸਲਾਹ) ਸੁਣ ਕੇ ਮਨ ਤੇ ਤਨ ਨਿਰਮਲ ਹੋ ਜਾਂਦਾ ਹੈ।੪।੨।

ਪਦਾਰਥ = ਚੌਤੁਕੇ–ਚਾਰ ਚਾਰ ਤੁਕਾਂ ਵਾਲੇ ਪਦ।ਸਲਾਹੀਐ–ਸਿਫਤ ਸਲਾਹ ਕਰਨ ਚਾਹੀਦੀ ਹੈ।ਭਾਈ–ਹੇ ਭਾਈ!।ਮਨਿ ਤਨਿ–ਮਨ ਵਿਚ ਤੇ ਤਨ ਵਿਚ।ਧਾਰ–ਟਿਕਾ ਕੇ; ਵਸਾ ਕੇ।ਸਾਹਿਬੁ–ਮਾਲਕ ਪ੍ਰਭੂ।ਕਰਣੀ–ਕਰਮ; ਘਾਲ ਕਮਾਈ।ਸਾਰ–ਸ੍ਰੇਸਟ।ਨ ਊਪਜੈ–ਪ੍ਰਗਟ ਨਹੀਂ ਹੁੰਦਾ।ਸੇ–ਉਹ।ਛਾਰ–ਸੁਆਹ (ਬਿਅਰਥ)।ਕਉ–ਤੋਂ।ਵਾਰਿਆ–ਵਾਰਨੇ ਜਾਂਦਾ ਹਾਂ।ਜਿਨ–ਜਿਨ੍ਹਾਂ ਨੂੰ। ਏਕੰਕਾਰ–ਇਕ ਨਿਰੰਕਾਰ ਦਾ।ਅਧਾਰ–ਆਸਰਾ।੧।ਸੋਈ ਸਚੁ–ਉਸ ਸੱਚ ਸਰੂਪ ਪ੍ਰਭੂ ਨੂੰ।ਅਰਾਧਣਾ–ਅਰਾਧਣਾ ਕਰੋ।ਜਿਸ ਤੇ–ਜਿਸ ਤੋਂ।ਗੁਰਿ ਪੂਰੈ–ਪੂਰੇ ਗੁਰੂ ਨੇ।ਜਾਣਾਇਆ–ਸਮਝਾ (ਗਿਆਨ ਕਰਾ) ਦਿਤਾ।ਅਵਰੁ–ਹੋਰ ਦੂਜਾ।ਰਹਾਉ।ਵਿਹੂਣੇ–ਬਿਨਾ। ਪਚਿ–ਖੁਆਰ ਹੋ ਕੇ; ਸੜ ਕੇ।ਮੁਏ–ਮਰ ਗਏ।ਗਣਤ–ਗਿਣਤੀ।ਨ ਜਾਇ ਗਣੀ–ਗਿਣੀ ਨਹੀਂ ਜਾਂਦੀ।ਵਿਣੁ–ਬਿਨਾ।ਸੋਚ–ਸੁੱਚਮ; ਸੋਚ ਵਿਚਾਰ।ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਧਣੀ–ਮਾਲਕ।ਆਵਣੁ ਜਾਣੁ–ਜਨਮ ਮਰਨ।ਦੁਨੀ ਮਣੀ–ਦੁਨੀਆਂ ਦੀ ਮਨੌਤ; ਦੁਨੀਆਂ ਦੇ ਪਦਾਰਥਾਂ ਦਾ ਮਾਣ।ਗੁਰਮੁਖਿ–ਗੁਰੂ।ਕੋਟਿ–ਕ੍ਰੋੜਾਂ ਦਾ।ਉਧਾਰਦਾ–ਮੁਕਤ ਕਰਦਾ ਹੈ; ਭਵਜਲ ਤੋਂ ਪਾਰ ਕਰ ਦੇਂਦਾ ਹੈ।ਗੁਰਮੁਖਿ–ਗੁਰੂ।ਕੋਟਿ–ਕ੍ਰੋੜਾਂ।ਨਾਵੈ–ਨਾਮ ਦੀ।ਕਣੀ–ਕਿਣਕਾ; ਹੀਰਾ; ਥੋੜਾ ਜਿਹਾ।੨।ਸੋਧਿਆ–ਵਿਚਾਰਿਆ ਹੈ।ਨ ਜਾਇ–ਦੂਰ ਨਹੀਂ ਜਾਂਦਾ।ਕਰਮ–ਧਾਰਮਕ ਕਰਮ।ਫਿਰਿ ਫਿਰਿ–ਮੁੜ ਮੁੜ।ਚਾਰੇ ਕੁੰਡਾ–ਚਾਰੇ ਪਾਸੇ।ਸੋਧੀਆ–ਖੋਜ ਦੇਖੀਆਂ ਹਨ।ਜਾਇ–ਜਗ੍ਹਾ।ਧਿਆਇ–ਧਿਆਉਦਾ ਹੈ।੩।ਨਿਰਮਲਾ–ਪਵਿਤ੍ਰ।ਸੋਇ–ਉਹ ਵੀ; ਸੋਭਾ।ਨਦਰਿ ਕਰੇ–ਮੇਹਰ ਦੀ ਨਜਰ ਕਰਦਾ ਹੈ।ਕੋਟਿ ਮਧੇ–ਕ੍ਰੋੜਾਂ ਵਿਚੋਂ।ਰਤਾ–ਰੰਗਿਆ ਹੋਇਆ।ਸਚਿ ਨਾਮਿ–ਸੱਚੇ ਨਾਮ ਵਿਚ।ਸੁਣਿ–ਸੁਣ ਕੇ।੪।੨।

ਸੋਰਠਿ ਮਹਲਾ ੫ ਦੁਤੁਕੇ ॥ ਜਉ ਲਉ ਭਾਉ ਅਭਾਉ ਇਹੁ ਮਾਨੈ, ਤਉ ਲਉ ਮਿਲਣੁ ਦੂਰਾਈ ॥ ਆਨ ਆਪਨਾ ਕਰਤ ਬੀਚਾਰਾ, ਤਉ ਲਉ ਬੀਚੁ ਬਿਖਾਈ ॥੧॥ ਮਾਧਵੇ ਐਸੀ ਦੇਹੁ ਬੁਝਾਈ ॥ ਸੇਵਉ ਸਾਧ ਗਹਉ ਓਟ ਚਰਨਾ, ਨਹ ਬਿਸਰੈ ਮੁਹਤੁ ਚਸਾਈ ॥ਰਹਾਉ ॥ ਰੇ ਮਨ ਮੁਗਧ ਅਚੇਤ ਚੰਚਲ ਚਿਤ, ਤੁਮ ਐਸੀ ਰਿਦੈ ਨ ਆਈ ॥ ਪ੍ਰਾਨਪਤਿ ਤਿਆਗਿ ਆਨ ਤੂ ਰਚਿਆ, ਉਰਝਿਓ ਸੰਗਿ ਬੈਰਾਈ ॥੨॥ ਸੋਗੁ ਨ ਬਿਆਪੈ ਆਪੁ ਨ ਥਾਪੈ, ਸਾਧ ਸੰਗਤਿ ਬੁਧਿ ਪਾਈ ॥ ਸਾਕਤ ਕਾ ਬਕਨਾ ਇਉ ਜਾਨਉ ,ਜੈਸੇ ਪਵਨੁ ਝੁਲਾਈ ॥੩॥ ਕੋਟਿ ਪਰਾਧ ਅਛਾਦਿਓ ਇਹੁ ਮਨੁ ,ਕਹਣਾ ਕਛੂ ਨ ਜਾਈ ॥ ਜਨ ਨਾਨਕ ਦੀਨ ਸਰਨਿ ਆਇਓ ਪ੍ਰਭ, ਸਭੁ ਲੇਖਾ ਰਖਹੁ ਉਠਾਈ ॥੪॥੩॥ (ਹੇ ਭਾਈ!) ਜਦ ਤਕ ਇਹ (ਮਨੁੱਖ ਕਿਸੇ ਨਾਲ) ਪ੍ਰੇਮ ਤੇ (ਕਿਸੇ ਨਾਲ) ਵੈਰ ਮੰਨੀ ਬੈਠਾ ਹੈ, ਤਦ ਤਕ (ਪ੍ਰਭੂ ਦਾ) ਮਿਲਣਾ ਦੂਰ ਹੈ।(ਜਦ ਤਕ ਮਨੁੱਖ ਕਿਸੇ ਨੂੰ) ਬਿਗਾਨਾ ਤੇ (ਕਿਸੇ ਨੂੰ) ਅਪਣਾ ਮੰਨਣ (ਮੇਰ ਤੇਰ) ਦੀ ਬਿਚਾਰ ਕਰਦਾ ਹੈ, ਤਦ ਤਕ (ਇਸ ਦੇ ਤੇ ਹਰੀ ਵਿਚਾਲੇ) ਦ੍ਵੈਤ ਦੀ ਵਿਥ ਬਣੀ ਰਹਿੰਦੀ ਹੈ।੧।ਹੇ ਪ੍ਰਭੂ! ਮੈਨੂੰ ਐਸੀ ਸਮਝ ਬਖਸ਼ ਦੇਹ।ਕਿ ਮੈਂ ਸਾਧੂ (ਗੁਰੂ) ਦੀ ਸੇਵਾ ਕਰਦਾ ਰਹਾਂ ਤੇ (ਉਸ ਦੇ) ਚਰਨਾਂ ਦੀ ਓਟ ਫੜੀ ਰੱਖਾਂ, (ਚਰਨਾਂ ਦੀ ਓਟ ਮੈਨੂੰ) ਥੋੜੇ ਸਮੇਂ ਲਈ ਵੀ ਨਾ ਭੁੱਲ ਸਕੇ।ਰਹਾਉ। ਹੇ ਮੂਰਖ ਮਨ! ਹੇ ਬੇਸਮਝ ਤੇ ਚੰਚਲ ਚਿਤ! ਤੇਰੇ ਹਿਰਦੇ ਵਿਚ ਐਸੀ ਵਿਚਾਰ ਕਦੇ ਨਹੀਂ ਆਈ? ਕਿ ਪ੍ਰਾਣਾਂ ਦੇ ਪਤੀ ਪ੍ਰਭੂ ਨੂੰ ਛਡ ਕੇ ਤੂੰ ਹੋਰ (ਚੀਜਾਂ ਦੇ ਮੋਹ) ਵਿਚ ਰਚਿਆ ਹੋਇਆ ਹੈਂ ਅਤੇ ਬੈਰੀਆਂ (ਕਾਮ ਆਦਿਕਾਂ) ਦੀ ਸੰਗਤ ਵਿਚ ਫਸ ਗਿਆ ਹੈ।੨।ਮੈਂ ਇਹ ਅਕਲ ਸਾਧ ਸੰਗਤ ਵਿਚੋਂ ਪਾਈ ਹੈ ਕਿ ਜੇ ਮਨੁੱਖ ਅਪਣੱਤ ਨਾ ਧਾਰਨ ਕਰੇ, ਤਾਂ (ਉਸ ਨੂੰ) ਸੋਗ ਨਹੀਂ ਵਿਆਪਦਾ।ਸਾਕਤ ਦਾ ਬੋਲਣਾ ਇਉਂ ਜਾਣੋ, ਜਿਸ ਤਰ੍ਹਾਂ ਹਵਾ ਝੁਲਦੀ ਹੈ (ਉਸ ਦਾ ਬੋਲਣਾ ਬਿਅਰਥ ਹੈ)।੩।ਇਹ ਮਨ ਕ੍ਰੋੜਾਂ ਦੋਸ਼ਾਂ ਨੇ ਢਕਿਆ ਹੋਇਆ ਹੈ, (ਹੇ ਪ੍ਰਭੂ! ਤੇਰੇ ਅੱਗੇ) ਕੁਛ ਕਿਹਾ ਨਹੀਂ ਜਾ ਸਕਦਾ (ਜੋ ਮੇਰੇ ਵਿਚ ਦੋਸ਼ ਹਨ)।ਨਾਨਕ ਗੁਰੂ ਜੀ ਆਖਦੇ ਹਨ ਕਿ (ਪ੍ਰਭੂ ਦੇ ਦਰ ਤੇ ਇਉਂ ਅਰਦਾਸ ਕਰੋ) ਹੇ ਪ੍ਰਭੂ! ਮੈਂ ਨਿਮਾਣਾ ਦਾਸ ਤੇਰੀ ਸ਼ਰਣ ਵਿਚ ਆਇਆ ਹਾਂ, (ਮੇਰੇ ਦੋਸ਼ਾਂ ਦੀ ਗਿਣਤੀ ਕੀਤੇ ਬਿਨਾ ਹੀ) ਸਾਰਾ ਹਿਸਾਬ ਚੱਕ ਕੇ ਪਰੇ ਰੱਖ ਦੇਹ (ਮੁਕਾ ਦੇਹ ਤੇ ਮੈਨੂੰ ਬਖਸ਼ ਦੇਹ)।੪।੩।

ਭਾਉ ਅਭਾਉ = ਪਿਆਰ ਤੇ ਅਨਾਦਰ; ਭਾਵ ਤੇ ਅਭਾਵ; ਮਾਨ ਤੇ ਅਪਮਾਨ (ਇਹ ਤਿੰਨੇ ਅਰਥ ਮਹਾਨ ਕੋਸ਼ ਦੇ ਹਨ)।

ਪਦਾਰਥ = ਜਉ ਲਉ-ਜਦ ਤਕ। ਭਾਉ-ਪ੍ਰੇਮ। ਅਭਾਉ-ਵੈਰ; ਅਪਮਾਨ। ਮਾਨੈ-ਮੰਨਦਾ ਹੈ। ਤਉ ਲਉ-ਤਦ ਤਕ। ਦੂਰਾਈ-ਦੂਰ। ਆਨ-ਬਿਗਾਨਾ; ਹੋਰ; ਦੂਜਾ। ਬੀਚੁ-ਵਿੱਥ; ਫਰਕ। ਬਿਖਾਈ-ਦ੍ਵੈਤ; ਬਿਖਮਤਾ (ਕਠਨਾਈ; ਅੜਿੱਕਾ)।੧। ਮਾਧਵੇ-ਹੇ ਮਾਇਆ ਪਤੀ ਪ੍ਰਭੂ!। ਦੇਹੁ ਬੁਝਾਈ-ਸਮਝ ਦੇਹ। ਸੇਵਉ-ਮੈਂ ਸੇਵਾ ਕਰਦਾ ਰਹਾਂ। ਗਹਉ-ਫੜੀ ਰੱਖਾਂ। ਨਹ ਬਿਸਰੈ-ਨਾ ਭੁੱਲ ਸਕੇ। ਮੁਹਤ-ਦੋ ਘੜੀ ਦਾ ਸਮਾਂ (ਪੌਣਾਂ ਘੰਟਾ)। ਚਸਾਈ-ਪਲ ਦਾ ਤੀਜਾ ਹਿੱਸਾ (ਅੱਠ ਸੈਕਿੰਡ ਦਾ ਸਮਾਂ)। ਰਹਾਉ। ਮੁਗਧ-ਮੂਰਖ। ਅਚੇਤ-ਚੇਤਨਾ ਤੋਂ ਖਾਲੀ (ਬੇਸਮਝ)। ਚੰਚਲ ਚਿਤ-ਹੇ ਚੰਚਲ ਚਿਤ!। ਰਿਦੈ-ਹਿਰਦੇ ਵਿਚ। ਪ੍ਰਾਨ ਪਤਿ-ਪ੍ਰਾਣਾਂ ਦਾ ਮਾਲਕ ਪ੍ਰਭੂ। ਤਿਆਗਿ-ਛਡ ਕੇ। ਆਨ-ਹੋਰ ਦੇ (ਮੋਹ ਵਿਚ)। ਰਚਿਆ-ਮਿਲਿਆ ਹੈਂ। ਉਰਝਿਓ-ਫਸ ਗਿਆ ਹੈਂ। ਸੰਗਿ-ਸੰਗਤ ਵਿਚ। ਬੈਰਾਈ-ਬੈਰੀਆਂ ਦੀ।੨। ਨ ਬਿਆਪੈ -ਨਹੀਂ ਵਿਆਪਦਾ। ਆਪੁ ਨ ਥਾਪੈ-ਅਪਣੱਤ ਧਾਰਨ ਨਾ ਕਰੇ। ਸਾਕਤ-ਰੱਬ ਤੋਂ ਬੇਮੁਖ ਹੋਇਆ ਮਨੁੱਖ। ਬਕਨਾ-ਬੋਲਣਾ। ਜਾਨਉ- ਜਾਣਦਾ ਹਾਂ। ਪਵਨੁ ਝੁਲਾਈ-ਹਵਾ ਝੁਲਦੀ ਹੈ (ਇਧਰੋਂ ਆਈ ਤੇ ਉਧਰ ਚਲੇ ਗਈ)।੩। ਕੋਟਿ ਪਰਾਧ-ਕ੍ਰੋੜਾਂ ਦੋਸ਼। ਅਛਾਦਿਓ-ਢਕਿਆ ਹੋਇਆ ਹੈ। ਜਨ-ਦਾਸ। ਦੀਨ-ਗਰੀਬ; ਨਿਮਾਣਾ। ਰਖਹੁ ਉਠਾਈ-ਉਠਾ ਕੇ ਪਰੇ ਰੱਖ ਦਿਓ; ਮੁਕਾ ਦਿਓ।੪।੩।

ਸੋਰਠਿ ਮਹਲਾ ੫ ॥ ਪੁਤ੍ਰ ਕਲਤ੍ਰ ਲੋਕ ਗ੍ਰਿਹ ਬਨਿਤਾ, ਮਾਇਆ ਸਨਬੰਧੇਹੀ ॥ ਅੰਤ ਕੀ ਬਾਰ ਕੋ ਖਰਾ ਨ ਹੋਸੀ, ਸਭ ਮਿਥਿਆ ਅਸਨੇਹੀ ॥੧॥ ਰੇ ਨਰ ਕਾਹੇ ਪਪੋਰਹੁ ਦੇਹੀ ॥ ਊਡਿ ਜਾਇਗੋ ਧੂਮੁ ਬਾਦਰੋ, ਇਕੁ ਭਾਜਹੁ ਰਾਮੁ ਸਨੇਹੀ ॥ਰਹਾਉ॥ ਤੀਨਿ ਸੰਙਿਆ ਕਰਿ ਦੇਹੀ ਕੀਨੀ, ਜਲ ਕੂਕਰ ਭਸਮੇਹੀ ॥ ਹੋਇ ਆਮਰੋ ਗ੍ਰਿਹ ਮਹਿ ਬੈਠਾ, ਕਰਣ ਕਾਰਣ ਬਿਸਰੋਹੀ ॥੨॥ ਅਨਿਕ ਭਾਤਿ ਕਰਿ ਮਣੀਏ ਸਾਜੇ, ਕਾਚੈ ਤਾਗਿ ਪਰੋਹੀ ॥ ਤੂਟਿ ਜਾਇਗੋ ਸੂਤੁ ਬਾਪੁਰੇ, ਫਿਰਿ ਪਾਛੈ ਪਛੁਤੋਹੀ ॥੩॥ ਜਿਨਿ ਤੁਮ ਸਿਰਜੇ ਸਿਰਜਿ ਸਵਾਰੇ, ਤਿਸੁ ਧਿਆਵਹੁ ਦਿਨੁ ਰੈਨੇਹੀ ॥ ਜਨ ਨਾਨਕ ਪ੍ਰਭ ਕਿਰਪਾ ਧਾਰੀ, ਮੈ ਸਤਿਗੁਰ ਓਟ ਗਹੇਹੀ ॥੪॥੪॥ (ਹੇ ਭਾਈ!) ਪੁਤ੍ਰ, ਵਹੁਟੀ, ਘਰ ਦੇ ਲੋਕ ਤੇ (ਘਰ ਦੀਆਂ ਹੋਰ) ਇਸਤ੍ਰੀਆਂ ਸਭ ਮਾਇਆ ਦੇ ਸਬੰਧੀ ਹੀ ਹਨ (ਮਾਇਆ ਕਰਕੇ ਹੀ ਇਨ੍ਹਾਂ ਦਾ ਸਬੰਧ ਹੈ)। ਅੰਤ ਵੇਲੇ (ਮਰਨ ਸਮੇਂ ਤੈਨੂੰ ਮੌਤ ਤੋਂ ਬਚਾਉਣ ਲਈ ਇਨ੍ਹਾਂ ਵਿਚੋਂ) ਕੋਈ ਖੜਾ ਨਹੀਂ ਹੋਵੇਗਾ, ਇਹ ਸਭ ਝੂਠੇ ਪ੍ਰੇਮੀ ਹਨ।੧। ਹੇ ਮਨੁੱਖ! ਕਿਸ ਲਈ ਸਰੀਰ ਨੂੰ ਪਾਲਦੇ ਪੋਸਦੇ ਹੋ? (ਇਹ ਸਰੀਰ) ਧੂਏਂ ਦੇ ਬੱਦਲ ਵਾਂਗ ਉਡ ਜਾਏਗਾ, (ਇਸ ਕਰਕੇ ਤੁਸੀਂ) ਇਕ ਪ੍ਰਭੂ ਨੂੰ ਸਿਮਰੋ, ਜੋ ਪਿਆਰ ਕਰਨ ਵਾਲਾ (ਸੱਚਾ ਸਬੰਧੀ) ਹੈ। ਰਹਾਉ। (ਪ੍ਰਭੂ ਨੇ ਇਹ ਜੋ) ਦੇਹ ਪੈਦਾ ਕੀਤੀ ਹੈ, (ਉਸ ਦਾ ਅੰਤ) ਤਿੰਨ ਪ੍ਰਕਾਰ ਦਾ ਕਰਦੇ ਹਨ, ਜਲ ਪ੍ਰਵਾਹ, ਕੁੱਤਿਆਂ (ਆਦਿ ਜਾਨਵਰਾਂ ਅੱਗੇ ਸੁੱਟ ਦੇਂਦੇ ਹਨ ਤੇ ਅੱਗ ਵਿਚ) ਸਾੜ ਕੇ ਸੁਆਹ ਕਰਦੇ ਹਨ {ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ। ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ ੬੪੮} । (ਮਨੁੱਖ ਇਸ ਦੇਹੀ ਨਾਲ ਅਪਣੇ ਆਪ ਨੂੰ) ਅਮਰ ਹੋਇਆ ਸਮਝ ਕੇ ਸਰੀਰ ਘਰ ਵਿਚ ਬੈਠਾ ਹੈ ਅਤੇ ਕਰਣ ਕਾਰਣ ਪ੍ਰਭੂ (ਇਸ ਨੂੰ) ਭੁੱਲਿਆ ਹੋਇਆ ਹੈ।੨। (ਪ੍ਰਭੂ ਨੇ) ਅਨੇਕਾਂ ਪ੍ਰਕਾਰ ਦੇ ਸਰੀਰ ਰੂਪ ਮਣਕੇ ਬਣਾ ਕਰਕੇ ਪ੍ਰਾਣਾਂ ਦੇ ਕਚੇ ਧਾਗੇ ਵਿਚ ਪਰੋਏ ਹਨ। ਹੇ ਵਿਚਾਰੇ ਜੀਵ! ਪ੍ਰਾਣਾਂ ਰੂਪ ਧਾਗਾ (ਇਕ ਦਿਨ ਜਦ) ਟੁੱਟ ਜਾਵੇਗਾ (ਸੁਆਸ ਪੂਰੇ ਹੋ ਜਾਣਗੇ), ਫਿਰ ਤੂੰ ਪਿਛੋਂ ਪਛਤਾਏਂਗਾ (ਦੁਖੀ ਹੋਵੇਂਗਾ)।੩। (ਹੇ ਭਾਈ!) ਜਿਸ ਪ੍ਰਭੂ ਨੇ ਤੈਨੂੰ ਪੈਦਾ ਕੀਤਾ ਤੇ ਪੈਦਾ ਕਰਕੇ ਸੋਹਣਾ ਬਣਾਇਆ ਹੈ, ਉਸ ਨੂੰ ਦਿਨ ਰਾਤ ਧਿਆਵੋ। ਦਾਸ ਨਾਨਕ ਆਖਦਾ ਹੈ ਕਿ ਮੇਰੇ ਉਤੇ ਪ੍ਰਭੂ ਨੇ ਕ੍ਰਿਪਾ ਕੀਤੀ ਹੈ, (ਜਿਸ ਕਰਕੇ) ਮੈਂ ਸਤਿਗੁਰੂ ਦੀ ਓਟ ਪਕੜੀ ਹੈ। ੪।੪।

ਪਦਾਰਥ = ਕਲਤ੍ਰ-ਵਹੁਟੀ। ਲੋਕ ਗ੍ਰਿਹ-ਘਰ ਦੇ ਲੋਕ। ਬਨਿਤਾ-(ਘਰ ਦੀਆਂ ਹੋਰ) ਇਸਤ੍ਰੀਆਂ। ਸਨਬੰਧੇਹੀ-ਸਬੰਧੀ ਹੀ ਹਨ। ਅੰਤ ਕੀ ਬਾਰ-ਅੰਤ ਦੇ ਵੇਲੇ। ਕੋ-ਕੋਈ। ਖਰਾ ਨ ਹੋਸੀ-ਖੜਾ ਨਹੀਂ ਹੋਵੇਗਾ। ਮਿਥਿਆ-ਝੂਠੇ। ਅਸਨੇਹੀ-ਪ੍ਰੇਮੀ।੧। ਰੇ ਨਰ-ਹੇ ਮਨੁੱਖ। ਕਾਹੇ-ਕਿਸ ਲਈ। ਪਪੋਰਹੁ-ਪਾਲਦੇ ਪੋਸਦੇ ਹੋ। ਦੇਹੀ-ਸਰੀਰ ਨੂੰ। ਊਡਿ ਜਾਇਗੋ-ਉਡ (ਨਾਸ਼ ਹੋ) ਜਾਵੇਗਾ। ਧੂਮੁ ਬਾਦਰੋ-ਧੂਏਂ ਦੇ ਬੱਦਲ ਵਾਂਗ। ਭਾਜਹੁ-ਭਜੋ (ਸਿਮਰੋ)। ਸਨੇਹੀ-ਪਿਆਰ ਕਰਨ ਵਾਲਾ। ਰਹਾਉ। ਤੀਨਿ ਸੰਙਿਆ ਕਰਿ-ਤਿੰਨ ਹਾਲਤ ਵਿਚ (ਤਿੰਨ ਪ੍ਰਕਾਰ ਦਾ) ਕਰਦੇ ਹਨ। ਕੀਨੀ-ਪੈਦਾ ਕੀਤੀ। ਜਲ-ਜਲ ਪ੍ਰਵਾਹ। ਕੂਕਰ-ਕੁੱਤਿਆਂ ਅੱਗੇ। ਭਸਮੇਹੀ-ਸੁਆਹ; ਮਿੱਟੀ। ਆਮਰੋ-ਅਮਰ। ਗ੍ਰਿਹ ਮਹਿ-ਸਰੀਰ ਘਰ ਵਿਚ। ਕਰਣ ਕਾਰਣ-ਜਗਤ ਦਾ ਮੂਲ ਕਾਰਣ। ਬਿਸਰੋਹੀ-ਭੁੱਲਿਆ ਹੋਇਆ ਹੈ।੨। ਅਨਿਕ ਭਾਤਿ -ਕਈ ਪ੍ਰਕਾਰ ਦੇ। ਮਣਕੇ-ਸਰੀਰ ਰੂਪ ਮਣਕੇ। ਸਾਜੇ-ਬਣਾਏ। ਕਾਚੈ ਤਾਗਿ-(ਪ੍ਰਾਣਾਂ ਦੇ) ਕੱਚੇ ਧਾਗੇ ਵਿਚ। ਪਰੋਹੀ-ਪ੍ਰੋਏ ਹੋਏ ਹਨ। ਸੂਤੁ-(ਪ੍ਰਾਣ ਰੂਪ) ਧਾਗਾ। ਬਾਪੁਰੇ-ਹੇ ਵਿਚਾਰੇ ਜੀਵ!। ਪਛੁਤੋਹੀ-ਪਛਤਾਵੇਂਗਾ।੩। ਜਿਨਿ-ਜਿਸ ਨੇ। ਤੁਮ-ਤੈਨੂੰ। ਸਿਰਜੇ-ਪੈਦਾ

ਕੀਤਾ ਹੈ। ਸਿਰਜਿ–ਪੈਦਾ ਕਰਕੇ।ਸਵਾਰੇ–ਸੋਹਣਾ ਬਣਾਇਆ; ਸੋਹਣੇ ਅੰਗ ਬਣਾਏ।ਰੈਨੇਹੀ–ਰਾਤ।ਧਾਰੀ–ਕੀਤੀ।ਗਹੇਹੀ–ਪਕੜੀ ਹੈ।੪।੪।

ਸੋਰਠਿ ਮਹਲਾ ੫ ॥ ਗੁਰੁ ਪੂਰਾ ਭੇਟਿਓ ਵਡਭਾਗੀ, ਮਨਹਿ ਭਇਆ ਪਰਗਾਸਾ ॥ ਕੋਇ ਨ ਪਹੁਚਨਹਾਰਾ ਦੂਜਾ, ਅਪੁਨੇ ਸਾਹਿਬ ਕਾ ਭਰਵਾਸਾ ॥੧॥ ਅਪੁਨੇ ਸਤਿਗੁਰ ਕੈ ਬਲਿਹਾਰੈ ॥ ਆਗੈ ਸੁਖੁ ਪਾਛੈ ਸੁਖ ਸਹਜਾ, ਘਰਿ ਆਨੰਦੁ ਹਮਾਰੈ ॥ਰਹਾਉ॥ ਅੰਤਰਜਾਮੀ ਕਰਣੈਹਾਰਾ, ਸੋਈ ਖਸਮੁ ਹਮਾਰਾ ॥ ਨਿਰਭਉ ਭਏ ਗੁਰ ਚਰਣੀ ਲਾਗੇ, ਇਕ ਰਾਮ ਨਾਮ ਆਧਾਰਾ ॥੨॥ ਸਫਲ ਦਰਸਨੁ ਅਕਾਲ ਮੂਰਤਿ ਪ੍ਰਭੁ ,ਹੈ ਭੀ ਹੋਵਨਹਾਰਾ ॥ ਕੰਠਿ ਲਗਾਇ ਅਪੁਨੇ ਜਨ ਰਾਖੇ, ਅਪੁਨੀ ਪ੍ਰੀਤਿ ਪਿਆਰਾ ॥੩॥ (ਹੇ ਭਾਈ! ਮੈਨੂੰ) ਵੱਡੇ ਭਾਗਾਂ ਨਾਲ ਪੂਰਾ ਗੁਰੂ ਮਿਲਿਆ ਹੈ, (ਜਿਸ ਕਰਕੇ ਮੇਰੇ) ਮਨ ਵਿਚ ਗਿਆਨ ਦਾ ਪ੍ਰਕਾਸ਼ ਹੋਇਆ ਹੈ।(ਦੁਖ ਦੇਣ ਵਾਲਾ ਮੇਰੇ ਤਕ) ਪਹੁੰਚਨ ਵਾਲਾ ਦੂਜਾ ਹੋਰ ਕੋਈ ਨਹੀਂ (ਸੰ.ਸ.; ਫ.ਸ.); ਸਾਡੇ ਬਰਾਬਰ ਪਹੁਚਣ ਵਾਲਾ ਕੋਈ ਨਹੀਂ, (ਕਿਉਂਕਿ ਮੈਨੂੰ) ਅਪਣੇ ਮਾਲਕ ਦਾ ਭਰੋਸਾ ਹੈ।੧।(ਹੇ ਭਾਈ! ਮੈਂ) ਅਪਣੇ ਸਤਿਗੁਰੂ ਤੋਂ ਸਦਕੇ ਜਾਂਦਾ ਹਾਂ।(ਕਿਸ ਦੀ ਕਿਰਪਾ ਨਾਲ ਸਾਨੂੰ) ਪ੍ਰਲੋਕ ਵਿਚ ਸੁਭਾਵਕ ਸੁਖ ਬਣਿਆ ਰਹੇਗਾ, ਇਸ ਲੋਕ ਵਿਚ ਸੁਭਾਵਕ ਹੀ ਸੁਖ ਪ੍ਰਾਪਤ ਹੋ ਗਿਆ ਹੈ ਅਤੇ ਸਾਡੇ ਹਿਰਦੇ ਘਰ ਵਿਚ ਵੀ ਅਨੰਦ ਬਣਿਆ ਹੋਇਆ ਹੈ।ਰਹਾਉ।(ਜਿਹੜਾ) ਅੰਤਰਜਾਮੀ ਪ੍ਰਭੂ ਸਭ ਕੁਛ ਕਰਨ ਵਾਲਾ ਹੈ, ਉਹ ਹੀ ਸਾਡਾ (ਸਭ ਦਾ) ਮਾਲਕ ਹੈ।ਗੁਰੂ ਦੇ ਚਰਨੀਂ ਲਗ ਕੇ ਅਸੀਂ ਨਿਰਭੈ ਹੋ ਗਏ ਹਾਂ, (ਹੁਣ) ਇਕ ਪ੍ਰਭੂ ਦੇ ਨਾਮ ਦਾ ਹੀ ਆਸਰਾ ਹੈ।੨।ਕਾਲ ਤੋਂ ਰਹਿਤ ਹਸਤੀ ਵਾਲਾ ਜੋ ਪ੍ਰਭੂ ਹੈ, (ਉਸ ਦਾ) ਦਰਸ਼ਨ ਫਲ ਸਹਿਤ ਹੈ, (ਉਹ) ਹੁਣ ਵੀ ਹੈ, ਪਿਛੇ ਵੀ ਸੀ ਅਤੇ ਅੱਗੇ ਨੂੰ ਹੋਣ ਵਾਲਾ ਹੈ।(ਉਹ) ਅਪਣੇ ਸੇਵਕਾਂ ਨੂੰ ਕੰਠ ਨਾਲ ਲਾ ਕੇ ਰਖਦਾ ਹੈ ਅਤੇ ਅਪਣੀ ਪ੍ਰੀਤ ਦਾ ਪਿਆਰਾ ਹੈ (ਪ੍ਰੀਤ ਦੀ, ਪਿਆਰ ਦੀ ਦਾਤ ਦੇਣ ਵਾਲਾ ਹੈ)।੩।

ਅੰਗ ੬੧੦ = ਵਡੀ ਵਡਿਆਈ ਅਚਰਜ ਸੋਭਾ, ਕਾਰਜੁ ਆਇਆ ਰਾਸੇ ॥ ਨਾਨਕ ਕਉ ਗੁਰੁ ਪੂਰਾ ਭੇਟਿਓ, ਸਗਲੇ ਦੂਖ ਬਿਨਾਸੇ ॥੪॥੫॥ (ਜਿਸ ਗੁਰੂ ਦੀ) ਵਡਿਆਈ ਵੱਡੀ ਹੈ ਤੇ ਅਸਚਰਜ ਸੋਭਾ ਹੈ, (ਉਸ ਦੀ ਸ਼ਰਣ ਵਿਚ ਪੈਣ ਨਾਲ) ਕਾਰਜ ਰਾਸ ਆ (ਜੀਵਨ ਸਫਲ ਹੋ) ਗਿਆ ਹੈ।ਨਾਨਕ ਨੂੰ ਪੂਰਾ ਗੁਰੂ ਮਿਲਿਆ ਹੈ, (ਜਿਸ ਦੀ ਕ੍ਰਿਪਾ ਨਾਲ ਮੇਰੇ) ਸਾਰੇ ਦੁਖ ਨਾਸ਼ ਹੋ ਗਏ ਹਨ।੪।੫।

ਪਦਾਰਥ = ਭੇਟਿਓ–ਮਿਲਿਆ ਹੈ।ਵਡਭਾਗੀ–ਵੱਡੇ ਭਾਗਾਂ ਨਾਲ।ਮਨਹਿ–ਮਨ ਵਿਚ।ਭਇਆ–ਹੋਇਆ।ਪਰਗਾਸਾ–ਗਿਆਨ ਦਾ ਚਾਨਣ।ਨ ਪਹੁਚਨਹਾਰਾ–ਹਰੀ ਦੀ ਬਰਾਬਰੀ ਕਰਨ ਵਾਲਾ ਨਹੀਂ; ਹੁਣ ਮੇਰੀ ਬਰਾਬਰੀ ਕਰਨ ਵਾਲਾ ਕੋਈ ਨਹੀਂ; ਦੁਖ ਦੇਣ ਵਾਲਾ ਮੇਰੇ ਤਕ ਪਹੁੰਚਨ ਵਾਲਾ ਨਹੀਂ (ਫ.ਸ.; ਸੰ.ਸ.)।ਸਾਹਿਬ ਕਾ–ਮਾਲਕ ਦਾ।ਭਰਵਾਸਾ–ਭਰੋਸਾ; ਆਸਰਾ।੧।ਕੈ–ਤੋਂ।ਬਲਿਹਾਰੈ–ਸਦਕੇ ਜਾਂਦਾ ਹਾਂ।ਆਗੈ ਪਾਛੈ–ਲੋਕ ਪ੍ਰਲੋਕ ਵਿਚ; ਹਰ ਵੇਲੇ।ਸੁਖ ਸਹਜਾ–ਕੁਦਰਤੀ ਸੁਭਾਵਕ ਸੁਖ; ਸਹਿਜ ਅਵਸਥਾ ਦਾ ਸੁਖ; ਮਨ ਦੀ ਅਡੋਲ ਅਵਸਥਾ ਦਾ ਸੁਖ।ਘਰਿ–ਹਿਰਦੇ ਘਰ ਵਿਚ।ਰਹਾਉ।ਅੰਤਰਜਾਮੀ–ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ। ਕਰਣੈਹਾਰਾ–ਕਰਤਾਰ (ਕਰਨ ਵਾਲਾ; ਪੈਦਾ ਕਰਨ ਵਾਲਾ)।ਸੋਈ–ਉਹ ਹੀ।ਖਸਮੁ–ਮਾਲਕ।ਹਮਾਰਾ–ਸਾਡਾ।ਭਏ–ਹੋ ਗਏ ਹਾਂ। ਆਧਾਰਾ–ਆਸਰਾ।੨।ਸਫਲ–ਫਲ ਦੇਣ ਵਾਲਾ।ਅਕਾਲ ਮੂਰਤਿ–ਮੌਤ ਤੋਂ ਰਹਿਤ ਹਸਤੀ।ਹੈ–ਹੁਣ ਹੈ।ਭੀ–ਪਿਛੇ ਵੀ ਸੀ। ਹੋਵਨਹਾਰਾ–ਭਵਿੱਖ ਵਿਚ ਵੀ ਹੋਣ (ਸਦਾ ਕਾਇਮ ਰਹਿਣ) ਵਾਲਾ ਹੈ।ਕੰਠਿ ਲਗਾਇ–ਗਲ ਨਾਲ ਲਾ ਕੇ।ਜਨ–ਸੇਵਕ।੩।ਕਾਰਜੁ–ਕੰਮ (ਜੀਵਨ ਦਾ ਮਨੋਰਥ) ।ਆਇਆ ਰਾਸੇ–ਪੂਰਾ ਹੋ ਗਿਆ।ਕਉ–ਨੂੰ।ਸਗਲੇ–ਸਾਰੇ।ਬਿਨਾਸੇ–ਨਾਸ਼ ਹੋ ਗਏ।੪।੫।

ਸੋਰਠਿ ਮਹਲਾ ੫ ॥ ਸੁਖੀਏ ਕਉ ਪੇਖੈ ਸਭ ਸੁਖੀਆ, ਰੋਗੀ ਕੈ ਭਾਣੈ ਸਭ ਰੋਗੀ ॥ ਕਰਣ ਕਰਾਵਨਹਾਰ ਸੁਆਮੀ, ਆਪਨ ਹਾਥਿ ਸੰਜੋਗੀ ॥੧॥ ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥ ਤਿਸ ਕੈ ਭਾਣੈ ਕੋਇ ਨ ਭੂਲਾ, ਜਿਨਿ ਸਗਲੋ ਬ੍ਰਹਮੁ ਪਛਾਤਾ ॥ਰਹਾਉ॥ ਸੰਤ ਸੰਗਿ ਜਾਕਾ ਮਨੁ ਸੀਤਲੁ ,ਓਹੁ ਜਾਣੈ ਸਗਲੀ ਠਾਂਢੀ ॥ ਹਉਮੈ ਰੋਗਿ ਜਾਕਾ ਮਨੁ ਬਿਆਪਿਤ, ਓਹੁ ਜਨਮਿ ਮਰੈ ਬਿਲਲਾਤੀ ॥੨॥ ਗਿਆਨ ਅੰਜਨੁ ਜਾਕੀ ਨੇਤ੍ਰੀ ਪੜਿਆ, ਤਾ ਕਉ ਸਰਬ ਪ੍ਰਗਾਸਾ ॥ ਅਗਿਆਨਿ ਅੰਧੇਰੈ ਸੂਝਸਿ ਨਾਹੀ, ਬਹੁੜਿ ਬਹੁੜਿ ਭਰਮਾਤਾ ॥੩॥ ਸੁਣਿ ਬੇਨੰਤੀ ਸੁਆਮੀ ਅਪੁਨੇ, ਨਾਨਕੁ ਇਹੁ ਸੁਖੁ ਮਾਗੈ ॥ ਜਹ ਕੀਰਤਨੁ ਤੇਰਾ ਸਾਧੂ ਗਾਵਹਿ, ਤਹ ਮੇਰਾ ਮਨੁ ਲਾਗੈ ॥੪॥੬॥ (ਹੇ ਭਾਈ!) ਸੁਖ ਮਾਨਣ ਵਾਲੇ ਮਨੁੱਖ ਨੂੰ ਸਾਰੇ ਲੋਕ ਸੁਖੀ ਦਿਸਦੇ ਹਨ ਅਤੇ ਰੋਗੀ ਮਨੁੱਖ ਦੇ ਖਿਆਲ ਵਿਚ ਸਾਰੇ ਲੋਕ ਰੋਗੀ ਹਨ ।(ਪ੍ਰਭੂ ਉਤੇ ਨਿਸ਼ਚਾ ਰੱਖਣ ਵਾਲੇ ਮਨੁੱਖ ਨੂੰ ਗਿਆਨ ਹੁੰਦਾ ਹੈ ਕਿ) ਮਾਲਕ ਪ੍ਰਭੂ ਸਭ ਕੁਝ ਕਰਨ ਦੀ ਸਮਰੱਥਾ ਰਖਦਾ ਹੈ ਅਤੇ (ਜੀਵਾਂ ਪਾਸੋਂ) ਕਰਾਉਣ ਵਾਲਾ ਹੈ, (ਸਾਰੇ ਜੀਵਾਂ ਦੇ ਦੁਖ ਸੁਖ ਭੋਗਣ ਦਾ) ਸੰਜੋਗ ਪ੍ਰਭੂ ਦੇ ਅਪਣੇ ਹੱਥ ਵਿਚ ਹੈ (ਮਨੁੱਖ ਦੇ ਕੀਤੇ ਕਰਮਾਂ ਅਨੁਸਾਰ ਦੁਖ ਸੁਖ ਦੇਣਾ ਪ੍ਰਭੂ ਦੇ ਹੱਥ ਵਿਚ ਹੈ)।੧।ਹੇ ਮੇਰੇ ਮਨ! ਜਿਸ ਮਨੁੱਖ ਨੇ ਅਪਣਾ ਭਰਮ ਗਵਾ

ਲਿਆ ਹੈ।ਅਤੇ ਜਿਸ ਮਨੁੱਖ ਨੇ ਸਾਰੇ ਜੀਵਾਂ ਵਿਚ ਬ੍ਰਹਮ ਨੂੰ ਵਸਦਾ ਪਛਾਣਿਆ ਹੈ, ਉਸ ਦੇ ਖਿਆਲ ਅਨੁਸਾਰ ਕੋਈ (ਜੀਵ) ਭੁੱਲਿਆ ਹੋਇਆ ਨਹੀਂ।ਰਹਾਉ।ਸੰਤਾਂ ਦਾ ਸੰਗ ਕਰਕੇ ਜਿਸ ਮਨੁੱਖ ਦਾ ਮਨ ਸ਼ਾਂਤ ਹੋ ਗਿਆ ਹੈ, ਉਹ ਸਾਰੀ ਦੁਨੀਆਂ ਨੂੰ ਸ਼ਾਂਤ ਚਿਤ (ਸੁਖੀ) ਜਾਣਦਾ ਹੈ।ਜਿਸ ਮਨੁੱਖ ਦਾ ਮਨ ਹਉਮੈ ਦੇ ਰੋਗ ਵਿਚ ਫਸਿਆ ਹੋਇਆ ਹੈ, ਉਹ ਜੰਮਦਾ ਮਰਦਾ ਰਹਿੰਦਾ ਹੈ ਅਤੇ (ਸਾਰੀ ਦੁਨੀਆਂ ਨੂੰ) ਵਿਲਕਦੀ ਦੇਖਦਾ ਹੈ।੨।ਜਿਸ ਮਨੁੱਖ ਦੀਆਂ (ਮਨ ਤੇ ਬੁੱਧੀ ਰੂਪ) ਅੱਖਾਂ ਵਿਚ ਗਿਆਨ ਦਾ ਸੁਰਮਾ ਪਿਆ ਹੈ, ਉਸ ਨੂੰ ਸਭ (ਜੀਵਾਂ ਵਿਚ ਪ੍ਰਭੂ ਦੀ ਜੋਤ ਦਾ) ਪ੍ਰਕਾਸ਼ ਦਿਸਦਾ ਹੈ।(ਪਰ) ਗਿਆਨ ਹੀਣ ਮਨੁੱਖ ਨੂੰ ਅਗਿਆਨ ਦੇ ਹਨ੍ਹੇਰੇ ਵਿਚ (ਜੀਵਨ ਦਾ ਸਹੀ ਰਸਤਾ) ਸਝਦਾ ਨਹੀਂ, ਉਹ ਮੁੜ ਮੁੜ (ਜੋਨੀਆਂ ਵਿਚ) ਭਟਕਦਾ ਫਿਰਦਾ ਹੈ।੩।ਹੇ ਮੇਰੇ ਅਪਣੇ ਮਾਲਕ ਪ੍ਰਭੂ! ਮੇਰੀ ਬੇਨਤੀ ਸੁਣ, ਨਾਨਕ (ਤੇਰੇ ਦਰ ਤੋਂ) ਇਹ ਸੁਖ ਮੰਗਦਾ ਹੈ।ਕਿ ਜਿੱਥੇ ਸਾਧੂ ਤੇਰਾ ਕੀਰਤਨ ਗਾਉਂਦੇ ਹਨ, ਉਥੇ ਮੇਰਾ ਮਨ ਲੱਗਾ (ਜੁੜਿਆ) ਰਹੇ।੪।੬।

ਪਦਾਰਥ = ਸੁਖੀਏ ਕਉ–ਸੁਖ ਮਾਨਣ ਵਾਲੇ ਮਨੁੱਖ ਨੂੰ।ਪੇਖੈ–ਦਿਸਦਾ ਹੈ।ਕੈ–ਦੇ।ਭਾਣੈ–ਖਿਆਲ ਵਿਚ; ਨਿਸਚੇ ਅਨੁਸਾਰ।ਕਰਣ– ਸਭ ਕੁਝ ਕਰਨ ਦੀ ਸਮਰੱਥਾ ਵਾਲਾ।ਕਰਾਵਨਹਾਰ–ਜੀਵਾਂ ਪਾਸੋਂ ਕਰਾਉਣ ਵਾਲਾ।ਸੁਆਮੀ–ਮਾਲਕ ਪ੍ਰਭੂ।ਹਾਥਿ–ਹੱਥ ਵਿਚ।ਸੰਜੋਗੀ –ਕਰਮਾਂ ਜਾਂ ਭਾਗਾਂ ਦੇ ਸਬੰਧ ਨਾਲ।੧।ਮਨ–ਹੇ ਮਨ!।ਜਿਨਿ–ਜਿਸ ਨੇ।ਗਵਾਤਾ–ਦੂਰ ਕਰ ਲਿਆ ਹੈ।ਭੂਲਾ–ਭੁੱਲਿਆ ਹੋਇਆ; ਕੁਰਾਹੇ ਪਿਆ ਹੋਇਆ।ਸਗਲੋ–ਸਭ (ਜੀਵਾਂ ਵਿਚ)।ਪਛਾਤਾ–ਪਛਾਣਿਆ ਹੈ।ਰਹਾਉ।ਸੰਤ ਸੰਗਿ–ਸੰਤਾਂ ਦਾ ਸੰਗ ਕਰਕੇ।ਜਾ ਕਾ–ਜਿਸ ਦਾ।ਸੀਤਲੁ–ਸ਼ਾਂਤ; ਸੁਖੀ।ਸਗਲੀ–ਸਾਰੀ ਦੁਨੀਆਂ ਨੂੰ।ਠਾਂਢੀ–ਸ਼ਾਂਤ ਚਿਤ; ਸੁਖੀ। ਰੋਗਿ–ਰੋਗ ਵਿਚ।ਬਿਆਪਿਤ–ਫਸਿਆ ਹੈ।ਜਨਮਿ ਮਰੈ–ਜੰਮਦਾ ਮਰਦਾ ਰਹਿੰਦਾ ਹੈ।ਬਿਲਲਾਤੀ–ਵਿਲਕਦੀ ਹੋਈ; ਦੁਖੀ।੨। ਅੰਜਨੁ–ਸੁਰਮਾ।ਜਾ ਕੀ–ਜਿਸ ਦੀ।ਨੇਤ੍ਰੀ–ਅੱਖਾਂ ਵਿਚ।ਪੜਿਆ–ਪਿਆ ਹੈ।ਤਾ ਕਉ–ਉਸ ਨੂੰ।ਸਰਬ–ਸਭ ਜੀਵਾਂ ਵਿਚ। ਅਗਿਆਨਿ–ਗਿਆਨ ਹੀਣ ਮਨੁੱਖ ਨੂੰ।ਅੰਧੇਰੈ–ਅਗਿਆਨ ਦੇ ਹਨ੍ਹੇਰੇ ਵਿਚ।ਸੂਝਸਿ ਨਾਹੀ–ਸੁੱਝਦਾ ਨਹੀਂ।ਬਹੁੜਿ ਬਹੁੜਿ–ਮੁੜ ਮੁੜ (ਬਾਰ ਬਾਰ)।ਭਰਮਾਤਾ–ਭਟਕਦਾ ਫਿਰਦਾ ਹੈ।੩।ਅਪਨੇ–ਮੇਰੇ ਅਪਣੇ।ਮਾਗੈ–ਮੰਗਦਾ ਹੈ।ਜਹ–ਜਿੱਥੇ।ਗਾਵਹਿ–ਗਾਉਂਦੇ ਹਨ। ਤਹ–ਉਥੇ।ਲਾਗੈ–ਲੱਗਾ (ਜੁੜਿਆ) ਰਹੇ।੪।੬।

ਸੋਰਠਿ ਮਹਲਾ ੫ ॥ ਤਨੁ ਸੰਤਨ ਕਾ ਧਨੁ ਸੰਤਨ ਕਾ, ਮਨੁ ਸੰਤਨ ਕਾ ਕੀਆ ॥ ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ, ਸਰਬ ਕੁਸਲ ਤਬ ਥੀਆ ॥੧॥ ਸੰਤਨ ਬਿਨੁ ਅਵਰੁ ਨ ਦਾਤਾ ਬੀਆ ॥ ਜੋ ਜੋ ਸਰਣਿ ਪਰੈ ਸਾਧੂ ਕੀ, ਸੋ ਪਾਰਗਰਾਮੀ ਕੀਆ ॥ਰਹਾਉ॥ ਕੋਟਿ ਪਰਾਧ ਮਿਟਹਿ ਜਨ ਸੇਵਾ, ਹਰਿ ਕੀਰਤਨੁ ਰਸਿ ਗਾਈਐ ॥ ਈਹਾ ਸੁਖੁ ਆਗੈ ਮੁਖ ਊਜਲ, ਜਨ ਕਾ ਸੰਗੁ ਵਡਭਾਗੀ ਪਾਈਐ ॥੨॥ ਰਸਨਾ ਏਕ ਅਨੇਕ ਗੁਣ ਪੂਰਨ, ਜਨ ਕੀ ਕੇਤਕ ਉਪਮਾ ਕਹੀਐ ॥ ਅਗਮ ਅਗੋਚਰ ਸਦ ਅਬਿਨਾਸੀ, ਸਰਣਿ ਸੰਤਨ ਕੀ ਲਹੀਐ ॥੩॥ ਨਿਰਗੁਨ ਨੀਚ ਅਨਾਥ ਅਪਰਾਧੀ, ਓਟ ਸੰਤਨ ਕੀ ਆਹੀ ॥ ਬੂਡਤ ਮੋਹ ਗ੍ਰਿਹ ਅੰਧ ਕੂਪ ਮਹਿ, ਨਾਨਕ ਲੇਹੁ ਨਿਬਾਹੀ ॥੪॥ ੭॥ (ਹੇ ਭਾਈ! ਅਸੀਂ ਅਪਣਾ) ਤਨ ਸੰਤਾਂ ਦਾ, ਧਨ ਸੰਤਾਂ ਦਾ ਅਤੇ ਮਨ ਵੀ ਸੰਤਾਂ ਦਾ (ਸਭ ਕੁਝ ਸੰਤਾਂ ਨੂੰ ਅਰਪਣ) ਕਰ ਦਿਤਾ ਹੈ।ਜਦ ਸੰਤ (ਗੁਰੂ ਰਾਮ ਰਾਮਦਾਸ ਜੀ) ਦੀ ਕ੍ਰਿਪਾ ਨਾਲ ਹਰੀ ਦਾ ਨਾਮ ਸਿਮਰਿਆ ਹੈ, ਤਦ ਤੋਂ ਸਭ ਤਰ੍ਹਾਂ ਦਾ ਸੁਖ ਪ੍ਰਾਪਤ ਹੋ ਗਿਆ ਹੈ।੧।ਸੰਤਾਂ ਤੋਂ ਬਿਨਾ (ਲੋਕ ਪ੍ਰਲੋਕ ਦੇ ਸਾਰੇ ਸੁੱਖਾਂ ਦਾ) ਦਾਤਾ ਹੋਰ ਦੂਜਾ ਕੋਈ ਨਹੀ ਹੈ।ਜਿਹੜਾ ਜਿਹੜਾ ਮਨੁੱਖ ਸੰਤ ਗੁਰੂ ਦੀ ਸਰਨ ਵਿਚ ਪੈਂਦਾ ਹੈ, (ਗੁਰੂ ਨੇ) ਉਹ ਭਵਜਲ ਤੋਂ ਪਾਰ ਲੰਘਣ ਯੋਗ ਕਰ ਦਿਤਾ ਹੈ।ਰਹਾਉ।ਗੁਰੂ ਜਨ ਦੀ ਸੇਵਾ ਕਰਨ ਨਾਲ ਕ੍ਰੋੜਾਂ ਪਾਪ ਮਿਟ ਜਾਂਦੇ ਹਨ, (ਇਸ ਲਈ ਗੁਰੂ ਦੀ ਸੰਗਤ ਵਿਚ) ਪ੍ਰੇਮ ਨਾਲ ਹਰੀ ਦਾ ਕੀਰਤਨ ਗਾਈਦਾ ਹੈ।(ਹੇ ਭਾਈ!) ਸੰਤ ਜਨਾਂ ਦਾ ਸੰਗ ਵੱਡੇ ਭਾਗਾਂ ਨਾਲ ਪਾਇਆ ਜਾਂਦਾ ਹੈ, (ਜਿਸ ਦਾ ਫਲ ਇਹ ਮਿਲਦਾ ਹੈ ਕਿ) ਇਸ ਲੋਕ ਵਿਚ ਵੀ ਸੁਖ ਤੇ ਅੱਗੇ ਪ੍ਰਲੋਕ ਵਿਚ ਵੀ ਮੂੰਹ ਉਜਲ ਹੁੰਦਾ ਹੈ।੨।(ਹੇ ਭਾਈ!) ਸੰਤ ਜਨਾਂ ਦੀ ਕਿਤਨੀ ਕੁ ਮਹਿਮਾਂ ਆਖੀਏ? (ਕਹੀ ਨਹੀਂ ਜਾ ਸਕਦੀ, ਕਿਉਂਕਿ ਮੇਰੀ) ਇਕ ਜੀਭ ਹੈ, (ਸੰਤ) ਅਨੇਕਾਂ ਗੁਣਾਂ ਨਾਲ ਭਰੇ ਪਏ ਹਨ।(ਜੋ ਪ੍ਰਭੂ) ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈ ਤੇ ਗਿਆਨ ਇੰਦ੍ਰੀਆਂ ਦੀ ਪਕੜ ਤੋਂ ਵੀ ਪਰੇ ਹੈ ਅਤੇ ਨਾਸ਼ ਰਹਿਤ ਹੈ, ਉਹ ਸੰਤਾਂ ਦੀ ਸ਼ਰਨ ਵਿਚ ਪਿਆਂ ਲੱਭ ਜਾਂਦਾ ਹੈ।੩।ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਭਾਈ! ਇਸ ਤਰ੍ਹਾਂ ਅਰਦਾਸ ਕਰੋ) ਮੈਂ ਨਿਰਗੁਣ, ਨੀਚ, ਅਨਾਥ ਤੇ ਪਾਪੀ ਹਾਂ, ਮੈਂ ਸੰਤਾਂ ਦੀ ਓਟ ਚਾਹੀ ਹੈ।(ਹੇ ਸੰਤ ਜਨੋਂ!) ਮੈਨੂੰ ਗ੍ਰਿਸਤ ਦੇ ਮੋਹ ਰੂਪ ਅੰਨ੍ਹੇ ਖੂਹ ਵਿਚ ਡੁਬਦੇ ਨੂੰ ਬਚਾ ਲਵੋ।੪।੭।

ਸੰਤ = 'ਗੁਰੂ ਰਾਮਦਾਸ ਜੀ ਦਾ' ਵੀ ਵਾਚਕ ਹੈ ਅਤੇ ਸੁਆਸ ਸੁਆਸ ਨਾਮ ਜਪਣ ਵਾਲੇ ਗੁਰਮੁਖ ਸਿੱਖਾਂ ਦਾ ਵੀ ਵਾਚਕ ਹੈ।

ਪਦਾਰਥ = ਤਨੁ–ਸਰੀਰ।ਕੀਆ–(ਅਰਪਣ) ਕਰ ਦਿਤਾ।ਪ੍ਰਸਾਦਿ–ਕ੍ਰਿਪਾ ਨਾਲ।ਸਰਬ–ਸਾਰੇ।ਕੁਸਲ–ਸੁਖ।ਤਬ–ਤਦ।ਥੀਆ–

ਹੋ ਗਿਆ।੧।ਅਵਰੁ ਨ ਬੀਆ–ਹੋਰ ਦੂਜਾ ਕੋਈ ਨਹੀਂ।ਪਰੈ–ਪੈਂਦਾ ਹੈ।ਸੋ–ਉਹ।ਪਾਰਗਰਾਮੀ–ਪਾਰ ਲੰਘਣ ਯੋਗ।ਰਹਾਉ।ਕੋਟਿ ਪਰਾਧ–ਕ੍ਰੋੜਾਂ ਪਾਪ।ਜਨ–ਸੰਤ ਜਨਾਂ ਦੀ।ਰਸਿ–ਪ੍ਰੇਮ ਨਾਲ।ਈਹਾ–ਇਸ ਲੋਕ ਵਿਚ।ਆਗੈ–ਪ੍ਰਲੋਕ ਵਿਚ।ਵਡਭਾਗੀ–ਵੱਡੇ ਭਾਗਾਂ ਨਾਲ।੨।ਰਸਨਾ–ਜੀਭ।ਪੂਰਨ–ਭਰਪੂਰ।ਕੇਤਕ–ਕਿਤਨੀ ਕੁ।ਉਪਮਾ–ਮਹਿਮਾਂ।ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਗੋਚਰ–ਗਿਆਨ ਇੰਦ੍ਰੀਆਂ ਦੀ ਪਕੜ ਤੋਂ ਪਰੇ।ਸਦ–ਸਦਾ।ਅਬਿਨਾਸੀ–ਨਾਸ਼ ਰਹਿਤ।ਲਹੀਐ–ਲੱਭ ਜਾਂਦਾ ਹੈ।੩।ਨਿਰਗੁਨ–ਗੁਣ ਹੀਣ।ਅਪਰਾਧੀ–ਪਾਪੀ।ਆਹੀ–ਚਾਹੀ।ਬੂਡਤ–ਡੁਬਦੇ ਨੂੰ।ਗ੍ਰਿਹ–ਗ੍ਰਿਸਤ; ਘਰ।ਅੰਧ ਕੂਪ–ਅੰਨ੍ਹਾ ਖੂਹ।ਲੇਹੁ ਨਿਬਾਹੀ–ਬਚਾ ਲਵੋ।੪।੭।

ਸੋਰਠਿ ਮਹਲਾ ੫ ਘਰੁ ੧ ॥ ਜਾ ਕੈ ਹਿਰਦੈ ਵਸਿਆ ਤੂ ਕਰਤੇ, ਤਾ ਕੀ ਤੈਂ ਆਸ ਪੁਜਾਈ ॥ ਦਾਸ ਅਪੁਨੇ ਕਉ ਤੂ ਵਿਸਰਹਿ ਨਾਹੀ, ਚਰਣ ਧੂਰਿ ਮਨਿ ਭਾਈ ॥੧॥ ਤੇਰੀ ਅਕਥ ਕਥਾ ਕਥਨੁ ਨ ਜਾਈ ॥ ਗੁਣ ਨਿਧਾਨ ਸੁਖ ਦਾਤੇ ਸੁਆਮੀ, ਸਭ ਤੇ ਊਚ ਬਡਾਈ ॥ ਰਹਾਉ॥ ਸੋ ਸੋ ਕਰਮ ਕਰਤ ਹੈ ਪ੍ਰਾਣੀ, ਜੈਸੀ ਤੁਮ ਲਿਖਿ ਪਾਈ ॥ ਸੇਵਕ ਕਉ ਤੁਮ ਸੇਵਾ ਦੀਨੀ, ਦਰਸਨੁ ਦੇਖਿ ਅਘਾਈ ॥੨॥ ਸਰਬ ਨਿਰੰਤਰਿ ਤੁਮਹਿ ਸਮਾਨੇ, ਜਾ ਕਉ ਤੁਧੁ ਆਪਿ ਬੁਝਾਈ ॥ ਗੁਰ ਪਰਸਾਦਿ ਮਿਟਿਓ ਅਗਿਆਨਾ, ਪਰਗਟ ਭਏ ਸਭ ਠਾਈ ॥ ੩॥ ਸੋਈ ਗਿਆਨੀ ਸੋਈ ਧਿਆਨੀ, ਸੋਈ ਪੁਰਖੁ ਸੁਭਾਈ ॥ ਕਹੁ ਨਾਨਕ ਜਿਸੁ ਭਏ ਦਇਆਲਾ, ਤਾ ਕਉ ਮਨ ਤੇ ਬਿਸਰਿ ਨ ਜਾਈ ॥੪॥੮॥ ਹੇ ਕਰਤਾਰ! ਜਿਸ ਮਨੁੱਖ ਦੇ ਹਿਰਦੇ ਵਿਚ ਤੂੰ ਵਸ ਗਿਆ ਹੈਂ, ਉਸ ਦੀ ਤੈਂ ਆਸ ਪੂਰੀ ਕਰ ਦਿਤੀ ਹੈ।ਤੂੰ ਅਪਣੇ (ਉਸ) ਦਾਸ ਨੂੰ ਕਦੇ ਨਹੀਂ ਭੁਲਦਾ, (ਜਿਸ ਦੇ) ਮਨ ਵਿਚ ਤੇਰੇ ਚਰਨਾਂ ਦੀ ਧੂੜ ਪਿਆਰੀ ਲਗਦੀ ਹੈ।੧।(ਹੇ ਪ੍ਰਭੂ!) ਤੇਰੀ ਕਥਾ ਕਥਨ ਕਰਨ ਤੋਂ ਰਹਿਤ ਹੈ, ਉਹ ਕਥਨ ਨਹੀਂ ਕੀਤੀ ਜਾ ਸਕਦੀ।ਹੇ ਗੁਣਾਂ ਦੇ ਖਜਾਨੇ! ਹੇ ਸੁਖ ਦੇਣ ਵਾਲੇ ਪ੍ਰਭੂ! ਤੇਰੀ ਵਡਿਆਈ ਸਭ ਤੋਂ ਉਚੀ ਹੈ।ਰਹਾਉ।(ਹੇ ਪ੍ਰਭੂ!) ਪ੍ਰਾਣੀ ਉਹ ਉਹ ਕੰਮ ਕਰਦਾ ਹੈ, ਜਿਸ ਤਰ੍ਹਾਂ ਦੀ ਤੂੰ (ਲਿਖਤ ਉਸਦੇ ਮੱਥੇ ਉਤੇ) ਲਿਖ ਕੇ ਪਾਈ ਹੈ।ਜਿਸ ਸੇਵਕ ਨੂੰ ਤੈਂ ਸੇਵਾ ਬਖਸ਼ੀ ਹੈ, (ਉਹ ਸੇਵਕ ਤੇਰੇ) ਦਰਸ਼ਨ ਦੇਖ ਕੇ ਰੱਜ ਜਾਂਦਾ ਹੈ।੨।(ਹੇ ਪ੍ਰਭੂ!) ਤੂੰ ਹੀ ਸਾਰੇ ਜੀਵਾਂ ਵਿਚ ਇਕ ਰਸ ਸਮਾਇਆ ਹੋਇਆ ਹੈਂ, (ਪਰ ਇਹ ਸੋਝੀ ਉਸੇ ਮਨੁੱਖ ਨੂੰ ਹੈ) ਜਿਸ ਨੂੰ ਤੂੰ ਆਪ ਸਮਝ ਬਖਸ਼ੀ ਹੈ।ਗੁਰੂ ਦੀ ਕ੍ਰਿਪਾ ਨਾਲ (ਜਿਸ ਮਨੁੱਖ ਦਾ) ਅਗਿਆਨ ਮਿਟ ਗਿਆ ਹੈ, (ਉਸ ਨੂੰ ਤੂੰ) ਸਭ ਥਾਂ ਪ੍ਰਗਟ ਹੋਇਆ ਦਿਸਦਾ ਹੈਂ।੩।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਹੀ ਗਿਆਨਵਾਨ, ਉਹ ਹੀ ਧਿਆਨ ਲਾਉਣ ਵਾਲਾ ਅਤੇ ਉਹ ਹੀ ਉਤਮ ਭਾਵ (ਨੇਕ ਨੀਅਤ) ਵਾਲਾ ਪੁਰਖ ਹੈ।ਜਿਸ ਮਨੁੱਖ ਉਤੇ ਪ੍ਰਭੂ ਜੀ ਦਿਆਲ ਹੋਏ ਹਨ, (ਪ੍ਰਭੂ) ਉਸ ਨੂੰ ਮਨ ਤੋਂ ਕਦੇ ਭੁਲ ਨਹੀ ਜਾਂਦਾ।੪।੮।

ਪਦਾਰਥ = ਜਾ ਕੈ–ਜਿਸ ਦੇ।ਹਿਰਦੈ–ਹਿਰਦੇ ਵਿਚ।ਕਰਤੇ–ਹੇ ਕਰਤਾਰ!।ਪੁਜਾਈ–ਪੂਰੀ ਕੀਤੀ।ਕਉ–ਨੂੰ।ਵਿਸਰਹਿ ਨਾਹੀ–ਭੁੱਲਦਾ ਨਹੀਂ।ਮਨਿ–ਮਨ ਵਿਚ।ਭਾਈ–ਪਿਆਰੀ ਲਗਦੀ ਹੈ।੧।ਅਕਥ ਕਥਾ–ਬਿਆਨ ਨਾ ਹੋਣ ਵਾਲੀ ਕਥਾ।ਕਥਨੁ–ਬਿਆਨ।ਨਿਧਾਨ–ਖਜਾਨਾ।ਤੇ–ਤੋਂ।ਬਡਾਈ–ਵਡਿਆਈ।ਰਹਾਉ।ਸੋ–ਉਹ।ਕਰਮ ਕਰਤ–ਕੰਮ ਕਰਦਾ ਹੈ।ਦੀਨੀ–ਦਿਤੀ (ਬਖਸ਼ੀ) ਹੈ।ਅਘਾਈ–ਰੱਜ ਜਾਂਦਾ ਹੈ।੨।ਸਾਰਬ–ਸਾਰੇ (ਜੀਵਾਂ ਵਿਚ)।ਨਿਰੰਤਰਿ–ਬਿਨਾ ਵਿੱਥ ਦੇ; ਇਕ ਰਸ।ਤੁਮਹਿ–ਤੂੰ ਹੀ।ਸਮਾਨੇ–ਸਮਾਇਆ (ਵਿਆਪਕ) ।ਜਾ ਕਉ–ਜਿਸ ਨੂੰ।ਤੁਧੁ–ਤੂੰ।ਬੁਝਾਈ–ਸਮਝ ਬਖਸ਼ੀ ਹੈ।ਪਰਸਾਦਿ–ਕ੍ਰਿਪਾ ਨਾਲ।ਭਏ–ਹੋਇਆ।ਠਾਈ–ਥਾਂ।੩।ਸੋਈ–ਉਹ ਹੀ। ਸੁਭਾਈ–ਉਤਮ ਭਾਵ (ਨੇਕ ਨੀਅਤ; ਸੋਭਾ) ਵਾਲਾ।ਤਾ ਕਉ–ਉਸ ਨੂੰ।ਬਿਸਰਿ ਨ–ਭੁਲਦਾ ਨਹੀਂ।੪।੮।

ਅੰਗ ੬੧੧ = ਸੋਰਠਿ ਮਹਲਾ ੫ ॥ ਸਗਲ ਸਮਗ੍ਰੀ ਮੋਹਿ ਵਿਆਪੀ, ਕਬ ਊਚੇ ਕਬ ਨੀਚੇ ॥ ਸੁਧੁ ਨ ਹੋਈਐ ਕਾਹੂ ਜਤਨਾ, ਓੜਕਿ ਕੋ ਨ ਪਹੂਚੇ ॥੧॥ ਮੇਰੇ ਮਨ ਸਾਧ ਸਰਣਿ ਛੁਟਕਾਰਾ ॥ ਬਿਨੁ ਗੁਰ ਪੂਰੇ ਜਨਮ ਮਰਣੁ ਨ ਰਹਈ, ਫਿਰਿ ਆਵਤ ਬਾਰੋ ਬਾਰਾ ॥ਰਹਾਉ ॥ ਓਹੁ ਜੁ ਭਰਮੁ ਭੁਲਾਵਾ ਕਹੀਅਤ, ਤਿਨ ਮਹਿ ਉਰਝਿਓ ਸਗਲ ਸੰਸਾਰਾ ॥ ਪੂਰਨ ਭਗਤੁ ਪੁਰਖ ਸੁਆਮੀ ਕਾ, ਸਰਬ ਥੋਕ ਤੇ ਨਿਆਰਾ ॥੨॥ ਨਿੰਦਉ ਨਾਹੀ ਕਾਹੂ ਬਾਤੈ, ਏਹੁ ਖਸਮ ਕਾ ਕੀਆ ॥ ਜਾ ਕਉ ਕ੍ਰਿਪਾ ਕਰੀ ਪ੍ਰਭਿ ਮੇਰੈ, ਮਿਲਿ ਸਾਧ ਸੰਗਤਿ ਨਾਉ ਲੀਆ ॥੩॥ ਪਾਰਬ੍ਰਹਮ ਪਰਮੇਸੁਰ ਸਤਿਗੁਰ, ਸਭਨਾ ਕਰਤ ਉਧਾਰਾ ॥ ਕਹੁ ਨਾਨਕ ਗੁਰ ਬਿਨੁ ਨਹੀ ਤਰੀਐ, ਇਹੁ ਪੂਰਨ ਤਤੁ ਬੀਚਾਰਾ ॥੪॥੯॥ (ਹੇ ਭਾਈ!) ਸਾਰੀ ਰਚਨਾ ਮਾਇਆ ਦੇ ਮੋਹ ਵਿਚ ਫਸੀ ਹੋਈ ਹੈ ਅਤੇ ਕਦੇ ਉਚੇ (ਅਸਮਾਨ ਵਿਚ ਲੋਕ) ਜਾ ਚੜ੍ਹਦੇ ਹਨ ਤੇ ਕਦੇ ਨੀਵੇਂ (ਟੋਏ ਵਿਚ) ਜਾ ਡਿਗਦੇ ਹਨ {ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ।ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ੮੭੬} (ਲੋਕਾਂ ਦਾ ਮਨ ਸਥਿਰ ਨਹੀਂ ਰਹਿੰਦਾ, ਡੋਲਦਾ ਰਹਿੰਦਾ ਹੈ।ਅਪਣੇ ਕੀਤੇ)

ਕਿਸੇ ਵੀ ਜਤਨ ਨਾਲ ਪਵਿਤ੍ਰ ਨਹੀਂ ਹੋ ਸਕੀਦਾ, ਅੰਤ (ਕੋਈ ਵੀ ਮਨੁੱਖ ਅਪਣੇ ਜਤਨ ਨਾਲ ਮੁਕਤੀ) ਤਕ ਕੋਈ ਵੀ ਨਹੀਂ ਪਹੁੰਚ ਸਕਦਾ।੧।ਹੇ ਮੇਰੇ ਮਨ! ਸਾਧ ਗੁਰੂ ਦੀ ਸ਼ਰਣ ਵਿਚ ਪੈਣ ਨਾਲ ਛੁਟਕਾਰਾ ਹੁੰਦਾ ਹੈ।ਪੂਰੇ ਗੁਰੂ ਦੇ ਮਿਲੇ ਤੋਂ ਬਿਨਾ ਜਨਮ ਮਰਣ ਨਹੀਂ ਮਿਟਦਾ, ਫਿਰ ਬਾਰ ਬਾਰ (ਮਨੁੱਖ ਜਨਮ ਮਰਨ ਦੇ ਗੇੜ ਵਿਚ) ਆਉਂਦਾ ਰਹਿੰਦਾ ਹੈ।ਰਹਾਉ।ਉਹ ਜੋ ਭਰਮ ਭੁਲੇਖਾ ਕਹੀਦਾ ਹੈ, ਉਸ (ਭਰਮ ਭੁਲੇਖੇ) ਵਿਚ ਸਾਰਾ ਸੰਸਾਰ ਫਸਿਆ ਪਿਆ ਹੈ।(ਜਿਹੜਾ ਕੋਈ) ਪੁਰਖ ਸੁਆਮੀ ਦਾ ਪੂਰਾ ਭਗਤ ਹੈ, ਉਹ ਸਾਰੇ (ਮਾਇਕ) ਪਦਾਰਥਾਂ ਤੋਂ ਵੱਖ ਰਹਿੰਦਾ ਹੈ।੨।(ਹੇ ਭਾਈ! ਸੰਸਾਰ; ਭਗਤ ਨੂੰ) ਕਿਸੇ ਗੱਲ ਕਰਕੇ ਨਿੰਦੋ ਨਾ, (ਕਿਉਂਕਿ) ਇਹ ਮਾਲਕ ਦਾ ਪੈਦਾ ਕੀਤਾ ਹੋਇਆ ਹੈ।ਜਿਸ ਮਨੁੱਖ ਉਤੇ ਮੇਰੇ ਪ੍ਰਭੂ ਨੇ ਕ੍ਰਿਪਾ ਕੀਤੀ ਹੈ, (ਉਸ ਨੇ ਪ੍ਰਭੂ ਦਾ) ਨਾਉ ਸਾਧ ਸੰਗਤ ਵਿਚ ਮਿਲ ਕੇ ਲਿਆ (ਜਪਿਆ) ਹੈ।੩।(ਹੇ ਭਾਈ!) ਪਾਰਬ੍ਰਹਮ ਪ੍ਰਮੇਸ਼ਰ ਦਾ ਸਰੂਪ ਸਤਿਗੁਰੂ ਸਾਰੇ ਜੀਵਾਂ ਦਾ ਉਧਾਰ ਕਰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਪੂਰਨ ਬਿਚਾਰ ਦਾ ਨਿਚੋੜ ਇਹ ਹੈ ਕਿ ਗੁਰੂ ਤੋਂ ਬਿਨਾ (ਭਵਜਲ ਨੂੰ) ਤਰਿਆ ਨਹੀਂ ਜਾ ਸਕਦਾ।੪।੯।

ਪਦਾਰਥ = ਸਗਲ ਸਮਗ੍ਰੀ–ਸਾਰੀ ਰਚਨਾ (ਸ੍ਰਿਸਟੀ)।ਮੋਹਿ–ਮੋਹ ਵਿਚ।ਵਿਆਪੀ–ਫਸੀ ਹੋਈ ਹੈ।ਕਬ–ਕਦੇ।ਸੁਧੁ–ਪਵਿਤ੍ਰ।ਕਾਹੂ ਜਤਨਾ–ਕਿਸੇ ਵੀ ਜਤਨ ਨਾਲ।ਓੜਕਿ–ਅੰਤ ਤਕ।ਕੋ–ਕੋਈ ਵੀ।੧।ਮਨ–ਹੇ ਮਨ!।ਛੁਟਕਾਰਾ–ਮੁਕਤੀ।ਨ ਰਹਈ–ਨਹੀਂ ਮਿਟਦਾ।ਬਾਰੋ ਬਾਰਾ–ਵਾਰ ਵਾਰ (ਮੁੜ ਮੁੜ)।ਰਹਾਉ।ਭੁਲਾਵਾ–ਭੁਲੇਖਾ; ਧੋਖਾ।ਕਹੀਅਤ–ਕਹੀਦਾ ਹੈ।ਤਿਨ ਮਹਿ–ਉਸ ਵਿਚ। ਉਰਝਿਓ–ਫਸਿਆ ਪਿਆ ਹੈ।ਪੁਰਖ ਸੁਆਮੀ–ਸਰਬ ਵਿਆਪਕ ਮਾਲਕ ਪ੍ਰਭੂ।ਥੋਕ–ਪਦਾਰਥ।ਤੇ–ਤੋਂ।ਨਿਆਰਾ–ਵੱਖ; ਨਿਰਲੇਪ। ੨।ਨਿੰਦਉ ਨਾਹੀ–ਨਿੰਦੋ ਨਾ; ਮਾੜਾ ਨਾ ਕਹੋ।ਕਾਹੂ ਬਾਤੈ–ਕਿਸੇ ਗੱਲ ਕਰਕੇ।ਕੀਆ–ਪੈਦਾ ਕੀਤਾ ਹੋਇਆ ਹੈ।ਜਾ ਕਉ–ਜਿਸ ਉਤੇ।ਪ੍ਰਭਿ ਮੇਰੈ –ਮੇਰੇ ਪ੍ਰਭੂ ਨੇ।ਮਿਲਿ–ਮਿਲ ਕੇ।ਲੀਆ–ਲਿਆ (ਜਪਿਆ) ਹੈ।੩।ਪਾਰਬ੍ਰਹਮ–ਜਗਤ ਤੋਂ ਪਰੇ ਨਿਰਗੁਣ ਪ੍ਰਭੂ। ਪਰਮੇਸੁਰ–ਸਭ ਤੋਂ ਵੱਡਾ ਪ੍ਰਭੂ।ਸਭਨਾ–ਸਾਰਿਆਂ ਦਾ।ਕਰਤ–ਕਰਦਾ ਹੈ।ਉਧਾਰਾ–ਪਾਰ ਉਤਾਰਾ।ਤਤੁ ਬੀਚਾਰਾ–ਬਿਚਾਰ ਦਾ ਨਿਚੋੜ ਹੈ।੪।੯।

ਸੋਰਠਿ ਮਹਲਾ ੫ ॥ ਖੋਜਤ ਖੋਜਤ ਖੋਜਿ ਬੀਚਾਰਿਓ, ਰਾਮ ਨਾਮੁ ਤਤੁ ਸਾਰਾ ॥ ਕਿਲਬਿਖ ਕਾਟੇ ਨਿਮਖ ਅਰਾਧਿਆ, ਗੁਰਮੁਖਿ ਪਾਰਿ ਉਤਾਰਾ ॥੧॥ ਹਰਿ ਰਸੁ ਪੀਵਹੁ ਪੁਰਖ ਗਿਆਨੀ ॥ ਸੁਣਿ ਸੁਣਿ ਮਹਾ ਤ੍ਰਿਪਤਿ ਮਨੁ ਪਾਵੈ, ਸਾਧੂ ਅੰਮ੍ਰਿਤ ਬਾਨੀ ॥ਰਹਾਉ॥ ਮੁਕਤਿ ਭੁਗਤਿ ਜੁਗਤਿ ਸਚੁ ਪਾਈਐ, ਸਰਬ ਸੁਖਾ ਕਾ ਦਾਤਾ ॥ ਅਪੁਨੇ ਦਾਸ ਕਉ ਭਗਤਿ ਦਾਨੁ ਦੇਵੈ, ਪੂਰਨ ਪੁਰਖੁ ਬਿਧਾਤਾ ॥੨॥ ਸ੍ਰਵਣੀ ਸੁਣੀਐ ਰਸਨਾ ਗਾਈਐ, ਹਿਰਦੈ ਧਿਆਈਐ ਸੋਈ ॥ ਕਰਣ ਕਾਰਣ ਸਮਰਥ ਸੁਆਮੀ, ਜਾ ਤੇ ਬ੍ਰਿਥਾ ਨ ਕੋਈ ॥੩॥ ਵਡੈ ਭਾਗਿ ਰਤਨ ਜਨਮੁ ਪਾਇਆ, ਕਰਹੁ ਕ੍ਰਿਪਾ ਕਿਰਪਾਲਾ ॥ ਸਾਧ ਸੰਗਿ ਨਾਨਕੁ ਗੁਣ ਗਾਵੈ, ਸਿਮਰੈ ਸਦਾ ਗੋੁਪਾਲਾ ॥੪॥੧੦॥ (ਹੇ ਭਾਈ! ਮਨ ਬਾਣੀ ਤੇ ਸਰੀਰ ਕਰਕੇ) ਖੋਜਦਿਆਂ ਖੋਜਦਿਆਂ ਖੋਜ ਕੇ ਇਹ ਵਿਚਾਰਿਆ ਹੈ ਕਿ ਪ੍ਰਭੂ ਦਾ ਨਾਮ ਸ੍ਰੇਸਟ ਤੱਤ ਹੈ।(ਜਿਸ ਮਨੁੱਖ ਨੇ) ਗੁਰੂ ਦੁਆਰਾ ਇਕ ਖਿਨ ਮਾਤ੍ਰ ਵੀ ਪ੍ਰਭੂ ਦਾ ਨਾਮ ਸਿਮਰਿਆ ਹੈ, (ਨਾਮ ਨੇ ਉਸ ਦੇ ਸਾਰੇ) ਪਾਪ ਕੱਟ ਦਿਤੇ ਹਨ ਅਤੇ (ਉਸ ਨੂੰ) ਭਵਜਲ ਤੋਂ ਪਾਰ ਕਰ ਦਿਤਾ ਹੈ।੧।ਹੇ ਗਿਆਨਵਾਨ ਪੁਰਖੋ! ਹਰੀ ਦਾ ਨਾਮ ਰਸ ਪੀਵੋ।ਸਾਧੂ ਗੁਰੂ ਦੀ ਅੰਮ੍ਰਿਤ ਬਾਣੀ ਸੁਣ ਸੁਣ ਕੇ ਮਨ ਪੂਰਨ ਤ੍ਰਿਪਤੀ ਪ੍ਰਾਪਤ ਕਰ ਲੈਂਦਾ ਹੈ।ਰਹਾਉ।ਮੁਕਤੀ, ਸੁਖ ਮਾਣਨਾ ਤੇ ਜੀਵਨ ਜਿਉਣ ਦਾ ਸਹੀ ਤਰੀਕਾ ਸੱਚੇ ਪ੍ਰਭੂ ਦੇ ਸਿਮਰਨ ਤੋਂ ਪਾਈਦਾ ਹੈ, ਜੋ ਸਾਰੇ ਸੁਖਾਂ ਦਾ ਦਾਤਾ ਹੈ।ਪੂਰਨ ਪੁਰਖ ਦੁਨੀਆਂ ਦਾ ਸਿਰਜਨਹਾਰ ਪ੍ਰਭੂ ਅਪਣੇ ਦਾਸਾਂ ਨੂੰ ਭਗਤੀ ਦਾ ਦਾਨ ਦੇਂਦਾ ਹੈ।੨।(ਪ੍ਰਭੂ ਦਾ ਜਸ) ਕੰਨਾਂ ਨਾਲ ਸੁਣਨਾ ਚਾਹੀਦਾ ਹੈ ਤੇ ਜੀਭ ਨਾਲ ਗਾਉਣਾ ਚਾਹੀਦਾ ਹੈ ਅਤੇ ਹਿਰਦੇ ਵਿਚ ਵੀ ਉਸ ਪ੍ਰਭੂ ਨੂੰ ਧਿਆਉਣਾ ਚਾਹੀਦਾ ਹੈ।ਸਾਰੇ ਕਾਰਨਾਂ ਦੇ ਕਰਨ ਵਾਲਾ ਸਰਬ ਸ਼ਕਤੀਮਾਨ ਪ੍ਰਭੂ ਹੈ, ਜਿਸ ਦੇ ਦਰ ਤੋਂ ਕੋਈ ਜੀਵ ਖਾਲੀ ਨਹੀਂ ਜਾਂਦਾ।੩।ਹੇ ਕ੍ਰਿਪਾ ਕਰਨ ਵਾਲੇ ਪ੍ਰਭੂ! ਮੇਰੇ ਉਤੇ ਕ੍ਰਿਪਾ ਕਰੋ, ਵੱਡੇ ਭਾਗਾਂ ਨਾਲ ਮੈਂ ਅਮੋਲਕ ਮਨੁੱਖਾ ਜਨਮ ਪਾਇਆ ਹੈ।ਹੇ ਗੋਪਾਲ! ਸਾਧ ਸੰਗਤ ਵਿਚ ਨਾਨਕ ਤੇਰੇ ਗੁਣ ਗਾਉਂਦਾ ਰਹੇ ਅਤੇ ਤੇਰਾ ਨਾਮ ਸਦਾ ਸਿਮਰਦਾ ਰਹੇ।੪।੧੦।

ਪਦਾਰਥ = ਖੋਜਤ ਖੋਜਤ–ਖੋਜਦਿਆਂ ਖੋਜਦਿਆਂ।ਖੋਜਿ–ਖੋਜ ਕੇ।ਤਤੁ ਸਾਰਾ–ਸ੍ਰੇਸਟ ਤੱਤ (ਸਿਧਾਂਤ)।ਕਿਲਬਿਖ–ਪਾਪ।ਨਿਮਖ– ਅੱਖ ਝਮਕਣ ਜਿਤਨਾ ਸਮਾਂ।ਗੁਰਮੁਖਿ–ਗੁਰੂ ਦੀ ਸ਼ਰਨ ਵਿਚ ਪੈ ਕੇ।ਪਾਰਿ ਉਤਾਰਾ–ਸੰਸਾਰ ਸਾਗਰ ਤੋਂ ਪਾਰ ਲੰਘਾ ਦਿਤਾ।੧। ਪੀਵਹੁ–ਪੀਵੋ।ਪੁਰਖ ਗਿਆਨੀ–ਹੇ ਗਿਆਨਵਾਨ ਪੁਰਖੋ!।ਸੁਣਿ ਸੁਣਿ–ਬਾਰ ਬਾਰ ਸੁਣ ਕੇ।ਮਹਾ ਤ੍ਰਿਪਤਿ–ਪੂਰਨ ਰੱਜ (ਸੰਤੋਖ) ।ਸਾਧੂ–ਪੂਰਨ ਗੁਰੂ।ਬਾਨੀ–ਗੁਰਬਾਣੀ।ਰਹਾਉ।ਭੁਗਤਿ–ਸੁਖ ਮਾਣਨਾ।ਜੁਗਤਿ–ਜੀਵਨ ਜਿਉਣ ਦਾ ਸਹੀ ਤਰੀਕਾ।ਸਚੁ–ਸੱਚਾ ਪ੍ਰਭੂ।ਸਰਬ–ਸਾਰੇ।ਕਉ–ਨੂੰ।ਪੂਰਨ ਪੁਰਖੁ–ਸਰਬ ਵਿਆਪਕ ਅਕਾਲ ਪੁਰਖ।ਬਿਧਾਤਾ–ਜਗਤ ਦਾ ਸਿਰਜਣਹਾਰ; ਕਰਮਾਂ ਅਨੁਸਾਰ

ਫਲ ਦੇਣ ਵਾਲਾ।੨।ਸ੍ਰਵਣੀ–ਕੰਨਾਂ ਨਾਲ।ਰਸਨਾ–ਜੀਭ ਨਾਲ।ਹਿਰਦੈ–ਹਿਰਦੇ ਵਿਚ।ਸੋਈ–ਉਹ ਹੀ (ਉਸ ਨੂੰ)।ਕਰਣ ਕਾਰਣ–ਜਗਤ ਦਾ ਮੂਲ; ਸਾਰੇ ਕਾਰਣਾਂ ਦੇ ਕਰਨ ਵਾਲਾ।ਸਮਰਥ–ਸਰਬ ਸ਼ਕਤੀਮਾਨ।ਤਾ ਤੇ–ਜਿਸ (ਦੇ ਦਰ) ਤੋਂ।ਬ੍ਰਿਥਾ–ਖਾਲੀ।੩।ਵਡੈ ਭਾਗਿ–ਵੱਡੇ ਭਾਗਾਂ ਨਾਲ।ਰਤਨ ਜਨਮੁ–ਅਮੋਲਕ ਮਨੁੱਖਾ ਜਨਮ।ਕਿਰਪਾਲਾ–ਹੇ ਕ੍ਰਿਪਾ ਕਰਨ ਵਾਲੇ ਪ੍ਰਭੂ !।ਗੋੁਪਾਲਾ–ਹੇ ਗੁਪਾਲ ! ।੪।੧੦।

ਸੋਰਠਿ ਮਹਲਾ ੫ ॥ ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ, ਮਨ ਤਨ ਭਏ ਅਰੋਗਾ ॥ ਕੋਟਿ ਬਿਘਨ ਲਾਥੇ ਪ੍ਰਭ ਸਰਣਾ, ਪ੍ਰਗਟੇ ਭਲੇ ਸੰਜੋਗਾ ॥੧॥ ਪ੍ਰਭ ਬਾਣੀ ਸਬਦੁ ਸੁਭਾਖਿਆ ॥ ਗਾਵਹੁ ਸੁਣਹੁ ਪੜਹੁ ਨਿਤ ਭਾਈ, ਗੁਰ ਪੂਰੈ ਤੂ ਰਾਖਿਆ ॥ਰਹਾਉ॥ ਸਾਚਾ ਸਾਹਿਬੁ ਅਮਿਤਿ ਵਡਾਈ, ਭਗਤਿ ਵਛਲ ਦਇਆਲਾ ॥ ਸੰਤਾ ਕੀ ਪੈਜ ਰਖਦਾ ਆਇਆ, ਆਦਿ ਬਿਰਦੁ ਪ੍ਰਤਿਪਾਲਾ ॥੨॥ ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ ,ਸਰਬ ਵੇਲਾ ਮੁਖਿ ਪਾਵਹੁ ॥ ਜਰਾ ਮਰਾ ਤਾਪੁ ਸਭੁ ਨਾਠਾ, ਗੁਣ ਗੋਬਿੰਦ ਨਿਤ ਗਾਵਹੁ ॥੩॥ ਸੁਣੀ ਅਰਦਾਸਿ ਸੁਆਮੀ ਮੇਰੈ, ਸਰਬ ਕਲਾ ਬਣਿਆਈ ॥ ਪ੍ਰਗਟ ਭਈ ਸਗਲੇ ਜੁਗ ਅੰਤਰਿ, ਗੁਰ ਨਾਨਕ ਕੀ ਵਡਿਆਈ ॥੪॥੧੧॥ ਇਹ ਸ਼ਬਦ ਬਾਲਕ ਹਰਿਗੋਬਿੰਦ ਸਾਹਿਬ ਜੀ ਦੇ ਸੀਤਲਾ ਤੋਂ ਅਰੋਗ ਹੋਣ ਸਮੇਂ ਉਚਾਰਿਆ ਗਿਆ ਹੈ।(ਹੇ ਭਾਈ !) ਇਸ਼ਨਾਨ ਕਰਕੇ ਤੂੰ ਅਪਨੇ ਪ੍ਰਭੂ ਨੂੰ ਸਿਮਰ, (ਕਿਉਂਕਿ ਪ੍ਰਭੂ ਨੂੰ ਸਿਮਰ ਕੇ) ਮਨ ਤੇ ਤਨ ਅਰੋਗ ਹੋ ਗਏ ਹਨ (ਸਾਧ ਸੰਗਤ ਰੂਪ ਸਰੋਵਰ ਵਿਚ ਇਸ਼ਨਾਨ ਕਰਕੇ ਤੇ ਪ੍ਰਭੂ ਨੂੰ ਸਿਮਰ ਕੇ ਮਨ ਦੇ ਵਿਕਾਰ ਮਿਟ ਜਾਂਦੇ ਹਨ ਤੇ ਤਨ ਨਵਾਂ ਨਰੋਆ ਹੋ ਜਾਂਦਾ ਹੈ)।ਪ੍ਰਭੂ ਦੀ ਸ਼ਰਣ ਵਿਚ ਪੈਣ ਕਰਕੇ ਕ੍ਰੋੜਾਂ ਬਿਘਨ ਮਿਟ ਗਏ ਹਨ, (ਮਾਨੋਂ ਸਾਡੇ) ਚੰਗੇ ਭਾਗ ਪ੍ਰਗਟ ਹੋਏ ਹਨ (ਚੰਗੇ ਕਰਮਾਂ ਦਾ ਫਲ ਪ੍ਰਗਟ ਹੋਇਆ ਹੈ)।੧।(ਹੇ ਬਾਲਕ ਹਰਿਗੋਬਿੰਦ ! ਗੁਰੂ ਦਾ) ਸੁੰਦਰ ਉਚਾਰਿਆ ਸ਼ਬਦ ਪ੍ਰਭੂ ਦੀ (ਸਿਫਤ ਸਲਾਹ ਦੀ) ਬਾਣੀ ਹੈ।ਹੇ ਭਾਈ ! (ਇਸ ਬਾਣੀ ਨੂੰ) ਹਰ ਰੋਜ ਪੜ੍ਹੋ ,ਸੁਣੋ ਤੇ ਗਾਵੋ, ਪੂਰੇ ਗੁਰੂ ਨੇ (ਸੀਤਲਾ ਦੇ ਤਾਪ ਤੋਂ ਤੇਰੀ) ਰੱਖਿਆ ਕੀਤੀ ਹੈ।ਰਹਾਉ।ਉਹ ਮਾਲਕ ਪ੍ਰਭੂ ਸੱਚਾ ਹੈ, ਉਸ ਦੀ ਵਡਿਆਈ ਬੇਅੰਤ ਹੈ, ਉਹ ਦਇਆ ਕਰਨ ਵਾਲਾ ਪ੍ਰਭੂ ਭਗਤੀ ਨਾਲ ਪਿਆਰ ਕਰਨ ਵਾਲਾ ਹੈ।ਉਹ ਸੰਤਾਂ ਦੀ ਲਾਜ ਰਖਦਾ ਆਇਆ ਹੈ, ਸਭ ਦੀ ਪਾਲਣਾ ਕਰਨਾ ਸ਼ੁਰੂ ਤੋਂ (ਉਸ ਦਾ) ਬਿਰਦ ਹੈ।੨।ਹਰੀ ਦਾ ਅੰਮ੍ਰਿਤ ਨਾਮ ਰੂਪ ਭੋਜਨ ਹਰ ਰੋਜ ਛਕੋ ,ਹਰ ਵੇਲੇ (ਇਹ ਭੋਜਨ) ਮੂੰਹ ਵਿਚ ਪਾਵੋ (ਨਾਮ ਸਿਮਰਦੇ ਰਹੋ)।ਗੋਬਿੰਦ ਦੇ ਗੁਣ ਹਰ ਰੋਜ ਗਾਵੋ, (ਤਾਂ ਸਮਝੋ ਤੁਹਾਡਾ) ਬੁਢੇਪਾ, ਮੌਤ ਤੇ ਤਾਪ ਸਭ ਭੱਜ ਗਿਆ।੩।ਮੇਰੇ ਮਾਲਕ ਨੇ ਅਰਦਾਸ ਸੁਣ ਲਈ, (ਜਿਸ ਤੋਂ ਮੇਰੇ ਅੰਦਰ) ਸਾਰੀ ਸ਼ਕਤੀ ਬਣ ਆਈ (ਪੈਦਾ ਹੋ ਗਈ) ਹੈ।(ਤਾਪ ਮਿਟਾ ਦੇਣ ਵਾਲੇ) ਗੁਰੂ ਨਾਨਕ ਦੇਵ ਜੀ ਦੀ ਵਡਿਆਈ ਸਾਰੇ ਜਗਤ ਦੇ ਅੰਦਰ ਪ੍ਰਗਟ ਹੋਈ ਹੈ (ਦਰਪਣ ਤੋਂ ਬਿਨਾ ਸਭ ਟੀਕਾਕਾਰਾਂ ਨੇ 'ਗੁਰੂ ਨਾਨਕ ਦੇਵ ਜੀ ਦੀ ਵਡਿਆਈ' ਅਰਥ ਕੀਤੇ ਹਨ)।੪।੧੧।

ਪਦਾਰਥ = ਕਰਿ–ਕਰਕੇ।ਭਏ–ਹੋ ਗਏ ਹਨ।ਅਰੋਗਾ–ਰੋਗ ਰਹਿਤ; ਤੰਦਰੁਸਤ।ਕੋਟਿ–ਕ੍ਰੋੜਾਂ।ਲਾਥੇ–ਮਿਟ ਗਏ।ਭਲੇ–ਚੰਗੇ। ਸੰਜੋਗਾ–ਭਾਗ; ਕਰਮਾਂ ਦਾ ਫਲ।੧।ਪ੍ਰਭ ਬਾਣੀ–ਪ੍ਰਭੂ ਦੀ ਸਿਫਤ ਸਲਾਹ ਵਾਲੀ ਬਾਣੀ।ਸੁਭਾਖਿਆ–ਸੁੰਦਰ ਤਰੀਕੇ ਨਾਲ ਉਚਾਰਿਆ ਹੋਇਆ (ਜੋ ਸੌਖਾ ਸਮਝਿਆ ਜਾ ਸਕੇ)।ਨਿਤ–ਹਰ ਰੋਜ; ਸਦਾ।ਭਾਈ–ਹੇ ਭਾਈ !।ਗੁਰ ਪੂਰੈ–ਪੂਰੇ ਗੁਰੂ ਨੇ।ਰਾਖਿਆ–ਰੱਖਿਆ ਕੀਤੀ। ਰਹਾਉ।ਅਮਿਤਿ–ਮਿਣਤੀ ਤੋਂ ਰਹਿਤ (ਬੇਅੰਤ)।ਭਗਤਿ ਵਛਲ–ਭਗਤੀ ਨੂੰ ਪਿਆਰਾ ਕਰਨ ਵਾਲਾ ਹੈ।ਪੈਜ–ਲਾਜ।ਆਦਿ–ਸ਼ੁਰੂ ਤੋਂ। ਬਿਰਦ–ਸੁਭਾਵ।੨।ਭੁੰਚਹੁ–ਖਾਓ।ਸਰਬ ਵੇਲਾ–ਹਰ ਸਮੇਂ।ਮੁਖਿ–ਮੂੰਹ ਵਿਚ।ਜਰਾ–ਬੁਢੇਪਾ; ਮਰਾ–ਮੌਤ।ਤਾਪੁ–ਬੁਖਾਰ; ਦੁਖ ਕਲੇਸ਼ ।੩।ਸੁਆਮੀ ਮੇਰੈ–ਮੇਰੇ ਮਾਲਕ ਨੇ।ਸਰਬ ਕਲਾ–(ਰੋਗ ਦੂਰ ਕਰਨ ਵਾਲੀ) ਸਾਰੀ ਤਾਕਤ।ਬਣਿ ਆਈ–ਪੈਦਾ ਹੋ ਆਈ ਹੈ।ਭਈ– ਹੋਈ ਹੈ।ਸਗਲੇ–ਸਾਰੇ।ਜੁਗ ਅੰਤਰਿ–ਜਗਤ ਦੇ ਅੰਦਰ।੪।੧੧।

ਸੋਰਠਿ ਮਹਲਾ ੫ ਘਰੁ ੨ ਚਉਪਦੇ ੴ ਸਤਿਗੁਰ ਪ੍ਰਸਾਦਿ ॥ ਏਕੁ ਪਿਤਾ ਏਕਸ ਹਮ ਬਾਰਿਕ, ਤੂ ਮੇਰਾ ਗੁਰ ਹਾਈ ॥ ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ, ਹਰਿ ਦਰਸਨੁ ਦੇਹੁ ਦਿਖਾਈ ॥੧॥ (ਸੰ.ਸ. ਤੇ ਫ.ਸ. ਅਨੁਸਾਰ ਗੁਰੂ ਅਰਜਨ ਦੇਵ ਜੀ ਅੱਗੇ ਭਰਾ ਮਹਾਂ ਦੇਵ ਜੀ ਬੇਨਤੀ ਕਰਦੇ ਹਨ।ਹੇ ਭਾਈ !) ਸਾਡਾ ਇਕ ਪਿਤਾ ਹੈ, ਇਕ ਦੇ ਹੀ ਅਸੀਂ ਬੱਚੇ ਹਾਂ ਅਤੇ ਤੂੰ ਮੇਰਾ ਗੁਰੂ ਹੈਂ; ਗੁਰ ਭਾਈ ਹੈਂ।ਦੂਜਾ ਅਰਥ = ਇਕ ਪ੍ਰਮੇਸਰ ਸਭ ਜੀਵਾਂ ਦਾ ਪਿਤਾ ਹੈ ਅਤੇ ਅਸੀਂ ਸਾਰੇ ਉਸ ਦੇ ਬੱਚੇ ਹਾਂ, ਤੂੰ ਮੇਰਾ ਗੁਰੂ ਹੈਂ।ਹੇ ਮਿਤ੍ਰ (ਗੁਰੂ) ! ਸੁਣ, ਮੇਰਾ ਦਿਲ ਤੈਥੋਂ ਬਲਿਹਾਰ ਜਾਵੇਗਾ, (ਜੇਕਰ ਤੂੰ ਮੈਨੂੰ) ਹਰੀ ਦਾ ਦਰਸ਼ਨ ਦਿਖਾ ਦੇਵੇਂ।੧।

ਅੰਗ ੬੧੨ = ਸੁਣਿ ਮੀਤਾ ਧੂਰੀ ਕਉ ਬਲਿ ਜਾਈ ॥ ਇਹੁ ਮਨੁ ਤੇਰਾ ਭਾਈ ॥ਰਹਾਉ॥ ਪਾਵ ਮਲੋਵਾ ਮਲਿ ਮਲਿ ਧੋਵਾ, ਇਹੁ ਮਨੁ ਤੈ ਕੂ ਦੇਸਾ ॥ ਸੁਣਿ ਮੀਤਾ ਹਉ ਤੇਰੀ ਸਰਣਾਈ ਆਇਆ, ਪ੍ਰਭ ਮਿਲਉ ਦੇਹੁ ਉਪਦੇਸਾ ॥੨॥ ਮਾਨੁ ਨ ਕੀਜੈ ਸਰਣਿ ਪਰੀਜੈ, ਕਰੈ ਸੁ ਭਲਾ ਮਨਾਈਐ ॥ ਸੁਣਿ ਮੀਤਾ ਜੀਉ ਪਿੰਡੁ ਸਭੁ ਤਨੁ ਅਰਪੀਜੈ, ਇਉ ਦਰਸਨੁ ਹਰਿ ਜੀਉ ਪਾਈਐ ॥੩॥ ਭਇਓ

ਅਨੁਗ੍ਰਹੁ ਪ੍ਰਸਾਦਿ ਸੰਤਨ ਕੈ, ਹਰਿ ਨਾਮਾ ਹੈ ਮੀਠਾ ॥ ਜਨ ਨਾਨਕ ਕਉ ਗੁਰਿ ਕਿਰਪਾ ਧਾਰੀ, ਸਭੁ ਅਕੁਲ ਨਿਰੰਜਨੁ ਡੀਠਾ ॥੪॥੧੨॥ ਹੇ ਮਿਤ੍ਰ! ਮੈਂ ਤੇਰੇ ਚਰਨਾਂ ਦੀ ਧੂੜ ਤੋਂ ਕੁਰਬਾਨ ਜਾਂਦਾ ਹਾਂ। ਹੇ ਭਾਈ! ਇਹ ਮਨ ਵੀ ਤੇਰਾ ਹੀ ਹੈ (ਤੈਨੂੰ ਅਰਪਣ ਕਰਦਾ ਹਾਂ)। ਰਹਾਉ। (ਹੇ ਮਿਤ੍ਰ!) ਮੈਂ ਤੇਰੇ ਪੈਰ ਮਲਾਂ (ਚਰਨ ਘੁੱਟਾਂ), ਮਲ ਮਲ ਕੇ ਧੋਵਾਂ ਅਤੇ ਇਹ ਅਪਣਾ ਮਨ ਤੈਨੂੰ ਦੇ ਦਿਆਂ। ਹੇ ਮਿਤ੍ਰ (ਗੁਰੂ ਜੀ)! ਸੁਣ, ਮੈਂ ਤੇਰੀ ਸ਼ਰਣ ਵਿਚ ਆਇਆ ਹਾਂ, ਮੈਨੂੰ (ਐਸਾ) ਉਪਦੇਸ਼ ਦਿਓ, (ਜਿਸ ਕਰਕੇ) ਮੈਂ ਪ੍ਰਭੂ ਨੂੰ ਮਿਲ ਪਵਾਂ।੨। (ਅੱਗੇ ਗੁਰੂ ਅਰਜਨ ਦੇਵ ਜੀ ਉਪਦੇਸ਼ ਦੇਂਦੇ ਹਨ ਕਿ ਹੇ ਭਾਈ!) ਹੰਕਾਰ ਨਹੀਂ ਕਰਨਾ ਚਾਹੀਦਾ, (ਗੁਰੂ ਦੀ) ਸ਼ਰਨੀ ਪੈਣਾ ਚਾਹੀਦਾ ਹੈ, (ਜੋ ਕੁਝ ਗੁਰੂ) ਕਰੇ, ਉਹ ਭਲਾ ਕਰਕੇ ਮੰਨਣਾ ਚਾਹੀਦਾ ਹੈ। ਹੇ ਮਿਤ੍ਰ (ਗੁਰਸਿੱਖ)! ਸੁਣ, ਅਪਣਾ ਜੀਵਨ, ਸਥੂਲ ਸਰੀਰ ਤੇ ਸੂਖਮ ਸਰੀਰ ਸਭ ਅਰਪ ਦੇਣਾ ਚਾਹੀਦਾ ਹੈ, ਇਉਂ ਹਰੀ ਜੀਉ ਦਾ ਦਰਸ਼ਨ ਪਾ ਲਈਦਾ ਹੈ।੩। (ਗੁਰੂ ਅਰਜਨ ਦੇਵ ਜੀ ਹੁਣ ਅਪਣਾ ਮੇਲ ਕਿਵੇਂ ਹੋਇਆ? ਉਸ ਵਾਰੇ ਦਸਦੇ ਹਨ) ਸੰਤਾਂ ਦੀ ਕ੍ਰਿਪਾ ਨਾਲ ਪ੍ਰਭੂ ਦੀ ਮੇਹਰ ਹੋਈ, (ਤਾਂ ਮੈਨੂੰ) ਹਰੀ ਦਾ ਨਾਮ ਮਿੱਠਾ ਲੱਗਣ ਲਗ ਪਿਆ । ਦਾਸ ਨਾਨਕ ਉਤੇ ਗੁਰੂ ਨੇ ਕ੍ਰਿਪਾ ਕੀਤੀ, ਤਾਂ ਸਭ ਪਾਸੇ ਕੁਲ ਰਹਿਤ ਤੇ ਮਾਇਆ ਤੋਂ ਨਿਰਲੇਪ ਪ੍ਰਭੂ ਨੂੰ ਦੇਖ ਲਿਆ ਹੈ।੪।੧੨।

ਪਦਾਰਥ = ਚਉਪਦੇ–ਚਾਰ ਪਦਿਆਂ ਵਾਲੇ ਸ਼ਬਦ। ਹਮ–ਅਸੀਂ। ਬਾਰਿਕ–ਬੱਚੇ। ਗੁਰ ਹਾਈ (ਹਈ, ਲਹਿੰਦੀ ਬੋਲੀ)–ਹੈਂ; ਗੁਰਹਾਈ–ਗੁਰ ਭਾਈ ਹੈਂ (ਸੰ.ਸ.; ਫ.ਸ.; ਦਰਪਣ)। ਮੀਤਾ–ਹੇ ਮਿਤ੍ਰ!। ਹਮਾਰਾ–ਮੇਰਾ। ਜੀਉ–ਜੀਵਨ। ਬਲਿ ਬਲਿ–ਕੁਰਬਾਨ। ਜਾਸੀ–ਜਾਵੇਗਾ।੧। ਧੂਰੀ–ਚਰਨ ਧੂੜ। ਕਉ–ਨੂੰ (ਤੋਂ)। ਜਾਈ–ਜਾਂਦਾ ਹਾਂ। ਭਾਈ–ਹੇ ਭਾਈ!। ਰਹਾਉ। ਪਾਵ–ਪੈਰ (ਚਰਨ)। ਮਲੋਵਾ–ਮਲਾਂ (ਘੁੱਟਾਂ)। ਮਲਿ ਮਲਿ–ਮਲ ਮਲ ਕੇ। ਤੈ ਕੂ (ਲਹਿੰਦੀ ਬੋਲੀ)–ਤੈਨੂੰ। ਦੇਸਾ–ਦੇ ਦਿਆਂ। ਹਉ–ਮੈਂ। ਮਿਲਉ–ਮਿਲ ਪਵਾਂ। ਦੇਹੁ–ਦੇ ਦਿਓ।੨। ਮਾਨੁ–ਹੰਕਾਰ। ਨ ਕੀਜੈ–ਨਹੀਂ ਕਰਨਾ ਚਾਹੀਦਾ। ਪਰੀਜੈ–ਪੈਣਾ ਚਾਹੀਦਾ ਹੈ। ਸੁ–ਉਹ। ਭਲਾ ਮਨਾਈਐ–ਭਲਾ ਕਰਕੇ ਮੰਨਣਾ ਚਾਹੀਦਾ ਹੈ। ਪਿੰਡੁ–ਸਥੂਲ ਸਰੀਰ। ਤਨੁ–ਸੂਖਮ ਸਰੀਰ। ਅਰਪੀਜੈ–ਭੇਟਾ ਕਰਨਾ ਚਾਹੀਦਾ ਹੈ।੩। ਭਇਓ ਅਨੁਗ੍ਰਹੁ–ਮੇਹਰ ਹੋਈ। ਪ੍ਰਸਾਦਿ–ਕ੍ਰਿਪਾ ਨਾਲ। ਜਨ ਨਾਨਕ–ਦਾਸ ਨਾਨਕ। ਕਉ–ਨੂੰ (ਉਤੇ)। ਗੁਰਿ–ਗੁਰੂ ਨੇ। ਧਾਰੀ–ਕੀਤੀ। ਅਕੁਲ–ਜਿਸ ਦੀ ਕੋਈ ਕੁਲ ਨਹੀਂ। ਨਿਰੰਜਨੁ–ਮਾਇਆ ਦੀ ਕਾਲਖ ਤੋਂ ਰਹਿਤ। ਡੀਠਾ–ਦੇਖ ਲਿਆ।੪।੧੨।

ਸੋਰਠਿ ਮਹਲਾ ੫ ॥ ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ, ਸਰਬ ਜੀਆ ਕਾ ਦਾਤਾ ਰੇ ॥ ਪ੍ਰਤਿਪਾਲੈ ਨਿਤ ਸਾਰਿ ਸਮਾਲੈ, ਇਕੁ ਗੁਨੁ ਨਹੀ ਮੂਰਖਿ ਜਾਤਾ ਰੇ ॥੧॥ ਹਰਿ ਆਰਾਧਿ ਨ ਜਾਨਾ ਰੇ ॥ ਹਰਿ ਹਰਿ ਗੁਰੁ ਗੁਰੁ ਕਰਤਾ ਰੇ ॥ ਹਰਿ ਜੀਉ ਨਾਮੁ ਪਰਿਓ ਰਾਮ ਦਾਸੁ ॥ਰਹਾਉ॥ ਦੀਨ ਦਇਆਲ ਕ੍ਰਿਪਾਲ ਸੁਖ ਸਾਗਰ, ਸਰਬ ਘਟਾ ਭਰਪੂਰੀ ਰੇ ॥ ਪੇਖਤ ਸੁਨਤ ਸਦਾ ਹੈ ਸੰਗੇ, ਮੈ ਮੂਰਖ ਜਾਨਿਆ ਦੂਰੀ ਰੇ ॥੨॥ ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ ,ਕਿਆ ਜਾਨਉ ਹੋਇ ਕੈਸੋ ਰੇ ॥ ਕਰਉ ਬੇਨਤੀ ਸਤਿਗੁਰ ਅਪੁਨੇ, ਮੈ ਮੂਰਖ ਦੇਹੁ ਉਪਦੇਸੋ ਰੇ ॥੩॥ ਮੈ ਮੂਰਖ ਕੀ ਕੇਤਕ ਬਾਤ ਹੈ, ਕੋਟਿ ਪਰਾਧੀ ਤਰਿਆ ਰੇ ॥ ਗੁਰੁ ਨਾਨਕੁ ਜਿਨਿ ਸੁਣਿਆ ਪੇਖਿਆ, ਸੇ ਫਿਰਿ ਗਰਭਾਸਿ ਨ ਪਰਿਆ ਰੇ ॥੪॥੨॥੧੩॥ ਹੇ ਭਾਈ! ਪ੍ਰਭੂ ਕ੍ਰੋੜਾਂ ਬ੍ਰਹਮੰਡਾਂ ਦਾ ਮਾਲਕ ਹੈ ਤੇ ਸਾਰੇ ਜੀਵਾਂ ਦਾ ਦਾਤਾ ਹੈ। ਉਹ ਸਭ ਜੀਵਾਂ ਦੀ ਪਾਲਨਾ ਕਰਦਾ ਹੈ, ਸਦਾ ਖਬਰ ਸਾਰ ਲੈ ਕੇ ਸੰਭਾਲ ਕਰਦਾ ਹੈ, (ਪਰ) ਮੈਂ ਮੂਰਖ ਨੇ (ਉਸ ਦਾ) ਇਕ ਵੀ ਗੁਣ ਨਹੀਂ ਜਾਣਿਆ।੧। ਹੇ ਭਾਈ! ਮੈਂ ਹਰੀ ਦੀ ਅਰਾਧਨਾ ਕਰਨ (ਦੀ ਜੁਗਤੀ) ਨਹੀਂ ਜਾਣਦਾ। ਹੇ ਭਾਈ! ਮੈਂ (ਜੀਭ ਨਾਲ ਕੇਵਲ) ਹਰਿ ਹਰਿ, ਗੁਰੂ ਗੁਰੂ ਕਰਦਾ ਹਾਂ। ਹੇ ਹਰਿ ਜੀਉ! ਮੇਰਾ ਨਾਮ ਰਾਮ ਦਾ ਦਾਸ ਪੈ ਗਿਆ ਹੈ (ਲੋਕ ਮੈਨੂੰ ਤੇਰਾ ਸੇਵਕ ਕਹਿੰਦੇ ਹਨ, ਅਪਣੇ ਨਾਮ ਦੀ ਲਾਜ ਰੱਖਣੀ)। ਰਹਾਉ। ਹੇ ਭਾਈ! ਪ੍ਰਭੂ ਗਰੀਬਾਂ ਉਤੇ ਦਇਆ ਕਰਨ ਵਾਲਾ ਕ੍ਰਿਪਾ ਕਰਨ ਵਾਲਾ ਤੇ ਸੁੱਖਾਂ ਦਾ ਸਮੁੰਦਰ ਹੈ, ਉਹ ਸਾਰੇ ਜੀਵਾਂ ਵਿਚ ਪਰੀਪੂਰਨ ਹੈ। ਹੇ ਭਾਈ! ਉਹ ਸਦਾ ਅੰਗ ਸੰਗ ਹੋ ਕੇ (ਸਭ ਦੇ ਕਰਮ) ਦੇਖਦਾ ਹੈ ਤੇ (ਸਭ ਦੀਆਂ ਅਰਦਾਸਾਂ) ਸੁਣਦਾ ਹੈ, (ਪਰ ਮੈਂ) ਮੂਰਖ ਨੇ (ਉਸ ਨੂੰ ਅਪਣੇ ਤੋਂ) ਦੂਰ ਵਸਦਾ ਜਾਣਿਆ ਹੈ।੨। ਹੇ ਭਾਈ! ਹਰੀ ਬੇਅੰਤ ਹੈ, ਮੈਂ ਮੂਰਖ (ਉਸ ਨੂੰ) ਅੰਦਾਜੇ (ਹੱਦ) ਵਿਚ ਮੰਨ ਕਰਕੇ ਦਸਦਾ ਹਾਂ, ਮੈਂ ਕੀ ਜਾਣਦਾ ਹਾਂ ਕਿ ਉਹ ਕਿਹੋ ਜਿਹਾ ਹੋਵੇਗਾ। ਹੇ ਭਾਈ! ਮੈਂ ਅਪਣੇ ਸਤਿਗੁਰੂ ਅੱਗੇ ਬੇਨਤੀ ਕਰਦਾ ਹਾਂ ਕਿ ਮੈਨੂੰ ਮੂਰਖ ਨੂੰ (ਹਰੀ ਦੇ ਗਿਆਨ ਦਾ) ਉਪਦੇਸ਼ ਦੇਵੋ।੩। ਹੇ ਭਾਈ! ਮੈਂ ਮੂਰਖ ਦੀ ਕਿਹੜੀ ਗੱਲ ਹੈ, (ਸਤਿਗੁਰੂ ਦੇ ਉਪਦੇਸ਼ ਰਾਹੀਂ) ਕ੍ਰੋੜਾਂ ਪਾਪੀ ਭਵਜਲ ਤੋਂ ਤਰ ਗਏ ਹਨ। ਹੇ ਭਾਈ! ਜਿਨ੍ਹਾਂ ਪੁਰਖਾਂ ਨੇ ਗੁਰੂ ਨਾਨਕ ਦੇਵ ਜੀ ਨੂੰ (ਆਪ ਖੁਦ ਅੱਖਾਂ ਨਾਲ) ਦੇਖਿਆ ਹੈ ਅਤੇ (ਹੋਰਨਾਂ ਤੋਂ ਉਨ੍ਹਾਂ ਦਾ ਉਪਦੇਸ਼ ਜਾਂ ਜਸ) ਸੁਣਿਆ ਹੈ, ਉਹ ਮੁੜ ਕੇ ਗਰਭ ਜੋਨ ਵਿਚ ਨਹੀਂ ਪਏ (ਉਨ੍ਹਾਂ ਦਾ ਜਨਮ ਮਰਨ ਦਾ ਗੇੜ ਮੁੱਕ ਗਿਆ)।੪।੨।੧੩।

ਪਦਾਰਥ = ਕੋਟਿ–ਕ੍ਰੋੜਾਂ। ਬ੍ਰਹਮੰਡ–ਬ੍ਰਹਮ ਦਾ ਆਂਡਾ (ਪ੍ਰਭੂ ਦੀ ਪੈਦਾਇਸ਼ ਜਗਤ)। ਕੋ–ਦਾ। ਠਾਕੁਰੁ–ਪ੍ਰਭੂ। ਸੁਆਮੀ–ਮਾਲਕ। ਸਰਬ

–ਸਾਰੇ।ਜੀਆ ਕਾ–ਜੀਵਾਂ ਦਾ।ਰੇ–ਹੇ ਭਾਈ!।ਨਿਤ–ਰੋਜ; ਸਦਾ।ਸਾਰਿ–ਖਬਰ ਸਾਰ ਲੈ ਕੇ।ਸਮਾਲੈ–ਸੰਭਾਲਦਾ ਹੈ।ਗੁਨੁ–ਭਲਾ। ਮੂਰਖਿ–ਮੈਂ ਮੂਰਖ ਨੇ।ਨ ਜਾਤਾ–ਨਹੀਂ ਜਾਣਿਆ।੧।ਆਰਾਧਿ–ਅਰਾਧਨਾ ਕਰਨੀ।ਨ ਜਾਨਾ–ਨਹੀਂ ਜਾਣਦਾ।ਕਰਤਾ–ਕਰਦਾ ਹਾਂ। ਹਰਿ ਜੀਉ–ਹੇ ਹਰਿ ਜੀਉ!।ਪਰਿਓ–ਪੈ ਗਿਆ।ਰਾਮ ਦਾਸੁ–ਰਾਮ ਦਾ ਦਾਸ।ਰਹਾਉ।ਦੀਨ ਦਇਆਲ–ਗਰੀਬਾਂ ਉਤੇ ਦਇਆ ਕਰਨ ਵਾਲਾ ਪ੍ਰਭੂ।ਸੁਖ ਸਾਗਰ–ਸੁੱਖਾਂ ਦਾ ਸਮੁੰਦਰ।ਸਰਬ–ਸਾਰੇ।ਘਟਾ–ਜੀਵਾਂ ਵਿਚ।ਭਰਪੂਰੀ–ਪਰੀਪੂਰਨ (ਵਿਆਪਕ)।ਪੇਖਤ–ਦੇਖਦਾ ਹੈ।ਸੰਗੇ–ਅੰਗ ਸੰਗ।੨।ਹਉ–ਮੈਂ।ਮਿਤਿ ਕਰਿ–ਅੰਦਾਜੇ (ਹੱਦ; ਮਾਪ ਮਿਣਤੀ) ਵਿਚ ਮੰਨ ਕਰਕੇ।ਵਰਨਉ–ਦਸਦਾ ਹਾਂ।ਕਿਆ ਜਾਨਉ–ਮੈਂ ਕੀ ਜਾਣਦਾ ਹਾਂ? ਕੈਸੋ–ਕਿਹੋ ਜਿਹਾ ਹੈ।ਕਰਉ–ਕਰਦਾ ਹਾਂ।ਮੈ ਮੂਰਖ–ਮੈਨੂੰ ਮੂਰਖ ਨੂੰ।੩।ਕੇਤਕ–ਕੀ; ਕਿਹੜੀ।ਬਾਤ–ਗੱਲ।ਪਰਾਧੀ–ਪਾਪੀ।ਤਰਿਆ–(ਸੰਸਾਰ ਸਮੁੰਦਰ ਤੋਂ) ਤਰ ਗਏ ਹਨ।ਜਿਨ–ਜਿਨ੍ਹਾਂ ਨੇ।ਪੇਖਿਆ–ਦੇਖਿਆ (ਦਰਸ਼ਨ ਕੀਤੇ ਹਨ)।ਸੇ–ਉਹ (ਪੁਰਖ)।ਫਿਰਿ–ਮੁੜ ਦੁਬਾਰਾ।ਗਰਭਾਸਿ–ਗਰਭ ਜੋਨਿ ਵਿਚ।ਨ ਪਰਿਆ–ਨਹੀਂ ਪਏ।੪। ੨।੧੩।

ਸੋਰਠਿ ਮਹਲਾ ੫ ॥ ਜਿਨਾ ਬਾਤ ਕੋ ਬਹੁਤੁ ਅੰਦੇਸਰੋ, ਤੇ ਮਿਟੇ ਸਭਿ ਗਇਆ ॥ ਸਹਜ ਸੈਨ ਅਰੁ ਸੁਖ ਮਨ ਨਾਰੀ, ਊਧ ਕਮਲ ਬਿਗਸਇਆ ॥੧॥ ਦੇਖਹੁ ਅਚਰਜੁ ਭਇਆ ॥ ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ, ਸੋ ਰਿਦੈ ਗੁਰਿ ਦਇਆ ॥ਰਹਾਉ॥ ਜੋਇ ਦੂਤ ਮੋਹਿ ਬਹੁਤੁ ਸੰਤਾਵਤ, ਤੇ ਭਇਆਨਕ ਭਇਆ ॥ ਕਰਹਿ ਬੇਨਤੀ ਰਾਖੁ ਠਾਕੁਰ ਤੇ, ਹਮ ਤੇਰੀ ਸਰਨਇਆ ॥੨॥ ਜਹ ਭੰਡਾਰੁ ਗੋਬਿੰਦ ਕਾ ਖੁਲਿਆ, ਜਿਹ ਪ੍ਰਾਪਤਿ ਤਿਹ ਲਇਆ ॥ ਏਕੁ ਰਤਨੁ ਮੋਕਉ ਗੁਰਿ ਦੀਨਾ, ਮੇਰਾ ਮਨੁ ਤਨੁ ਸੀਤਲੁ ਥਿਆ ॥੩॥ ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ, ਤਾ ਅਟਲੁ ਅਮਰੁ ਨ ਮੁਆ ॥ ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ, ਫਿਰਿ ਲੇਖਾ ਮੂਲਿ ਨ ਲਇਆ ॥੪॥੩॥੧੪॥ (ਹੇ ਭਾਈ!) ਜਿਨ੍ਹਾਂ ਗੱਲਾਂ ਦਾ ਮੈਨੂੰ ਬਹੁਤ ਫਿਕਰ ਸੀ, ਉਹ ਸਾਰੇ (ਫਿਕਰ) ਮਿਟ ਗਏ ਹਨ।ਮਨ ਨੂੰ ਸੁਖ ਦੇਣ ਵਾਲੀ ਜੋ ਭਗਤੀ ਰੂਪ ਇਸਤ੍ਰੀ ਹੈ, ਉਸ ਵਿਚ ਸੁਭਾਵਕ ਹੀ ਟਿਕ ਗਿਆ ਹਾਂ (ਸੰ.ਸ.); ਸੁਖਮਨਾ ਨਾੜੀ ਸੁਲਝ ਗਈ ਹੈ ਤੇ ਆਤਮਕ ਅਨੰਦ ਵਾਲੀ ਅਵਸਥਾ ਵਿਚ ਲੀਨ ਹਾਂ, ਮੇਰੇ ਮਨ ਦਾ ਉਲਟਾ ਹੋਇਆ ਪਿਆ ਕਮਲ ਫੁੱਲ ਖਿੜ ਪਿਆ ਹੈ (ਜੋਗੀਆਂ ਦੀ ਬੋਲੀ ਵਿਚ ਆਖਦੇ ਹਨ ਕਿ ਪੂਰਨ ਆਤਮਕ ਅਨੰਦ ਪ੍ਰਾਪਤ ਹੋ ਗਿਆ ਹੈ)।੧।(ਹੇ ਭਾਈ!) ਦੇਖੋ, (ਮੇਰੇ ਮਨ ਦੇ ਅੰਦਰ) ਅਸਚਰਜ ਗੱਲ ਹੋਈ ਹੈ।ਜਿਸ ਪ੍ਰਭੂ ਨੂੰ ਸੁਣਦਾ ਸੀ ਕਿ ਅਥਾਹ ਗਿਆਨ ਵਾਲਾ ਹੈ (ਜੋ ਮਨੁੱਖੀ ਸਮਝ ਤੋਂ ਬਹੁਤ ਪਰੇ ਹੈ), ਗੁਰੂ ਨੇ ਉਹ ਪ੍ਰਭੂ ਮੇਰੇ ਹਿਰਦੇ ਵਿਚ ਹੀ ਪ੍ਰਗਟ ਕਰ ਦਿਤਾ ਹੈ।ਰਹਾਉ।ਜਿਹੜੇ (ਕਾਮਾਦਿਕ) ਵੈਰੀ ਮੈਨੂੰ ਬਹੁਤ ਦੇਖ ਦੇਂਦੇ ਸਨ, ਉਹ ਭੈ ਭੀਤ ਹੋ ਗਏ ਹਨ ।ਤੇ ਬੇਨਤੀ ਕਰਦੇ ਹਨ ਕਿ ਅਪਣੇ ਮਾਲਕ ਤੋਂ ਸਾਨੂੰ ਬਚਾ ਲੈ, ਅਸੀਂ ਤੇਰੀ ਸ਼ਰਨ ਵਿਚ ਆਏ ਹਾਂ।੨।ਜਿਥੇ ਗੋਬਿੰਦ ਦਾ (ਸਤਸੰਗ ਰੂਪ) ਭੰਡਾਰ ਖੁਲ੍ਹਿਆ ਹੈ, ਉਥੋਂ ਜਿਸ ਦੇ ਭਾਗਾਂ ਵਿਚ (ਇਸ ਭੰਡਾਰ ਦੀ) ਪ੍ਰਾਪਤੀ ਲਿਖੀ ਸੀ, ਉਸ ਨੇ ਲੈ ਲਿਆ ਹੈ।(ਇਸ ਭੰਡਾਰ ਵਿਚੋਂ) ਗੁਰੂ ਨੇ ਮੈਨੂੰ ਇਕ ਨਾਮ ਰੂਪ ਰਤਨ ਬਖਸ਼ ਦਿਤਾ ਹੈ, (ਜਿਸ ਨੂੰ ਪ੍ਰਾਪਤ ਕਰਕੇ) ਮੇਰਾ ਮਨ ਤੇ ਤਨ ਸ਼ਾਂਤ ਹੋ ਗਿਆ ਹੈ।੩।(ਹੇ ਭਾਈ! ਜਦ ਮੈਨੂੰ) ਗੁਰੂ ਨੇ ਅੰਮ੍ਰਿਤ ਨਾਮ ਜਲ ਦੀ ਇਕ ਬੂੰਦ ਦਿਤੀ ਹੈ, ਤਾਂ ਮੈਂ ਅਟੱਲ ਤੇ ਅਮਰ ਹੋ ਗਿਆ ਹਾਂ, ਮੁੜ ਕੇ (ਆਤਮਕ ਮੌਤੇ) ਨਹੀਂ ਮਰਿਆ।ਗੁਰੂ (ਪ੍ਰਭੂ) ਨੇ ਭਗਤੀ ਦਾ ਭੰਡਾਰ (ਗੁਰੂ) ਨਾਨਕ ਨੂੰ ਸੌਂਪਿਆ ਹੈ (ਮੇਰਾ ਖਿਆਲ); ਭਗਤੀ ਦਾ ਭੰਡਾਰ ਗੁਰੂ (ਰਾਮਦਾਸ ਜੀ) ਨੇ ਨਾਨਕ (ਗੁਰੂ ਅਰਜਨ ਦੇਵ ਜੀ) ਨੂੰ ਸੌਂਪਿਆ ਹੈ, (ਭਗਤੀ ਦੇ ਭੰਡਾਰ ਵਿਚੋਂ ਜਿੰਨਾ ਮਰਜੀ ਵੰਡੀ ਜਾਈਏ, ਉਸ ਵੰਡ ਦਾ) ਮੁੜ ਕੇ ਉਕਾ ਹੀ ਹਿਸਾਬ ਨਹੀਂ ਲਿਆ ਗਿਆ।੪।੩।੧੪।

ਪਦਾਰਥ = ਬਾਤ ਕੋ–ਗੱਲਾਂ ਦਾ।ਅੰਦੇਸਰੋ–ਫਿਕਰ; ਡਰ।ਤੇ–ਉਹ (ਫਿਕਰ)।ਗਇਆ–ਮਿਟ ਗਏ।ਸਹਜ ਸੈਨ–ਆਤਮਕ ਅਨੰਦ ਵਾਲੀ ਅਵਸਥਾ ਵਿਚ ਲੀਨਤਾ।ਸੁਖ ਮਨ ਨਾਰੀ–ਮਨ ਨੂੰ ਸੁਖ ਦੇਣ ਵਾਲੀ ਭਗਤੀ ਰੂਪ ਇਸਤ੍ਰੀ; ਸੁਖ ਦੇਣ ਵਾਲੀਆਂ ਇੰਦ੍ਰੀਆਂ; ਸਖਮਨਾ ਨਾੜੀ।ਊਧ ਕਮਲ–ਉਲਟਾ ਹੋਇਆ ਮਨ ਦਾ ਕਮਲ ਫੁੱਲ।ਬਿਗਸਇਆ–ਖਿੜ ਪਿਆ (ਗਿਆਨ ਦਾ ਸੂਰਜ ਚੜ੍ਹਨ ਨਾਲ ਮੂਧਾ ਕਮਲ ਖਿੜ ਪੈਂਦਾ ਹੈ।ਮਨਮੁਖ ਦਾ ਹਿਰਦਾ ਕਮਲ ਮੂਧਾ ਤੇ ਗੁਰਮੁਖ ਦਾ ਹਿਰਦਾ ਕਮਲ ਖਿੜਿਆ ਹੁੰਦਾ ਹੈ)।੧।ਅਚਰਜੁ–ਅਨੋਖਾ।ਭਇਆ–ਹੋਇਆ।ਜਿਹ ਕਉ–ਜਿਸ ਨੂੰ।ਅਗਾਧਿ ਬੋਧਿ–ਅਥਾਹ ਗਿਆਨ ਵਾਲਾ; ਮਨੁੱਖੀ ਸਮਝ ਤੋਂ ਬਹੁਤ ਪਰੇ।ਸੋ–ਉਹ। ਰਿਦੈ–ਹਿਰਦੇ ਵਿਚ।ਗੁਰਿ–ਗੁਰੂ ਨੇ।ਦਇਆ–ਦਿਤਾ।ਰਹਾਉ।ਜੋਇ–ਜਿਹੜੇ।ਦੂਤ–ਕਾਮਾਦਿਕ ਵੈਰੀ; ਜਮ ਦੂਤ।ਸੰਤਾਵਤ–ਦੁਖ ਦੇਂਦੇ ਸਨ।ਮੋਹਿ–ਮੈਨੂੰ।ਤੇ–ਉਹ।ਭਇਆਨਕ ਭਇਆ–ਭੈ ਭੀਤ ਹੋ ਗਏ।ਕਰਹਿ–ਕਰਦੇ ਹਨ।ਰਾਖੁ–ਬਚਾ ਲੈ।ਤੇ–ਤੋਂ।ਹਮ–ਅਸੀਂ। ਸਰਨਇਆ–ਸ਼ਰਣ ਵਿਚ ਆਏ ਹਾਂ।੨।ਜਹ–ਜਿਥੇ।ਭੰਡਾਰੁ–ਖਜਾਨਾ।ਜਿਹ–ਜਿਸ ਦੇ।ਤਿਹ–ਉਸ ਨੇ।ਲਇਆ–ਲੈ ਲਿਆ।ਰਤਨੁ–ਉਤਮ ਪਦਾਰਥ ਨਾਮ।ਮੋਕਉ–ਮੈਨੂੰ।ਦੀਨਾ–ਦਿਤਾ।ਸੀਤਲੁ–ਸ਼ਾਂਤ।ਥਿਆ–ਹੋ ਗਿਆ।੩।ਅਟਲ–ਜੋ ਨਾ ਟਲੇ;

ਅਡੋਲ। ਅਮਰੁ–ਮੌਤ ਰਹਿਤ। ਨ ਮੁਆ–ਮਰਿਆ ਨਹੀਂ। ਫਿਰਿ–ਮੁੜ ਕੇ। ਲੇਖਾ–ਹਿਸਾਬ। ਮੂਲਿ–ਬਿਲਕੁਲ; ਉਕਾ ਹੀ।੪।੩।੧੪।

ਸੋਰਠਿ ਮਹਲਾ ੫ ॥ ਚਰਨ ਕਮਲ ਸਿਉ ਜਾ ਕਾ ਮਨੁ ਲੀਨਾ, ਸੇ ਜਨ ਤ੍ਰਿਪਤਿ ਅਘਾਈ ॥ ਗੁਣ ਅਮੋਲ ਜਿਸੁ ਰਿਦੈ ਨ ਵਸਿਆ, ਤੇ ਨਰ ਤ੍ਰਿਸਨ ਤ੍ਰਿਖਾਈ ॥੧॥ ਹਰਿ ਆਰਾਧੇ ਅਰੋਗ ਅਨਦਾਈ ॥ ਜਿਸ ਨੋ ਵਿਸਰੈ ਮੇਰਾ ਰਾਮ ਸਨੇਹੀ, ਤਿਸੁ ਲਾਖ ਬੇਦਨ ਜਣੁ ਆਈ ॥ਰਹਾਉ॥ (ਹੇ ਭਾਈ!) ਜਿਨ੍ਹਾਂ ਦਾ ਮਨ ਪ੍ਰਭੂ ਦੇ ਚਰਨ ਕਮਲਾਂ ਨਾਲ ਜੁੜ ਗਿਆ ਹੈ, ਉਹ ਪੁਰਖ (ਲੋਕ ਪ੍ਰਲੋਕ ਦੇ ਪਦਾਰਥਾਂ ਵੱਲੋਂ) ਪੂਰੀ ਤਰ੍ਹਾਂ ਰੱਜ ਗਏ ਹਨ। ਅਮੋਲਕ ਗੁਣਾਂ ਦਾ ਮਾਲਕ ਪ੍ਰਭੂ ਜਿਨ੍ਹਾਂ ਦੇ ਹਿਰਦੇ ਵਿਚ ਨਹੀਂ ਵਸਿਆ, ਉਹ ਮਨੁੱਖ ਤ੍ਰਿਸ਼ਨਾ ਦੇ ਪਿਆਸੇ ਹਨ (ਮਾਇਕ ਪਦਾਰਥਾਂ ਦੇ ਬਹੁਤ ਲਾਲਚੀ ਹਨ।੧। ਹੇ ਭਾਈ!) ਹਰੀ ਦਾ ਸਿਮਰਨ ਕਰਕੇ ਅਰੋਗ ਅਤੇ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ। ਜਿਸ ਮਨੁੱਖ ਨੂੰ ਮੇਰਾ ਪਿਆਰਾ ਰਾਮ ਭੁੱਲ ਜਾਂਦਾ ਹੈ, ਉਸ ਨੂੰ ਮਾਨੋ ਲੱਖਾਂ ਪੀੜਾਂ ਆ ਲਗਦੀਆਂ ਹਨ। ਰਹਾਉ।

ਅੰਗ ੬੧੩ = ਜਿਹ ਜਨ ਓਟ ਗਹੀ ਪ੍ਰਭ ਤੇਰੀ, ਸੇ ਸੁਖੀਏ ਪ੍ਰਭ ਸਰਣੇ ॥ ਜਿਹ ਨਰ ਬਿਸਰਿਆ ਪੁਰਖੁ ਬਿਧਾਤਾ, ਤੇ ਦੁਖੀਆ ਮਹਿ ਗਨਣੇ ॥੨॥ ਜਿਹ ਗੁਰ ਮਾਨਿ ਪ੍ਰਭੂ ਲਿਵ ਲਾਈ, ਤਿਹ ਮਹਾ ਅਨੰਦ ਰਸੁ ਕਰਿਆ ॥ ਜਿਹ ਪ੍ਰਭੂ ਬਿਸਾਰਿ ਗੁਰ ਤੇ ਬੇਮੁਖਾਈ, ਤੇ ਨਰਕ ਘੋਰ ਮਹਿ ਪਰਿਆ ॥੩॥ ਜਿਤੁ ਕੋ ਲਾਇਆ ਤਿਤ ਹੀ ਲਾਗਾ, ਤੈਸੋ ਹੀ ਵਰਤਾਰਾ ॥ ਨਾਨਕ ਸਹ ਪਕਰੀ ਸੰਤਨ ਕੀ, ਰਿਦੈ ਭਏ ਮਗਨ ਚਰਨਾਰਾ ॥੪॥੪॥੧੫॥ ਹੇ ਪ੍ਰਭੂ! ਜਿਨ੍ਹਾਂ ਪੁਰਖਾਂ ਨੇ ਤੇਰੀ ਓਟ ਪਕੜੀ ਹੈ, ਉਹ ਪ੍ਰਭੂ ਦੀ ਸ਼ਰਣ ਵਿਚ ਪਏ ਹੋਏ ਸੁਖੀ ਹਨ। ਸ੍ਰਿਸਟੀ ਦਾ ਸਿਰਜਨਹਾਰ ਅਕਾਲ ਪੁਰਖ ਜਿਨ੍ਹਾਂ ਮਨੁੱਖਾਂ ਨੂੰ ਭੁੱਲ ਗਿਆ ਹੈ, ਉਹ ਦੁਖੀਆਂ ਵਿਚ ਗਿਣੇ ਜਾਂਦੇ ਹਨ।੨। ਜਿਨ੍ਹਾਂ ਪੁਰਖਾਂ ਨੇ ਗੁਰੂ ਦੀ ਆਗਿਆ ਮੰਨ ਕੇ ਪ੍ਰਭੂ ਵਿਚ ਲਿਵ ਲਾਈ ਹੈ, ਉਨ੍ਹਾਂ ਨੇ ਅਨੰਦ ਦਾ ਮਹਾਨ ਰਸ ਪ੍ਰਾਪਤ ਕਰਿਆ ਹੈ। ਜਿਨ੍ਹਾਂ ਨੇ ਪ੍ਰਭੂ ਨੂੰ ਭੁਲਾ ਕੇ ਗੁਰੂ ਤੋਂ ਬੇਮੁਖਤਾਈ ਕੀਤੀ ਹੈ, ਉਹ ਮਾਨੋ ਭਿਆਨਕ ਨਰਕ ਵਿਚ ਪਏ ਹੋਏ ਹਨ।੩। (ਹੇ ਭਾਈ!) ਜਿਸ ਪਾਸੇ ਪ੍ਰਭੂ ਨੇ ਕਿਸੇ ਨੂੰ ਲਾਇਆ ਹੈ, ਉਹ ਉਸੇ ਪਾਸੇ ਲੱਗਾ ਹੋਇਆ ਹੈ ਅਤੇ (ਉਸ ਦਾ) ਉਹੋ ਜਿਹਾ ਵਰਤਾਰਾ ਹੁੰਦਾ ਹੈ। ਨਾਨਕ ਨੇ ਸੰਤਾਂ ਦੀ ਓਟ ਪਕੜੀ ਹੈ ਅਤੇ ਹਿਰਦੇ ਕਰਕੇ ਹਰੀ ਦੇ ਚਰਨ ਵਿਚ ਮਸਤ ਹੋਏ ਰਹਿੰਦੇ ਹਾਂ।੪।੪।੧੫।

ਪਦਾਰਥ = ਸਿਉ–ਨਾਲ। ਜਾ ਕਾ–ਜਿਨ੍ਹਾਂ ਦਾ। ਲੀਨਾ–ਜੁੜਿਆ ਹੈ। ਸੇ–ਉਹ। ਜਨ–ਪੁਰਖ; ਸੇਵਕ। ਤ੍ਰਿਪਤਿ ਅਘਾਈ–ਲੋਕ ਪ੍ਰਲੋਕ ਦੇ ਪਦਾਰਥਾਂ ਤੋਂ ਰੱਜ ਗਏ ਹਨ। ਅਮੋਲ–ਅਮੋਲਕ। ਰਿਦੈ–ਹਿਰਦੇ ਵਿਚ। ਤੇ–ਉਹ। ਨਰ–ਮਨੁੱਖ। ਤ੍ਰਿਸਨ ਤ੍ਰਿਖਾਈ–ਤ੍ਰਿਸ਼ਨਾ ਦੇ ਪਿਆਸੇ ਹਨ।੧। ਅਰੋਗ–ਰੋਗ ਰਹਿਤ। ਅਨਦਾਈ–ਪ੍ਰਸੰਨ। ਨੋ–ਨੂੰ। ਵਿਸਰੈ–ਭੁੱਲ ਜਾਂਦਾ ਹੈ। ਰਾਮ ਸਨੇਹੀ–ਵਿਆਪਕ ਪਿਆਰਾ ਪ੍ਰਭੂ। ਲਾਖੁ–ਲੱਖਾਂ। ਬੇਦਨ–ਪੀੜਾ; ਦੁਖ। ਜਣੁ–ਜਾਣੋ; ਮਾਨੋ। ਰਹਾਉ। ਜਿਹ–ਜਿਨ੍ਹਾਂ ਨੇ। ਗਹੀ–ਫੜੀ ਹੈ। ਸੇ–ਉਹ। ਸਰਣੇ–ਸ਼ਰਣ ਵਿਚ। ਨਰ–ਮਨੁੱਖ। ਪੁਰਖ–ਅਕਾਲ ਪੁਰਖ। ਬਿਧਾਤਾ–ਸਿਰਜਨਹਾਰ ਪ੍ਰਭੂ; ਕਰਮਾਂ ਅਨੁਸਾਰ ਫਲ ਦੇਣ ਵਾਲਾ ਪ੍ਰਭੂ। ਗਨਣੇ–ਗਿਣੇ ਜਾਂਦੇ ਹਨ।੨। ਮਾਨਿ–ਮੰਨ ਕੇ; ਪੂਜ ਕੇ। ਲਿਵ ਲਾਈ–ਸੁਰਤ ਜੋੜੀ ਹੈ। ਤਿਹ–ਉਨ੍ਹਾਂ ਨੇ। ਬਿਸਾਰਿ–ਭੁੱਲਾ ਕੇ। ਤੇ–ਤੋਂ। ਬੇਮੁਖਾਈ–ਬੇਮੁਖਤਾ; ਮੂੰਹ ਮੋੜ ਲਿਆ। ਘੋਰ–ਭਿਆਨਕ। ਪਰਿਆ–ਪਏ ਹਨ।੩। ਜਿਤੁ–ਜਿਸ ਪਾਸੇ। ਕੋ–ਕੋਈ (ਕਿਸੇ ਨੂੰ)। ਤਿਤ–ਉਸ ਪਾਸੇ। ਤੈਸੋ–ਉਹੋ ਜਿਹਾ। ਸਹ–ਓਟ। ਭਏ ਮਗਨ–ਮਸਤ ਹੋਏ ਰਹਿੰਦੇ ਹਾਂ। ਚਰਨਾਰਾ–(ਪ੍ਰਭੂ ਦੇ) ਚਰਨ ਵਿਚ।੪।੪।੧੫।

ਸੋਰਠਿ ਮਹਲਾ ੫ ॥ ਰਾਜਨ ਮਹਿ ਰਾਜਾ ਉਰਝਾਇਓ, ਮਾਨਨ ਮਹਿ ਅਭਿਮਾਨੀ ॥ ਲੋਭਨ ਮਹਿ ਲੋਭੀ ਲੋਭਾਇਓ, ਤਿਉ ਹਰਿ ਰੰਗਿ ਰਚੇ ਗਿਆਨੀ ॥੧॥ ਹਰਿ ਜਨ ਕਉ ਇਹੀ ਸੁਹਾਵੈ ॥ ਪੇਖਿ ਨਿਕਟਿ ਕਰਿ ਸੇਵਾ ਸਤਿਗੁਰ, ਹਰਿ ਕੀਰਤਨਿ ਹੀ ਤ੍ਰਿਪਤਾਵੈ ॥ਰਹਾਉ॥ ਅਮਲਨ ਸਿਉ ਅਮਲੀ ਲਪਟਾਇਓ, ਭੂਮਨ ਭੂਮਿ ਪਿਆਰੀ ॥ ਖੀਰ ਸੰਗਿ ਬਾਰਿਕੁ ਹੈ ਲੀਨਾ, ਪ੍ਰਭ ਸੰਤ ਐਸੇ ਹਿਤਕਾਰੀ ॥੨॥ ਬਿਦਿਆ ਮਹਿ ਬਿਦੁਅੰਸੀ ਰਚਿਆ, ਨੈਨ ਦੇਖਿ ਸੁਖੁ ਪਾਵਹਿ ॥ ਜੈਸੇ ਰਸਨਾ ਸਾਦਿ ਲੁਭਾਨੀ, ਤਿਉ ਹਰਿ ਜਨ ਹਰਿ ਗੁਣ ਗਾਵਹਿ ॥ ੩॥ ਜੈਸੀ ਭੂਖ ਤੈਸੀ ਕਾ ਪੂਰਕੁ ,ਸਗਲ ਘਟਾ ਕਾ ਸੁਆਮੀ ॥ ਨਾਨਕ ਪਿਆਸ ਲਗੀ ਦਰਸਨ ਕੀ, ਪ੍ਰਭੁ ਮਿਲਿਆ ਅੰਤਰਜਾਮੀ ॥ ੪॥੫॥੧੬॥ (ਹੇ ਭਾਈ! ਜਿਵੇਂ) ਰਾਜਾ ਅਪਨੇ ਰਾਜ ਦੇ ਕੰਮਾਂ (ਤੇ ਖਾਣ ਪੀਣ ਦੇ ਰਸਾਂ) ਵਿਚ ਫਸਿਆ ਹੰਦਾ ਹੈ ਅਤੇ ਅਭਿਮਾਨੀ ਮਨੁੱਖ ਹੰਕਾਰ ਵਿਚ; ਮਾਣ ਵਡਿਆਈ ਵਾਲੇ ਕੰਮਾਂ ਵਿਚ ਫਸਿਆ ਹੁੰਦਾ ਹੈ। ਜਿਵੇਂ ਲੋਭੀ ਮਨੁੱਖ ਲੋਭ ਵਾਲੇ ਕੰਮਾਂ ਵਿਚ ਲੁਭਾਇਮਾਨ ਹੁੰਦਾ ਹੈ, ਇਸੇ ਤਰ੍ਹਾਂ ਬ੍ਰਹਮ ਗਿਆਨੀ ਹਰੀ ਦੇ ਪ੍ਰੇਮ ਰੰਗ ਵਿਚ ਰਚੇ ਹੋਏ ਹਨ।੧। ਹਰੀ ਦੇ ਸੇਵਕ ਨੂੰ ਇਹੋ ਹੀ ਚੰਗਾ ਲਗਦਾ ਹੈ। (ਉਹ) ਸਤਿਗੁਰੂ ਦੀ ਸੇਵਾ ਕਰਕੇ ਤੇ ਹਰੀ ਨੂੰ ਨੇੜੇ ਦੇਖ ਕੇ ਹਰੀ ਦਾ ਕੀਰਤਨ ਕਰਕੇ ਰੱਜ ਜਾਂਦਾ ਹੈ। ਰਹਾਉ। ਜਿਵੇਂ ਅਮਲੀ ਮਨੁੱਖ ਅਮਲਾਂ (ਨਸ਼ਿਆਂ) ਨਾਲ ਰਚਿਆ ਰਹਿੰਦਾ ਹੈ ਅਤੇ ਜਿਮੀਦਾਰਾਂ ਨੂੰ ਜਮੀਨ ਪਿਆਰੀ ਹੁੰਦੀ ਹੈ। ਜਿਵੇਂ ਬੱਚਾ ਦੁੱਧ ਨਾਲ ਪਰਚਿਆ ਰਹਿੰਦਾ ਹੈ, ਤਿਵੇਂ ਸੰਤ ਜਨ ਪ੍ਰਭੂ ਨੂੰ ਪਿਆਰ ਕਰਨ ਵਾਲੇ ਹਨ।੨। ਜਿਵੇਂ ਵਿਦਿਆਰਥੀ ਵਿਦਿਆ ਪੜ੍ਹਨ ਵਿਚ ਰਚਿਆ ਹੁੰਦਾ ਹੈ ਅਤੇ ਅੱਖਾਂ (ਸੁੰਦਰ ਰੰਗ ਰੂਪ) ਦੇਖ ਕੇ ਸੁਖ ਪਾਉਂਦੀਆਂ ਹਨ। ਜਿਵੇਂ ਜੀਭ (ਪਦਾਰਥਾਂ ਦੇ) ਸੁਆਦ ਮਾਨਣ ਵਿਚ ਲਲਚਾਉਂਦੀ ਹੈ,

ਤਿਵੇਂ ਹਰੀ ਦੇ ਸੇਵਕ ਹਰੀ ਦੇ ਗੁਣ ਗਾਉਂਦੇ ਹਨ।੩।(ਹੇ ਭਾਈ!) ਪ੍ਰਭੂ ਸਾਰੇ ਜੀਵਾਂ ਦਾ ਮਾਲਕ ਹੈ, ਜਿਸ ਤਰ੍ਹਾਂ ਕਿਸੇ ਜੀਵ ਦੀ ਰੁਚੀ ਹੁੰਦੀ ਹੈ, ਪ੍ਰਭੂ ਉਹੋ ਜਿਹੀ (ਰੁਚੀ) ਦਾ ਪੂਰੀ ਕਰਨ ਵਾਲਾ ਹੈ।ਨਾਨਕ ਨੂੰ ਪ੍ਰਭੂ ਦੇ ਦਰਸ਼ਨਾਂ ਦੀ ਪਿਆਸ ਲਗੀ ਹੋਈ ਸੀ, (ਇਸ ਕਰਕੇ ਮੈਨੂੰ ਜੀਵਾਂ ਦੇ ਦਿਲਾਂ ਦੇ) ਅੰਦਰ ਦੀਆਂ ਜਾਨਣ ਵਾਲਾ ਪ੍ਰਭੂ ਮਿਲ ਗਿਆ ਹੈ।੪।੫।੧੬।

ਪਦਾਰਥ = ਰਾਜਨ ਮਹਿ–ਰਾਜ ਵਿਹਾਰਾਂ (ਰਾਜ ਦੇ ਕੰਮ ਧੰਧਿਆਂ) ਵਿਚ।ਉਝਾਇਓ–ਫਸਿਆ ਹੁੰਦਾ ਹੈ।ਮਾਨਨ ਮਹਿ–ਮਾਣ ਵਡਿਆਈ ਵਾਲੇ ਕੰਮਾਂ ਵਿਚ; ਹੰਕਾਰ ਵਿਚ।ਲੋਭਨ ਮਹਿ–ਲੋਭ ਵਾਲੇ ਕੰਮਾਂ ਵਿਚ।ਲੋਭਾਇਓ–ਫਸਿਆ (ਮੋਹਿਆ) ਹੁੰਦਾ ਹੈ।ਤਿਉ–ਇਸੇ ਤਰ੍ਹਾਂ।ਹਰਿ ਰੰਗਿ–ਹਰੀ ਦੇ ਪ੍ਰੇਮ ਵਿਚ।ਗਿਆਨੀ–ਬ੍ਰਹਮ ਗਿਆਨੀ।੧।ਹਰਿ ਜਨ–ਹਰੀ ਦੇ ਸੇਵਕ।ਕਉ–ਨੂੰ।ਸੁਹਾਵੈ–ਚੰਗਾ ਲਗਦਾ ਹੈ।ਪੇਖਿ–ਦੇਖ ਕੇ।ਨਿਕਟਿ–ਨੇੜੇ; ਅੰਗ ਸੰਗ।ਕੀਰਤਨਿ–ਕੀਰਤਨ ਕਰਕੇ।ਤ੍ਰਿਪਤਾਵੈ–ਰੱਜ ਜਾਂਦਾ ਹੈ; ਪ੍ਰਸੰਨ ਰਹਿੰਦਾ ਹੈ।ਰਹਾਉ।ਅਮਲਨ ਸਿਉ–ਨਸ਼ਿਆਂ ਨਾਲ।ਅਮਲੀ–ਅਮਲੀ ਮਨੁੱਖ।ਲਪਟਾਇਓ–ਰਚਿਆ (ਚਿੰਬੜਿਆ) ਰਹਿੰਦਾ ਹੈ।ਭੂਮਨ–ਜਮੀਨਾਂ ਦੇ ਮਾਲਕ।ਭੂਮਿ–ਜਮੀਨ।ਖੀਰ–ਦੁੱਧ।ਸੰਗਿ–ਨਾਲ।ਬਾਰਿਕੁ–ਬੱਚਾ।ਲੀਨਾ–ਪਰਚਿਆ ਰਹਿੰਦਾ ਹੈ।ਹਿਤਕਾਰੀ–ਪਿਆਰ ਕਰਨ ਵਾਲੇ।੨।ਨੈਨ –ਅੱਖਾਂ।ਬਿਦੁਅੰਸੀ–ਵਿਦਿਆਰਥੀ।ਰਸਨਾ–ਜੀਭ।ਸਾਦਿ–ਸੁਆਦ ਵਿਚ।ਲੁਭਾਨੀ–ਮਸਤ ਰਹਿੰਦੀ ਹੈ।੩। ਭੂਖ–ਰੁਚੀ; ਇੱਛਾ।ਤੈਸੀ ਕਾ–ਉਹੋ ਜਿਹੀ (ਰੁਚੀ) ਦਾ।ਪੂਰਕੁ–ਪੂਰੀ ਕਰਨ ਵਾਲਾ।ਸਗਲ–ਸਾਰੇ।ਘਟਾ ਕਾ–ਜੀਵਾਂ ਦਾ।ਸੁਆਮੀ–ਮਾਲਕ।੪।੫।੧੬।

ਸੋਰਠਿ ਮਹਲਾ ੫ ॥ ਹਮ ਮੈਲੇ ਤੁਮ ਊਜਲ ਕਰਤੇ, ਹਮ ਨਿਰਗੁਨ ਤੂ ਦਾਤਾ ॥ ਹਮ ਮੂਰਖ ਤੁਮ ਚਤੁਰ ਸਿਆਣੇ, ਤੂ ਸਰਬ ਕਲਾ ਕਾ ਗਿਆਤਾ ॥੧॥ ਮਾਧੋ ਹਮ ਐਸੇ ਤੂ ਐਸਾ ॥ ਹਮ ਪਾਪੀ ਤੁਮ ਪਾਪ ਖੰਡਨ, ਨੀਕੋ ਠਾਕੁਰ ਦੇਸਾ ॥ਰਹਾਉ॥ ਤੁਮ ਸਭ ਸਾਜੇ ਸਾਜਿ ਨਿਵਾਜੇ, ਜੀਉ ਪਿੰਡੁ ਦੇ ਪ੍ਰਾਨਾ ॥ ਨਿਰਗੁਨੀਆਰੇ ਗੁਨੁ ਨਹੀ ਕੋਈ, ਤੁਮ ਦਾਨੁ ਦੇਹੁ ਮਿਹਰਵਾਨਾ ॥੨॥ ਤੁਮ ਕਰਹੁ ਭਲਾ ਹਮ ਭਲੋ ਨ ਜਾਨਹ, ਤੁਮ ਸਦਾ ਸਦਾ ਦਇਆਲਾ ॥ ਤੁਮ ਸੁਖਦਾਈ ਪੁਰਖ ਬਿਧਾਤੇ, ਤੁਮ ਰਾਖਹੁ ਅਪੁਨੇ ਬਾਲਾ ॥੩॥ ਤੁਮ ਨਿਧਾਨ ਅਟਲ ਸੁਲਿਤਾਨ, ਜੀਅ ਜੰਤ ਸਭਿ ਜਾਚੈ ॥ ਕਹੁ ਨਾਨਕ ਹਮ ਇਹੈ ਹਵਾਲਾ, ਰਾਖੁ ਸੰਤਨ ਕੈ ਪਾਛੈ ॥੪॥੬॥੧੭॥ ਹੇ ਪ੍ਰਭੂ! ਅਸੀਂ ਜੀਵ (ਵਿਕਾਰਾਂ ਵਿਚ ਪਏ ਹੋਣ ਕਰਕੇ) ਮੈਲੇ ਹਾਂ ਅਤੇ ਤੂੰ (ਸਾਨੂੰ) ਉਜਲ ਕਰਨ ਵਾਲਾ ਹੈਂ; ਹੇ ਕਰਤਾ ਪੁਰਖ! ਅਸੀਂ ਮੈਲੇ ਹਾਂ, ਤੂੰ ਪਵਿਤ੍ਰ ਹੈਂ, ਅਸੀਂ ਗੁਣ ਹੀਣ ਹਾਂ ਤੇ ਤੂੰ (ਦੈਵੀ ਗੁਣਾਂ ਦਾ) ਦਾਤਾ ਹੈਂ।ਅਸੀਂ ਮੂਰਖ ਹਾਂ ਤੇ ਤੂੰ ਸਿਆਣਿਆਂ ਤੋਂ ਵੀ ਸਿਆਣਾ ਹੈਂ ਅਤੇ ਤੂੰ ਸਾਰੇ ਹੁਨਰਾਂ ਦੇ ਜਾਨਣ ਵਾਲਾ ਹੈਂ।੧।ਹੇ ਪ੍ਰਭੂ! ਅਸੀਂ ਐਸੇ (ਮੈਲੇ, ਨਿਰਗੁਣ ਤੇ ਮੂਰਖ) ਹਾਂ ਅਤੇ ਤੂੰ ਐਸਾ (ਪਵਿਤ੍ਰ ਦਾਤਾ) ਹੈਂ। ਅਸੀਂ ਪਾਪੀ ਹਾਂ ਤੇ ਤੂੰ (ਸਾਡੇ) ਪਾਪ ਨਸ਼ਟ ਕਰਨ ਵਾਲਾ ਹੈਂ, ਹੇ ਮਾਲਕ! ਤੇਰਾ ਦੇਸ਼ (ਨਿਵਾਸ ਭਾਵ ਸਾਧ ਸੰਗਤ ਬਹੁਤ) ਸ੍ਰੇਸਟ ਹੈ ।ਰਹਾਉ।(ਹੇ ਪ੍ਰਭੂ!) ਜਿੰਦ, ਸਰੀਰ ਤੇ ਪ੍ਰਾਣ ਦੇ ਕੇ ਤੂੰ ਸਾਰੇ ਜੀਵ ਪੈਦਾ ਕੀਤੇ ਹਨ, ਪੈਦਾ ਕਰਕੇ ਆਦਰ ਮਾਣ ਦਿਤਾ ਹੈ।(ਅਸੀਂ) ਨਿਰਗੁਣਿਆਰੇ ਹਾਂ, (ਸਾਡੇ ਵਿਚ) ਕੋਈ ਗੁਣ ਨਹੀਂ, ਹੇ ਮਿਹਰਵਾਨ ਪ੍ਰਭੂ! (ਤੂੰ ਸਾਨੂੰ ਦੈਵੀ) ਗੁਣਾਂ ਦਾ ਦਾਨ ਦੇਂਦਾ ਹੈਂ।੨।ਤੂੰ (ਸਾਡਾ) ਭਲਾ ਕਰਦਾ ਹੈਂ, (ਪਰ ਤੇਰਾ ਕੀਤਾ) ਭਲਾ ਅਸੀਂ ਨਹੀਂ ਜਾਣਦੇ, ਤੂੰ ਸਦਾ ਹੀ ਸਦਾ ਦਇਆਲ ਰਹਿੰਦਾ ਹੈਂ।ਹੇ ਸਿਰਜਨ ਹਾਰ ਪ੍ਰਭੂ! ਤੂੰ ਸੁਖ ਦੇਣ ਵਾਲਾ ਹੈਂ, ਤੂੰ ਅਪਣੇ ਬੱਚਿਆਂ ਦੀ (ਦੁੱਖਾਂ ਕਲੇਸ਼ਾਂ ਤੋਂ) ਰੱਖਿਆ ਕਰਦਾ ਹੈਂ।੩।ਤੂੰ ਸਭ ਬਰਕਤਾਂ ਦਾ ਖਜਾਨਾ ਹੈਂ ਤੇ ਸਦਾ ਕਾਇਮ ਰਹਿਣ ਵਾਲਾ ਬਾਦਸ਼ਾਹ ਹੈਂ, ਸਾਰੇ ਜੀਵ ਜੰਤ ਤੈਥੋਂ ਦਾਨ ਮੰਗਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਸਾਡਾ ਤਾਂ ਇਹੀ ਹਾਲ ਹੈ (ਤੈਥੋਂ ਦਾਨ ਮੰਗਦੇ ਰਹਿੰਦੇ ਹਾਂ, ਸਾਨੂੰ) ਸੰਤਾਂ ਦੇ ਆਸਰੇ ਵਿਚ ਰੱਖ।੪।੬।੧੭।

ਪਦਾਰਥ = ਹਮ–ਅਸੀਂ।ਮੈਲੇ–(ਵਿਕਾਰਾਂ ਵਿਚ ਪਏ ਹੋਣ ਕਰਕ) ਮੈਲੇ; ਅਪਵਿਤ੍ਰ।ਊਜਲ–ਸਾਫ ਸੁਥਰੇ; ਪਵਿਤ੍ਰ।ਕਰਤੇ–ਕਰਨ ਵਾਲਾ; ਕਰਤਾ ਪੁਰਖ।ਨਿਰਗੁਨ–ਗੁਣ ਹੀਣ।ਦਾਤਾ–(ਗੁਣ) ਦੇਣ ਵਾਲਾ।ਚਤੁਰ ਸਿਆਣੇ–ਸਿਆਣਿਆਂ ਤੋਂ ਸਿਆਣੇ।ਸਰਬ–ਸਾਰੇ। ਕਲਾ–ਹੁਨਰ; ਸ਼ਕਤੀਆਂ; ਵਿਦਿਆ।ਗਿਆਤਾ–ਜਾਨਣ ਵਾਲਾ।੧।ਮਾਧੋ–ਹੇ ਮਾਇਆ ਪਤੀ ਪ੍ਰਭੂ!।ਪਾਪ ਖੰਡਨ–ਪਾਪ ਨਸ਼ਟ ਕਰਨ ਵਾਲਾ।ਨੀਕੋ–ਸ੍ਰੇਸਟ; ਸੁੰਦਰ।ਠਾਕੁਰ–ਹੇ ਮਾਲਕ ਪ੍ਰਭੂ!।ਦੇਸਾ–ਦੇਸ਼।ਰਹਾਉ।ਸਾਜੇ–ਪੈਦਾ ਕੀਤੇ।ਸਾਜਿ–ਪੈਦਾ ਕਰਕੇ। ਨਿਵਾਜੇ–ਆਦਰ ਮਾਣ ਦਿਤਾ।ਜੀਉ–ਜਿੰਦ।ਪਿੰਡੁ–ਸਰੀਰ।ਦੇ–ਦੇ ਕੇ।ਪ੍ਰਾਨਾ–ਪ੍ਰਾਣ (ਸੁਆਸ)।ਨਿਰਗੁਨੀਆਰੇ–ਗੁਣ ਹੀਣ।ਦੇਹੁ–ਤੂੰ ਦੇਂਦਾ ਹੈਂ।ਮਿਹਰਵਾਨਾ–ਹੇ ਮੇਹਰਵਾਨ ਪ੍ਰਭੂ!।੨।ਕਰਹੁ–ਕਰਦਾ ਹੈਂ।ਨ ਜਾਨਹ–ਨਹੀਂ ਜਾਣਦੇ।ਸੁਖਦਾਈ–ਸੁਖ ਦੇਣ ਵਾਲਾ। ਪੁਰਖ ਬਿਧਾਤੇ–ਹੇ ਸਰਬ ਵਿਆਪਕ ਸਿਰਜਨਹਾਰ ਪ੍ਰਭੂ!।ਰਾਖਹੁ–ਰੱਖਿਆ ਕਰਦਾ ਹੈਂ।ਬਾਲਾ–ਬੱਚਿਆਂ ਦੀ।੩।ਨਿਧਾਨ–ਖਜਾਨਾ ।ਅਟਲ–ਸਦਾ ਕਾਇਮ ਰਹਿਣ ਵਾਲਾ।ਸੁਲਿਤਾਨ–ਬਾਦਸ਼ਾਹ।ਜਾਚੈ–ਮੰਗਦੇ ਹਨ।ਇਹੈ ਹਵਾਲਾ–ਇਹੀ ਹਾਲ ਹੈ।ਪਾਛੈ–ਆਸਰੇ ਵਿਚ।੪।੬।੧੭।

ਸੋਰਠਿ ਮਹਲਾ ੫ ਘਰੁ ੨ ॥ ਮਾਤ ਗਰਭ ਮਹਿ ਆਪਨ ਸਿਮਰਨੁ ਦੇ, ਤਹ ਤੁਮ ਰਾਖਨ ਹਾਰੇ ॥ ਪਾਵਕ ਸਾਗਰ ਅਥਾਹ ਲਹਰਿ ਮਹਿ, ਤਾਰਹੁ ਤਾਰਨਹਾਰੇ ॥੧॥ ਮਾਧੌ ਤੂ ਠਾਕੁਰੁ ਸਿਰਿ ਮੋਰਾ ॥ ਈਹਾ ਊਹਾ ਤੁਹਾਰੋ ਧੋਰਾ ॥ਰਹਾਉ॥ ਕੀਤੇ ਕਉ ਮੇਰੈ ਸੰਮਾਨੈ, ਕਰਣਹਾਰ ਤ੍ਰਿਣੁ ਜਾਨੈ ॥ ਤੂ ਦਾਤਾ ਮਾਗਨ ਕਉ ਸਗਲੀ, ਦਾਨੁ ਦੇਹਿ ਪ੍ਰਭ ਭਾਨੈ ॥੨॥ ਖਿਨ ਮਹਿ ਅਵਰੁ ਖਿਨੈ ਮਹਿ ਅਵਰਾ, ਅਚਰਜ ਚਲਤ ਤੁਮਾਰੇ ॥ (ਹੇ ਪ੍ਰਭੂ ! ਜਿਵੇਂ) ਮਾਤਾ ਦੇ ਗਰਭ ਵਿਚ ਅਪਣਾ ਸਿਮਰਨ ਦੇ ਕੇ ਉਥੇ ਤੁਸੀਂ (ਜੀਵ ਦੀ) ਰੱਖਿਆ ਕਰਨ ਵਾਲੇ ਹੋ।(ਇਸੇ ਤਰ੍ਹਾਂ) ਅੱਗ ਦੇ ਸਮੁੰਦਰ ਦੀਆਂ ਅਥਾਹ ਲਹਿਰਾਂ (ਕਾਮਾਦਿਕ ਵਿਸ਼ਿਆਂ ਦੇ ਵੇਗ) ਵਿਚੋਂ ਹੇ ਤਾਰਨ ਵਾਲੇ ਪ੍ਰਭੂ ! ਸਾਨੂੰ ਤਾਰ ਲੈ।੧।ਹੇ ਪ੍ਰਭੂ ! ਮੇਰੇ ਸਿਰ ਉਤੇ ਤੂੰ (ਰੱਖਿਆ ਕਰਨ ਵਾਲਾ) ਮਾਲਕ ਹੈਂ।ਇਸ ਲੋਕ ਵਿਚ ਤੇ ਉਥੇ ਪ੍ਰਲੋਕ ਵਿਚ (ਮੈਨੂੰ) ਤੇਰਾ ਹੀ ਆਸਰਾ ਹੈ। ਰਹਾਉ।(ਹੇ ਪ੍ਰਭੂ ! ਇਹ ਬੇਸਮਝ ਮਨੁੱਖ ਤੇਰੇ) ਪੈਦਾ ਕੀਤੇ ਪਦਾਰਥਾਂ ਨੂੰ ਸੁਮੇਰ ਪਰਬਤ ਦੇ ਬਰਾਬਰ (ਬਹੁਤ ਵੱਡੇ) ਜਾਣਦਾ ਹੈ ਤੇ ਪੈਦਾ ਕਰਨ ਵਾਲੇ ਪ੍ਰਭੂ ਨੂੰ ਇਕ ਤੀਲੇ ਦੇ ਬਰਾਬਰ (ਬਹੁਤ ਛੋਟਾ) ਜਾਣਦਾ ਹੈ {ਦਾਤਿ ਪਿਆਰੀ ਵਿਸਰਿਆ ਦਾਤਾਰਾ ੬੭੬}।ਤੂੰ ਸਾਰੇ ਪਦਾਰਥ ਦੇਣ ਵਾਲਾ ਹੈਂ, ਸਾਰੀ ਦੁਨੀਆਂ (ਤੇਰੇ ਪਾਸੋਂ ਦਾਤਾਂ) ਮੰਗਣ ਵਾਲੀ ਹੈ, (ਪਰ) ਹੇ ਪ੍ਰਭੂ ! ਤੂੰ ਅਪਣੀ ਇੱਛਾ ਅਨੁਸਾਰ ਦਾਨ ਦੇਂਦਾ ਹੈਂ।੨।(ਹੇ ਪ੍ਰਭੂ ! ਸੰਸਾਰ ਵਿਚ) ਖਿਨ ਵਿਚ ਹੋਰ ਹੁੰਦਾ ਹੈ ਤੇ ਦੂਜੇ ਖਿਨ ਵਿਚ ਕੁਛ ਹੋਰ ਹੋ ਜਾਂਦਾ ਹੈ {ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ।ਰੀਤੇ ਭਰੇ ਭਰੇ ਸਖਨਾਵੈ ਯਹ ਤਾਕੋ ਬਿਵਹਾਰੇ ੫੩੭} (ਥੋੜੇ ਸਮੇਂ ਵਿਚ ਹੀ ਕੁਛ ਦਾ ਕੁਛ ਹੋ ਜਾਂਦਾ ਹੈ, ਬਹੁਤ ਕੁਛ ਬਦਲ ਜਾਂਦਾ ਹੈ, ਇਹ) ਤੇਰੇ ਕੌਤਕ ਅਸਚਰਜ ਹਨ।੩।

ਅੰਗ ੬੧੪ = ਰੂੜੋ ਗੂੜੋ ਗਹਿਰ ਗੰਭੀਰੋ, ਊਚੌ ਅਗਮ ਅਪਾਰੇ ॥੩॥ ਸਾਧ ਸੰਗਿ ਜਉ ਤੁਮਹਿ ਮਿਲਾਇਓ, ਤਉ ਸੁਨੀ ਤੁਮਾਰੀ ਬਾਣੀ ॥ ਅਨਦੁ ਭਇਆ ਪੇਖਤ ਹੀ ਨਾਨਕ, ਪ੍ਰਤਾਪ ਪੁਰਖ ਨਿਰਬਾਣੀ ॥੪॥੭॥੧੮॥ (ਹੇ ਪ੍ਰਭੂ ! ਤੂੰ) ਸੋਹਣਾ, ਗੁੱਝਾ, ਡੂੰਘਾ, ਅਡੋਲ (ਡੂੰਘਾ ਹੋਣ ਦੇ ਬਾਵਜੂਦ ਵੀ ਹਿਲਦਾ ਨਹੀਂ, ਸ਼ਾਂਤ ਹੈ, ਸਭ ਤੋਂ) ਉਚਾ, ਪਹੁੰਚ ਤੋਂ ਪਰੇ ਤੇ ਬੇਅੰਤ (ਪ੍ਰਕਿਰਤੀ ਦੇ ਪਾਰਾਵਾਰ ਤੋਂ ਪਰੇ) ਹੈਂ।੩।ਜਦ ਤੈਂ ਮੈਨੂੰ ਸਾਧ ਸੰਗਤ ਵਿਚ ਮਿਲਾਇਆ, ਤਦੋਂ ਮੈਂ ਤੇਰੀ (ਸਿਫਤ ਸਲਾਹ ਵਾਲੀ) ਬਾਣੀ ਸੁਣੀ।ਨਾਨਕ ਗੁਰੂ ਜੀ ਆਖਦੇ ਹਨ ਕਿ ਨਿਰਲੇਪ ਪ੍ਰਭੂ ਪੁਰਖ ਦਾ ਤੇਜ ਪ੍ਰਤਾਪ ਦੇਖ ਕੇ (ਮੇਰੇ ਹਿਰਦੇ ਵਿਚ) ਅਨੰਦ ਪੈਦਾ ਹੋ ਗਿਆ ਹੈ।੪।੭।੧੮।

ਪਦਾਰਥ = ਮਾਤ ਗਰਭ–ਮਾਤਾ ਦੇ ਪੇਟ ਵਿਚ।ਮਹਿ–ਵਿਚ।ਦੇ–ਦੇ ਕੇ।ਤਹ–ਉਥੇ।ਰਾਖਨਹਾਰੇ–ਰੱਖਿਆ ਕਰਨ ਵਾਲਾ ਪ੍ਰਭੂ।ਪਾਵਕ ਸਾਗਰ–ਅੱਗ ਦਾ ਸਮੁੰਦਰ।ਅਥਾਹ–ਬੇਅੰਤ।ਤਾਰਹੁ–ਤਾਰ ਲੈ।ਤਾਰਨਹਾਰੇ–ਹੇ ਤਾਰਨ ਵਾਲੇ ਪ੍ਰਭੂ !।੧।ਮਾਧੌ–ਹੇ ਮਾਇਆ ਦੇ ਪਤੀ ਪ੍ਰਭੂ !।ਸਿਰਿ ਮੋਰਾ–ਮੇਰੇ ਸਿਰ ਉਤੇ।ਈਹਾ–ਇਸ ਲੋਕ ਵਿਚ।ਊਹਾ–ਉਸ ਲੋਕ ਵਿਚ।ਤੁਹਾਰੋ–ਤੇਰਾ।ਧੋਰਾ–ਆਸਰਾ।ਰਹਾਉ।ਕੀਤੇ ਕਉ–(ਪ੍ਰਭੂ ਦੇ) ਪੈਦਾ ਕੀਤੇ (ਪਦਾਰਥਾਂ) ਨੂੰ।ਮੇਰੈ–ਸੁਮੇਰ ਪਰਬਤ।ਸੰਮਾਨੈ–ਬਰਾਬਰ।ਕਰਣਹਾਰੁ–ਪੈਦਾ ਕਰਨ ਵਾਲੇ ਪ੍ਰਭੂ ਨੂੰ। ਤ੍ਰਿਣੁ–ਕੱਖ (ਤੀਲਾ)।ਮਾਗਨ ਕਉ–ਮੰਗਣ ਵਾਲੀ।ਸਗਲੀ–ਸਾਰੀ ਦੁਨੀਆਂ।ਦੇਹਿ–ਤੂੰ ਦੇਂਦਾ ਹੈ।ਭਾਨੈ–ਇੱਛਾ ਅਨੁਸਾਰ; ਖੁਸ਼ੀ ਨਾਲ।੨।ਖਿਨ ਮਹਿ–ਇਕ ਖਿਨ (ਥੋੜੇ ਸਮੇਂ) ਵਿਚ।ਅਵਰੁ–ਹੋਰ।ਅਚਰਜ–ਹੈਰਾਨ (ਵਿਸਮਾਦੀ ਹਾਲਤ ਪੈਦਾ) ਕਰਨ ਵਾਲੇ। ਚਲਤ–ਕੌਤਕ।ਰੂੜੋ–ਸੁੰਦਰ; ਉਤਮ।ਗੂੜੋ–ਗੁੱਝਾ (ਸੰਸਾਰ ਵਿਚ ਗੁਪਤ ਵਰਤਦਾ ਹੈ)।ਗਹਿਰ ਗੰਭੀਰੋ–ਡੂੰਘਾ ਤੇ ਅਡੋਲ (ਸ਼ਾਂਤ)। ਅਗਮ–(ਮਨ ਬਾਣੀ ਦੀ) ਪਹੁੰਚ ਤੋਂ ਪਰੇ।ਅਪਾਰੇ–ਬੇਅੰਤ; ਪਾਰ ਰਹਿਤ।੩।ਜਉ–ਜਦ।ਤੁਮਹਿ–ਤੈਂ।ਤਉ–ਤਦ।ਭਇਆ–ਹੋਇਆ।ਪੇਖਤ ਹੀ–ਦੇਖਦਿਆਂ ਹੀ।ਪਰਤਾਪ–ਬਲ; ਤੇਜ ਪ੍ਰਤਾਪ।ਪੁਰਖ–ਵਿਆਪਕ ਪ੍ਰਭੂ।ਨਿਰਬਾਣੀ–ਨਿਰਲੇਪ ਪ੍ਰਭੂ।੪।੭ ।੧੮।

ਸੋਰਿਠ ਮਹਲਾ ੫ ॥ ਹਮ ਸੰਤਨ ਕੀ ਰੇਨੁ ਪਿਆਰੇ, ਹਮ ਸੰਤਨ ਕੀ ਸਰਣਾ ॥ ਸੰਤ ਹਮਾਰੀ ਓਟ ਸਤਾਣੀ, ਸੰਤ ਹਮਾਰਾ ਗਹਣਾ ॥੧ ॥ ਹਮ ਸੰਤਨ ਸਿਉ ਬਣਿ ਆਈ ॥ ਪੂਰਬਿ ਲਿਖਿਆ ਪਾਈ ॥ ਇਹੁ ਮਨੁ ਤੇਰਾ ਭਾਈ ॥ਰਹਾਉ॥ ਸੰਤਨ ਸਿਉ ਮੇਰੀ ਲੇਵਾ ਦੇਵੀ, ਸੰਤਨ ਸਿਉ ਬਿਉਹਾਰਾ ॥ ਸੰਤਨ ਸਿਉ ਹਮ ਲਾਹਾ ਖਾਟਿਆ, ਹਰਿ ਭਗਤਿ ਭਰੇ ਭੰਡਾਰਾ ॥੨॥ ਸੰਤਨ ਮੋਕਉ ਪੂੰਜੀ ਸਉਪੀ, ਤਉ ਉਤਰਿਆ ਮਨ ਕਾ ਧੋਖਾ ॥ ਧਰਮਰਾਇ ਅਬ ਕਹਾ ਕਰੈਗੋ, ਜਉ ਫਾਟਿਓ ਸਗਲੋ ਲੇਖਾ ॥੩॥ ਮਹਾ ਅਨੰਦ ਭਏ ਸੁਖੁ ਪਾਇਆ, ਸੰਤਨ ਕੈ ਪਰਸਾਦੇ ॥ ਕਹੁ ਨਾਨਕ ਹਰਿ ਸਿਉ ਮਨੁ ਮਾਨਿਆ, ਰੰਗਿ ਰਤੇ ਬਿਸਮਾਦੇ ॥੪॥੮॥੧੯॥ ਹੇ ਪਿਆਰੇ ਪ੍ਰਭੂ ! ਅਸੀਂ ਸੰਤਾਂ (ਪਹਿਲੇ ਚਾਰ ਗੁਰੂਆਂ) ਦੇ ਚਰਨਾਂ ਦੀ ਧੂੜ ਹਾਂ ਅਤੇ ਅਸੀਂ ਸੰਤਾਂ ਦੀ ਸ਼ਰਣ ਵਿਚ ਪਏ ਹਾਂ।ਸੰਤ ਸਾਡੀ ਬਲ ਵਾਲੀ ਓਟ ਹੈ ਅਤੇ ਸੰਤ ਹੀ ਸਾਡਾ ਗਹਿਣਾ ਹੈ (ਸੰਤਾਂ ਕਰਕੇ ਸਾਡੀ ਸੋਭਾ ਹੈ)।੧।(ਹੇ ਪ੍ਰਭੂ ! ਤੇਰੇ) ਸੰਤਾਂ ਨਾਲ ਸਾਡੀ ਮਿਤ੍ਰਤਾ ਬਣ ਆਈ ਹੈ।ਪੂਰਬਲੇ ਕੀਤੇ ਕਰਮਾਂ ਅਨੁਸਾਰ (ਸੰਤਾਂ ਦੀ ਸੰਗਤ) ਪ੍ਰਾਪਤ ਹੋਈ ਹੈ।ਇਹ ਮਨ (ਹੁਣ) ਤੇਰਾ ਪਿਆਰਾ ਹੋ ਗਿਆ ਹੈ; ਹੇ ਪਿਆਰੇ ਪ੍ਰਭੂ ! ਇਹ ਮਨ ਹੁਣ ਤੇਰਾ ਬਣ ਗਿਆ ਹੈ।ਰਹਾਉ।ਸੰਤਾਂ ਨਾਲ ਹੀ ਮੇਰਾ ਲੈਣ ਦੇਣ ਹੈ ਅਤੇ ਸੰਤਾਂ ਨਾਲ ਹੀ ਮੇਰਾ

ਵਰਤ ਵਿਹਾਰ ਹੈ।ਸੰਤਾਂ ਨਾਲ (ਮਿਲ ਕੇ ਨਾਮ ਸਿਮਰਨ ਦਾ) ਅਸੀਂ ਲਾਹਾ ਖੱਟਿਆ ਹੈ, (ਜਿਸ ਕਰਕੇ ਸਾਡੇ ਹਿਰਦੇ ਰੂਪ) ਭੰਡਾਰ ਹਰੀ ਦੀ ਭਗਤੀ ਨਾਲ ਭਰ ਗਏ ਹਨ।੨।ਸੰਤਾਂ ਨੇ ਮੈਨੂੰ (ਜਦ ਨਾਮ ਦੀ) ਪੂੰਜੀ ਸੌਂਪੀ ਹੈ, ਤਾਂ ਮਨ ਦਾ ਫਿਕਰ ਲਹਿ ਗਿਆ।ਜਦ (ਨਾਮ ਸਿਮਰਨ ਕਰਕੇ ਮੇਰੇ ਕਰਮਾਂ ਦਾ) ਸਾਰਾ ਲੇਖਾ ਹੀ ਫਟ ਗਿਆ ਹੈ (ਲੇਖੇ ਵਾਲੇ ਸੰਸਕਾਰ ਹੀ ਮੁੱਕ ਗਏ ਹਨ), ਤਾਂ ਧਰਮਰਾਜ ਹੁਣ ਕੀ ਕਰ ਸਕੇਗਾ? (ਕੁਛ ਨਹੀਂ ਵਿਗਾੜ ਸਕੇਗਾ)।੩।ਸੰਤਾਂ ਦੀ ਕ੍ਰਿਪਾ ਨਾਲ (ਅਸੀਂ) ਮਹਾਨ ਅਨੰਦ ਸਹਿਤ ਹੋ ਗਏ ਹਾਂ ਤੇ ਸੁਖ ਪਾ ਲਿਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦੇ ਨਾਮ ਨਾਲ (ਸਾਡਾ) ਮਨ ਪਰਚ ਗਿਆ ਹੈ ਤੇ ਅਸਚਰਜ ਪ੍ਰੇਮ ਰੰਗ ਵਿਚ ਰੰਗੇ ਗਏ ਹਾਂ।੪।੮।੧੯।

ਪਦਾਰਥ = ਹਮ–ਅਸੀਂ।ਰੇਨੁ–ਚਰਨ ਧੂੜ।ਪਿਆਰੇ–ਹੇ ਪਿਆਰੇ ਪ੍ਰਭੂ!।ਹਮਾਰੀ–ਸਾਡੀ।ਸਤਾਣੀ–ਬਲ ਵਾਲੀ।੧।ਸੰਤਨ ਸਿਉ–ਸੰਤਾਂ ਨਾਲ।ਬਨਿ ਆਈ–ਮਿਤ੍ਰਤਾ ਬਣ ਆਈ ਹੈ।ਪੂਰਬਿ–ਪਿਛਲੇ ਜਨਮਾਂ ਦੇ ਕੀਤੇ ਕਰਮਾਂ ਅਨੁਸਾਰ।ਪਾਈ–ਪ੍ਰਾਪਤ ਹੋਈ ਹੈ।ਭਾਈ –ਪਿਆਰਾ ਹੋ ਗਿਆ ਹੈ; ਹੇ ਪਿਆਰੇ ਪ੍ਰਭੂ!।ਰਹਾਉ।ਲੇਵਾ ਦੇਵੀ–ਲੈਣ ਦੇਣ।ਬਿਉਹਾਰਾ–ਵਰਤ ਵਿਹਾਰ।ਲਾਹਾ ਖਾਟਿਆ–ਨਫਾ ਕਮਾਇਆ।ਭੰਡਾਰਾ–ਖਜਾਨੇ।੨।ਮੋਕਉ–ਮੈਨੂੰ।ਪੂੰਜੀ–ਧਨ ਦੀ ਰਾਸ਼ੀ।ਤਉ–ਤਦ।ਧੋਖਾ–ਫਿਕਰ; ਭਰਮ; ਡਰ।ਅਬ–ਹੁਣ।ਕਹਾ ਕਰੈਗੋ–ਕੀ ਕਰ ਸਕੇਗਾ।ਜਉ–ਜਦ।ਫਾਟਿਓ–ਫਟ ਗਿਆ।ਸਗਲੋ–ਸਾਰਾ।ਲੇਖਾ–ਕਰਮਾਂ ਦਾ ਹਿਸਾਬ।੩। ਭਏ–ਹੋਏ ਹਾਂ।ਪਰਸਾਦੇ –ਕ੍ਰਿਪਾ ਨਾਲ।ਮਨੁ ਮਾਨਿਆ–ਮਨ ਪਰਚ ਗਿਆ।ਰੰਗਿ ਰਤੇ–ਪ੍ਰੇਮ ਰੰਗ ਵਿਚ ਰੰਗੇ ਗਏ ਹਾਂ।ਬਿਸਮਾਦੇ–ਅਸਚਰਜ।੪।੮।੧੯।

ਸੋਰਠਿ ਮਹਲਾ ੫ ॥ ਜੇਤੀ ਸਮਗ੍ਰੀ ਦੇਖਹੁ ਰੇ ਨਰ, ਤੇਤੀ ਹੀ ਛਡਿ ਜਾਨੀ ॥ ਰਾਮ ਨਾਮ ਸੰਗਿ ਕਰਿ ਬਿਉਹਾਰਾ, ਪਾਵਹਿ ਪਦੁ ਨਿਰਬਾਨੀ ॥੧॥ ਪਿਆਰੇ ਤੂ ਮੇਰੋ ਸੁਖ ਦਾਤਾ ॥ ਗੁਰਿ ਪੂਰੈ ਦੀਆ ਉਪਦੇਸਾ, ਤੁਮਹੀ ਸੰਗਿ ਪਰਾਤਾ ॥ਰਹਾਉ॥ ਕਾਮ ਕ੍ਰੋਧ ਲੋਭ ਮੋਹ ਅਭਿਮਾਨਾ, ਤਾ ਮਹਿ ਸੁਖੁ ਨਹੀ ਪਾਈਐ ॥ ਹੋਹੁ ਰੇਨ ਤੂ ਸਗਲ ਕੀ ਮੇਰੇ ਮਨ, ਤਉ ਅਨਦ ਮੰਗਲ ਸੁਖੁ ਪਾਈਐ ॥੨॥ ਘਾਲ ਨ ਭਾਨੈ ਅੰਤਰ ਬਿਧਿ ਜਾਨੈ, ਤਾ ਕੀ ਕਰਿ ਮਨ ਸੇਵਾ ॥ ਕਰਿ ਪੂਜਾ ਹੋਮਿ ਇਹੁ ਮਨੂਆ, ਅਕਾਲ ਮੂਰਤਿ ਗੁਰਦੇਵਾ ॥੩॥ ਗੋਬਿਦ ਦਾਮੋਦਰ ਦਇਆਲ ਮਾਧਵੇ, ਪਾਰਬ੍ਰਹਮ ਨਿਰੰਕਾਰਾ ॥ ਨਾਮੁ ਵਰਤਣਿ ਨਾਮੋ ਵਾਲੇਵਾ, ਨਾਮੁ ਨਾਨਕ ਪ੍ਰਾਨ ਅਧਾਰਾ ॥੪॥੯॥੨੦॥ ਹੇ ਪੁਰਖੋ! ਜਿਤਨੀ ਸਮੱਗ੍ਰੀ ਤਸੀਂ ਦੇਖਦੇ ਹੋ, ਉਤਨੀ (ਸਾਰੀ ਸੰਸਾਰ ਵਿਚ) ਹੀ ਛਡ ਜਾਣੀ ਹੈ (ਪ੍ਰਲੋਕ ਵਿਚ ਤੁਹਾਡੇ ਨਾਲ ਨਹੀਂ ਜਾਣੀ।ਇਸ ਲਈ ਇਸ ਦਾ ਮੋਹ ਛਡ ਕੇ) ਰਾਮ ਦੇ ਨਾਮ ਨਾਲ ਵਿਹਾਰ ਕਰੋ (ਪ੍ਰਭੂ ਦਾ ਨਾਮ ਸਥਿਰ ਜਾਣੋ), ਤਾਂ ਤੁਸੀਂ ਮੁਕਤ ਪਦ ਪਾ ਲਵੋਂਗੇ।੧।ਹੇ ਪਿਆਰੇ ਪ੍ਰਭੂ! ਤੂੰ ਹੀ ਮੇਰੇ ਸੁੱਖਾਂ ਦਾ ਦਾਤਾ ਹੈਂ।ਪੂਰੇ ਗੁਰੂ ਨੇ (ਮੈਨੂੰ) ਉਪਦੇਸ਼ ਦਿਤਾ ਹੈ, (ਇਸ ਲਈ ਮੈਂ) ਤੇਰੇ ਨਾਲ ਚੰਗੀ ਤਰ੍ਹਾਂ ਜੁੜਿਆ ਹੋਇਆ ਹਾਂ।ਰਹਾਉ।ਕਾਮ ਕ੍ਰੋਧ ਲੋਭ ਮੋਹ ਤੇ ਅਭਿਮਾਨ ਆਦਿ ਜੋ ਵਿਕਾਰ ਹਨ, ਇਨ੍ਹਾਂ ਵਿਚ ਰਹਿ ਕੇ ਸੁਖ ਨਹੀਂ ਪਾਇਆ ਜਾ ਸਕਦਾ।ਹੇ ਮੇਰੇ ਮਨ! ਤੂੰ ਸਭ ਦੇ ਚਰਨਾਂ ਦੀ ਧੂੜ ਹੋ ਜਾਹ, ਤਦ ਤੂੰ ਆਤਮਕ ਅਨੰਦ, ਖੁਸ਼ੀ ਤੇ ਸੁਖ ਪਾ ਲਵੇਂਗਾ।੨।(ਪ੍ਰਭੂ ਕਿਸੇ ਜੀਵ ਦੀ) ਕੀਤੀ ਘਾਲ ਕਮਾਈ ਨੂੰ ਨਿਸਫਲ ਨਹੀਂ ਜਾਣ ਦੇਂਦਾ ਅਤੇ (ਹਰੇਕ ਜੀਵ ਦੇ) ਅੰਦਰ ਦੀ ਹਾਲਤ ਜਾਣਦਾ ਹੈ, ਹੇ ਮਨ! ਤੂੰ ਉਸ ਦੀ ਸੇਵਾ ਕਰਿਆ ਕਰ।ਅਕਾਲ ਪੁਰਖ ਦਾ ਸਰੂਪ ਗੁਰੂ ਜੋ ਹੈ, ਉਸਦੀ ਤੂੰ ਸੇਵਾ ਕਰ ਅਤੇ ਅਪਣੇ ਇਸ ਮਨ ਨੂੰ (ਗੁਰੂ ਦੇ) ਹਵਾਲੇ ਕਰ ਦੇ; ਇਸ ਮਨ ਨੂੰ ਹਵਨ ਕਰ ਦੇ (ਮਨ ਦੀਆਂ ਵਾਸ਼ਨਾਵਾਂ ਸਾੜ ਦੇ)।੩।ਨਾਨਕ ਗੁਰੂ ਜੀ ਆਖਦੇ ਹਨ ਕਿ ਗੋਬਿੰਦ, ਦਮੋਦਰ, ਦਇਆ ਦੇ ਘਰ, ਮਾਇਆ ਦੇ ਪਤੀ ਪਾਰਬ੍ਰਹਮ ਨਿਰੰਕਾਰ ਦਾ ਨਾਮ (ਮੇਰੇ) ਵਰਤੋਂ ਵਿਚ ਆਉਣ ਵਾਲੀ ਚੀਜ ਹੈ, ਨਾਮ ਹੀ (ਮੇਰਾ) ਧਨ ਪਦਾਰਥ ਹੈ ਅਤੇ ਨਾਮ ਹੀ (ਮੇਰੇ) ਪ੍ਰਾਣਾਂ ਦਾ ਆਸਰਾ ਹੈ।੪।੯।੨੦।

ਪਦਾਰਥ = ਜੇਤੀ–ਜਿਤਨੀ ਵੀ।ਸਮਗ੍ਰੀ–ਸਾਜੋ ਸਮਾਨ।ਰੇ ਨਰ–ਹੇ ਪੁਰਖੋ!।ਤੇਤੀ ਹੀ–ਉਤਨੀ ਹੀ।ਸੰਗਿ–ਨਾਲ।ਬਿਉਹਾਰਾ–ਮੇਲ ਜੋਲ।ਪਦੁ ਨਿਰਬਾਨੀ–ਮੁਕਤ ਪਦ।੧।ਪਿਆਰੇ–ਹੇ ਪਿਆਰੇ ਪ੍ਰਭੂ!।ਗੁਰਿ ਪੂਰੈ–ਪੂਰੇ ਗੁਰੂ ਨੇ।ਤੁਮਹੀ–ਤੇਰੇ।ਪਰਾਤਾ–ਜੁੜਿਆ (ਪ੍ਰੋਤਾ) ਹਾਂ; ਪ੍ਰੀਤਵਾਨ ਹੋਇਆ ਹਾਂ।ਰਹਾਉ।ਤਾ ਮਹਿ–ਇਨ੍ਹਾਂ ਵਿਚ।ਹੋਹੁ–ਹੋ ਜਾਹ।ਰੇਨ–ਚਰਨ ਧੂੜ।ਸਗਲ ਕੀ–ਸਭ ਦੀ।ਮੇਰੇ ਮਨ–ਹੇ ਮੇਰੇ ਮਨ!।ਤਉ–ਤਦ।ਮੰਗਲ–ਖੁਸ਼ੀ।੨।ਘਾਲ–ਮੇਹਨਤ; ਸੇਵਾ।ਨ ਭਾਨੈ–ਨਾਸ਼ ਨਹੀਂ ਹੋਣ ਦਿੰਦਾ (ਨਿਸਫਲ ਨਹੀਂ ਜਾਣ ਦੇਂਦਾ)।ਅੰਤਰ–ਅੰਦਰ ਦੀ।ਬਿਧਿ–ਹਾਲਤ।ਤਾ ਕੀ–ਉਸ ਦੀ।ਹੋਮਿ–ਹਵਨ ਕਰ ਦੇ; ਭੇਟਾ ਕਰ ਦੇ।ਅਕਾਲ ਮੂਰਤਿ–ਅਕਾਲ ਪੁਰਖ ਦਾ ਸਰੂਪ।ਗੁਰਦੇਵਾ–ਗੁਰੂ।੩।ਗੋਬਿਦ–ਪ੍ਰਿਥਵੀ ਦਾ ਮਾਲਕ।ਦਾਮੋਦਰ–ਜਿਸ ਦੇ ਪੇਟ ਦੁਆਲੇ ਰੱਸੀ ਬੰਨ੍ਹੀ ਹੋਈ ਹੈ (ਪ੍ਰਭੂ ਜਿਸ ਦੇ ਪੇਟ ਵਿਚ ਸਾਰਾ ਬ੍ਰਹਮੰਡ ਹੈ)।ਮਾਧਵ–ਮਾਇਆ ਦਾ ਪਤੀ ਪ੍ਰਭੂ।ਵਰਤਨਿ–ਹਰ ਰੋਜ ਵਰਤੋਂ ਵਿਚ ਆਉਣ ਵਾਲੀ ਚੀਜ।ਵਾਲੇਵਾ–

ਧਨ ਪਦਾਰਥ (ਵਰਤਣ ਵਾਲੀ ਸਮੱਗਰੀ)।ਪ੍ਰਾਨ ਅਧਾਰਾ-ਪ੍ਰਾਣਾਂ (ਜੀਵਨ) ਦਾ ਆਸਰਾ।੪।੯।੨੦।

ਸੋਰਠਿ ਮਹਲਾ ੫ ॥ ਮਿਰਤਕ ਕਉ ਪਾਇਓ ਤਨਿ ਸਾਸਾ, ਬਿਛੁਰਤ ਆਨਿ ਮਿਲਾਇਆ ॥ ਪਸੂ ਪਰੇਤ ਮੁਗਧ ਭਏ ਸ੍ਰੋਤੇ, ਹਰਿ ਨਾਮਾ ਮੁਖਿ ਗਾਇਆ ॥੧॥ ਪੂਰੇ ਗੁਰ ਕੀ ਦੇਖਿ ਵਡਾਈ ॥ ਤਾ ਕੀ ਕੀਮਤਿ ਕਹਣੁ ਨ ਜਾਈ ॥ਰਹਾਉ॥ ਦੂਖ ਸੋਗ ਕਾ ਢਾਹਿਓ ਡੇਰਾ, ਅਨਦ ਮੰਗਲ ਬਿਸਰਾਮਾ ॥ ਮਨ ਬਾਂਛਤ ਫਲ ਮਿਲੇ ਅਚਿੰਤਾ, ਪੂਰਨ ਹੋਏ ਕਾਮਾ ॥੨॥ ਈਹਾ ਸੁਖੁ ਆਗੈ ਮੁਖ ਊਜਲ, ਮਿਟਿ ਗਏ ਆਵਣ ਜਾਣੇ ॥ ਨਿਰਭਉ ਭਏ ਹਿਰਦੈ ਨਾਮੁ ਵਸਿਆ, ਅਪੁਨੇ ਸਤਿਗੁਰ ਕੈ ਮਨਿ ਭਾਣੇ ॥੩॥ ਊਠਤ ਬੈਠਤ ਹਰਿ ਗੁਣ ਗਾਵੈ, ਦੂਖੁ ਦਰਦੁ ਭ੍ਰਮੁ ਭਾਗਾ ॥ ਕਹੁ ਨਾਨਕ ਤਾ ਕੇ ਪੂਰ ਕਰੰਮਾ, ਜਾ ਕਾ ਗੁਰ ਚਰਨੀ ਮਨੁ ਲਾਗਾ ॥੪॥੧੦॥੨੧॥ (ਪੂਰੇ ਗੁਰੂ ਨੇ ਰੱਬ ਤੋਂ) ਵਿਛੜੇ ਜੀਵ ਨੂੰ ਲਿਆ ਕੇ ਹਰੀ ਨਾਲ ਮਿਲਾ ਦਿਤਾ ਹੈ, (ਇਹ ਮਾਨੋਂ) ਮੁਰਦੇ ਨੂੰ ਜਿਉਂਦਾ ਕਰਕੇ ਸਰੀਰ ਵਿਚ ਸੁਆਸ ਪਾ ਦਿਤੇ ਹਨ (ਆਤਮਕ ਤੌਰ ਤੇ ਮਰੇ ਹੋਏ ਮਨੁੱਖ ਨੂੰ ਜਿਉਂਦਾ ਕਰ ਦਿਤਾ)।ਜੋ ਪਸ਼ੂਆਂ ਪ੍ਰੇਤਾਂ ਵਾਂਗ ਮੂਰਖ ਮਨੁੱਖ ਸਨ, (ਉਹ ਗੁਰੂ ਦਾ ਉਪਦੇਸ਼) ਸੁਣਨ ਵਾਲੇ ਹੋ ਗਏ ਹਨ ਅਤੇ (ਉਹ) ਮੂੰਹ ਨਾਲ ਹਰੀ ਦਾ ਨਾਮ ਗਾਉਣ ਲਗ ਪਏ ਹਨ; ਜਦ ਗੁਰੂ ਨੇ ਹਰਿ ਨਾਮ ਮੂੰਹ ਤੋਂ ਗਾਇਆ ਤਾਂ ਪਸੂ, ਜਿੰਨ, ਮੂਰਖ ਸਭ ਧਿਆਨ ਨਾਲ ਸੁਣਨ ਲਗ ਪਏ (ਗੁਰੂ ਦੇ ਉਚਾਰਨ ਵਿਚ ਇੰਨੀ ਖਿੱਚ ਹੈ।ਸ਼ਬਦਾਰਥ)।੧।(ਹੇ ਭਾਈ!) ਪੂਰੇ ਗੁਰੂ ਦੀ ਵਡਿਆਈ ਦੇਖ।ਉਸ ਦੀ ਕੀਮਤ ਕਹੀ ਨਹੀਂ ਜਾ ਸਕਦੀ।ਰਹਾਉ।(ਜੋ ਮਨੁੱਖ ਗੁਰੂ ਦੀ ਸ਼ਰਣ ਵਿਚ ਆਇਆ ਹੈ, ਗੁਰੂ ਨੇ ਉਸ ਦੇ) ਦੁੱਖਾਂ ਤੇ ਸੋਗ ਦਾ ਡੇਰਾ ਢਾਹ ਦਿਤਾ, (ਇਨ੍ਹਾਂ ਦੀ ਥਾਂ ਤੇ) ਅਨੰਦ ਤੇ ਮੰਗਲ ਦਾ ਟਿਕਾਣਾ ਬਣਾ ਦਿਤਾ ਹੈ (ਦਿਲ ਵਿਚੋਂ ਦੁਖ ਤੇ ਸੋਗ ਦਾ ਡੇਰਾ ਢਹਿ ਗਿਆ ਤੇ ਅਨੰਦ ਮੰਗਲ ਦਾ ਡੇਰਾ ਲਗ ਗਿਆ ਹੈ।ਅਤੇ ਉਸ ਨੂੰ) ਅਚਨਚੇਤ ਮਨ ਬਾਂਛਤ ਫਲ ਮਿਲ ਗਏ ਹਨ ਅਤੇ (ਉਸ ਦੇ ਸਾਰੇ) ਕੰਮ ਪੂਰੇ ਹੋ ਗਏ ਹਨ।੨।(ਅਜੇਹੇ ਗੁਰਮੁਖਾਂ ਨੂੰ) ਇਸ ਲੋਕ ਵਿਚ (ਹਰ ਤਰ੍ਹਾਂ ਦਾ) ਸੁਖ ਮਿਲਦਾ ਹੈ ਤੇ ਅੱਗੇ ਪ੍ਰਲੋਕ ਵਿਚ ਵੀ ਮੂੰਹ ਉਜਲ ਹੁੰਦਾ ਹੈ, ਉਨ੍ਹਾਂ ਦੇ (ਜੋਨੀਆਂ ਵਿਚ) ਆਉਣ ਜਾਣ ਦੇ ਫੇਰੇ ਮਿਟ ਗਏ ਹਨ।(ਉਨ੍ਹਾਂ ਦੇ) ਹਿਰਦੇ ਵਿਚ ਹਰੀ ਦਾ ਨਾਮ ਵਸਿਆ ਹੋਇਆ ਹੈ, (ਜਿਸ ਕਰਕੇ ਉਹ ਮੌਤ ਦੇ) ਭੈ ਤੋਂ ਰਹਿਤ ਹੋ ਗਏ ਹਨ ਅਤੇ ਅਪਣੇ ਸਤਿਗੁਰੂ ਦੇ ਮਨ ਵਿਚ ਚੰਗੇ ਲਗਦੇ ਹਨ।੩।(ਅੰਨਵੇਂ ਅਖਰ) ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਦਾ ਮਨ ਗੁਰੂ ਦੇ ਚਰਨਾਂ ਵਿਚ ਜੁੜ ਗਿਆ ਹੈ, ਉਹ ਉਠਦਿਆਂ ਤੇ ਬੈਠਦਿਆਂ ਹਰੀ ਦੇ ਗੁਣ ਗਾਉਂਦਾ ਰਹਿੰਦਾ ਹੈ, (ਜਿਸ ਕਰਕੇ ਉਸ ਦਾ) ਦੁਖ, ਦਰਦ ਤੇ ਭਰਮ ਦੌੜ ਗਿਆ ਹੈ ਅਤੇ ਉਸ ਦੇ ਸਾਰੇ ਕੰਮ ਪੂਰੇ ਹੋ ਗਏ ਹਨ।੪।੧੦।੨੧।

ਪਦਾਰਥ = ਮਿਰਤਕ ਕਉ-ਮੁਰਦੇ ਨੂੰ।ਤਨਿ-ਸਰੀਰ ਵਿਚ।ਸਾਸਾ-ਸੁਆਸ।ਬਿਛੁਰਤ-ਵਿਛੜਿਆ ਹੋਇਆ।ਆਨਿ-ਲਿਆ ਕੇ। ਮੁਗਧ-ਮੂਰਖ।ਭਏ ਸ੍ਰੋਤੇ-ਸੁਣਨ ਵਾਲੇ ਹੋ ਗਏ।ਮੁਖਿ-ਮੂੰਹ ਨਾਲ।੧।ਤਾ ਕੀ-ਉਸ (ਵਡਿਆਈ) ਦੀ।ਕਹਣੁ-ਬਿਆਨ।ਰਹਾਉ। ਸੋਗ-ਗਮ।ਡੇਰਾ-ਟਿਕਾਣਾ।ਮੰਗਲ-ਖੁਸ਼ੀ।ਬਿਸਰਾਮਾ-ਟਿਕਾਣਾ; ਨਿਵਾਸ।ਮਨ ਬਾਂਛਤ-ਮਨ ਦਾ ਚਾਹਿਆ।ਅਚਿੰਤਾ-ਅਚਨਚੇਤ; ਨਿਰਯਤਨ।ਕਾਮਾ-ਕੰਮ।੨।ਈਹਾ-ਇਸ ਲੋਕ ਵਿਚ।ਆਗੈ-ਪ੍ਰਲੋਕ ਵਿਚ।ਆਵਣ ਜਾਣੇ-ਆਉਣ ਜਾਣ (ਜਨਮ ਮਰਨ) ਦੇ ਗੇੜੇ। ਨਿਰਭਉ-ਭੈ ਰਹਿਤ।ਭਏ-ਹੋ ਗਏ।ਹਿਰਦੈ-ਹਿਰਦੇ ਵਿਚ।ਕੈ-ਦੇ।ਮਨਿ-ਮਨ ਵਿਚ।ਭਾਣੇ-ਚੰਗੇ (ਪਿਆਰੇ) ਲਗਦੇ ਹਨ।੩। ਭਾਗਾ-ਦੌੜ (ਦੂਰ ਹੋ) ਗਿਆ।ਤਾ ਕੇ-ਉਸ ਦੇ।ਪੂਰ ਕਰੰਮਾ-ਕੰਮ ਪੂਰੇ ਹੋ ਗਏ।ਜਾ ਕਾ-ਜਿਸ ਦਾ।ਲਾਗਾ-ਜੁੜ ਗਿਆ।੪।੧੦ ।੨੧।

ਅਰਦਾਸ = ਹੇ ਸਤਿਗੁਰੂ ਪਾਤਸ਼ਾਹ! ਆਪ ਜੀ ਦੀ ਬਾਣੀ ਦੇ ਅਰਥ ਲਿਖਦਿਆਂ ਬੇਅੰਤ ਭੁੱਲਾਂ ਹੋਈਆਂ ਹੋਣਗੀਆਂ, ਕ੍ਰਿਪਾ ਕਰਕੇ ਮੁਆਫ ਕਰ ਦੇਣਾ ਜੀ।ਅੱਗੇ ਜੋ ਅਰਥ ਲਿਖਣੇ ਹਨ, ਉਹ ਕ੍ਰਿਪਾ ਕਰਕੇ ਸਿਰ ਤੇ ਹੱਥ ਰਖ ਕੇ ਸਹੀ ਅਰਥ ਲਿਖਵਾ ਲੈਣੇ ਜੀ।

ਦਾਸਨਿਦਾਸ : ਹਰਜਿੰਦਰ ਸਿੰਘ